29-SEP-PAGE-1.qxd 9/28/2023 10:26 PM Page 1

ਸ਼ੁੱਕਰਵਾਰ, 29 ਸਤੰਬਰ, 2023
13 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 119

# ਨਵਾਂ ਜ਼ਮਾਨਾ

DAILY NAWAN ZAMANA • FRIDAY, 29 SEPTEMBER, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਵਿਦੇਸ਼ੀ ਕਰਜ਼ਾ 629.1 ਅਰਬ ਡਾਲਰ

**ਮੁੰਬਈ** : ਭਾਰਤ ਦਾ ਵਿਦੇਸ਼ੀ ਕਰਜ਼ਾ ਜੂਨ 2023 ਦੇ ਅੰਤ ਵਿਚ ਵਧ ਕੇ 629.1 ਅਰਬ ਅਮਰੀਕੀ ਡਾਲਰ ਹੋ ਗਿਆ। ਭਾਰਤੀ ਰਿਜ਼ਰਵ ਬੈਂਕ ਵੱਲੋਂ ਵੀਰਵਾਰ ਜਾਰੀ ਅੰਕੜਿਆਂ ਮੁਤਾਬਕ ਕਰਜ਼ੇ 'ਚ 4.7 ਅਰਬ ਅਮਰੀਕੀ ਡਾਲਰ ਦਾ ਵਾਧਾ ਹੋਇਆ ਹੈ। ਮਾਰਚ ਦੇ ਅੰਤ 'ਚ ਇਹ 624.3 ਅਰਬ ਅਮਰੀਕੀ ਡਾਲਰ ਸੀ।

## ਦਿੱਲੀ 'ਚ ਸ਼ਰਾਰਤ

**ਨਵੀਂ ਦਿੱਲੀ** : ਦਿੱਲੀ ਪੁਲਸ ਨੇ ਕਸ਼ਮੀਰੀ ਗੇਟ ਫਲਾਈਓਵਰ ਦੇ ਹੇਠਾਂ ਦੀਵਾਰਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਮੁਤਾਬਕ ਵੀਡੀਓ ਸਾਹਮਣੇ ਆਇਆ ਸੀ, ਜਿਸ 'ਚ ਨਾਅਰੇ ਲਿਖੇ ਨਜ਼ਰ ਆ ਰਹੇ ਹਨ।

## ਗੋਲਡੀ ਬਰਾੜ ਕੈਲੀਫੋਰਨੀਆ 'ਚ



**ਨਵੀਂ ਦਿੱਲੀ** : ਭਾਰਤੀ ਖੁਫੀਆ ਏਜੰਸੀਆਂ ਦੇ ਨਵੇਂ ਡੋਜੀਅਰ 'ਚ ਖੁਲਾਸਾ ਕੀਤਾ ਗਿਆ ਹੈ ਕਿ ਅੱਤਵਾਦੀ-ਗੈਂਗਸਟਰ ਗੋਲਡੀ ਬਰਾੜ 15 ਅਗਸਤ 2017 ਨੂੰ ਭਾਰਤ ਤੋਂ ਕੈਨੇਡਾ ਪਹੁੰਚਿਆ ਅਤੇ ਬਾਅਦ 'ਚ ਅਮਰੀਕਾ ਭੱਜਣ 'ਚ ਕਾਮਯਾਬ ਹੋ ਗਿਆ। ਉਦੋਂ ਤੋਂ ਉਹ ਕੈਲੀਫੋਰਨੀਆ ਦੇ ਫਰਿਜ਼ਨੋ ਸ਼ਹਿਰ ਵਿਚ ਰਹਿ ਰਿਹਾ ਹੈ ਤੇ ਅਮਰੀਕਾ ਤੋਂ ਕਾਨੂੰਨੀ ਢੰਗ ਨਾਲ ਸ਼ਰਨ ਮੰਗ ਰਿਹਾ ਹੈ। ਏਜੰਸੀਆਂ ਤੋਂ ਬਚਣ ਲਈ ਬਰਾੜ ਐਨਕ੍ਰਿਪਟਡ ਕਮਿਊਨੀਕੇਸ਼ਨ ਐਪਸ ਦੀ ਵਰਤੋਂ ਕਰ ਰਿਹਾ ਹੈ।

## ਮਨੀਪੁਰ 'ਚ ਸਾੜਫੂਕ

**ਇੰਫਾਲ** : ਮਨੀਪੁਰ 'ਚ ਦੋ ਵਿਦਿਆਰਥੀਆਂ ਦੀ ਮੌਤ ਖਿਲਾਫ ਜਾਰੀ ਹਿੰਸਕ ਪ੍ਰਦਰਸ਼ਨ ਦੌਰਾਨ ਵੀਰਵਾਰ ਇੰਫਾਲ ਪੱਛਮੀ 'ਚ ਭੀੜ ਨੇ ਡੀ ਸੀ ਦਫਤਰ 'ਚ ਭੰਨਤੋੜ ਕੀਤੀ ਅਤੇ ਦੋ ਵਾਹਨਾਂ ਨੂੰ ਅੱਗ ਲਾ ਦਿੱਤੀ। ਬੁੱਧਵਾਰ ਰਾਤ ਉਰੀਪੋਕ, ਯਾਸਕੁਲ, ਸਗੋਲਬੰਦ ਅਤੇ ਟੇਰਾ ਖੇਤਰਾਂ 'ਚ ਪ੍ਰਦਰਸ਼ਨਕਾਰੀਆਂ ਦੀ ਸੁਰੱਖਿਆ ਬਲਾਂ ਨਾਲ ਝੜਪ ਹੋ ਗਈ, ਜਿਸ ਕਾਰਨ ਸੁਰੱਖਿਆ ਬਲਾਂ ਨੇ ਅੱਥਰੂ ਗੈਸ ਦੇ ਗੋਲੇ ਛੱਡੇ। ਪ੍ਰਦਰਸ਼ਨਕਾਰੀਆਂ ਨੇ ਸੁਰੱਖਿਆ ਬਲਾਂ ਨੂੰ ਰਿਹਾਇਸ਼ੀ ਇਲਾਕਿਆਂ 'ਚ ਦਾਖਲ ਹੋਣ ਤੋਂ ਰੋਕਣ ਲਈ ਟਾਇਰ ਸਾੜ ਕੇ ਸੜਕਾਂ ਜਾਮ ਕਰ ਦਿੱਤੀਆਂ। ਇਸ ਦੌਰਾਨ ਥੌਬਲ ਜ਼ਿਲ੍ਹੇ ਦੇ ਖੋਂਗਜਾਮ ਵਿਖੇ ਭਾਜਪਾ ਦੇ ਦਫਤਰ ਨੂੰ ਅੱਗ ਲਗਾ ਦਿੱਤੀ ਗਈ। ਇੰਫਾਲ ਪੂਰਬੀ ਅਤੇ ਇੰਫਾਲ ਪੱਛਮੀ ਜ਼ਿਲ੍ਹਿਆਂ 'ਚ ਕਰਫਿਊ ਮੁੜ ਲਾਗੂ ਕਰ ਦਿੱਤਾ ਗਿਆ ਹੈ।

## ਬਿਧੂੜੀ ਭਾਜਪਾ ਲਈ ਖਾਸ



**ਨਵੀਂ ਦਿੱਲੀ** : ਭਾਜਪਾ ਨੇ ਲੋਕ ਸਭਾ ਵਿਚ ਬਸਪਾ ਸਾਂਸਦ ਕੁੰਵਰ ਦਾਨਿਸ਼ ਅਲੀ ਨੂੰ ਗਾਲ੍ਹਾਂ ਕੱਢਣ ਵਾਲੇ ਆਪਣੇ ਦਿੱਲੀ ਦੇ ਸਾਂਸਦ ਰਮੇਸ਼ ਬਿਧੂੜੀ ਨੂੰ ਰਾਜਸਥਾਨ ਅਸੰਬਲੀ ਚੋਣਾਂ ਲਈ ਟੋਂਕ ਇਲਾਕੇ ਦਾ ਇੰਚਾਰਜ ਬਣਾ ਦਿੱਤਾ ਹੈ। ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਬਿਧੂੜੀ ਨੂੰ ਨਫਰਤ ਫੈਲਾਉਣ ਲਈ ਵੱਡਾ ਇਨਾਮ ਦਿੱਤਾ ਗਿਆ ਹੈ। ਟੋਂਕ ਵਿਚ ਮੁਸਲਮ ਆਬਾਦੀ 29.25 ਫੀਸਦੀ ਹੈ। ਨਫਰਤ ਨੂੰ ਸਿਆਸੀ ਫਾਇਦੇ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਤ੍ਰਿਣਮੂਲ ਕਾਂਗਰਸ ਦੀ ਸਾਂਸਦ ਮਹੂਆ ਮੋਇਤਰਾ ਨੇ ਕਿਹਾ—ਜਿਸ ਵਿਅਕਤੀ ਨੂੰ ਪਾਰਟੀ ਨੇ ਕਾਰਨ ਦੱਸੋ ਨੋਟਿਸ ਦਿੱਤਾ ਹੋਵੇ, ਉਸ ਨੂੰ ਨਵੀਂ ਜ਼ਿੰਮੇਵਾਰੀ ਕਿਵੇਂ ਦਿੱਤੀ ਜਾ ਸਕਦੀ ਹੈ? ਮੋਦੀ ਜੀ, ਕੀ ਇਹੀ ਤੁਹਾਡੇ ਘੱਟ ਗਿਣਤੀਆਂ ਪ੍ਰਤੀ ਸਨੇਹ ਤੇ ਪਿਆਰ ਦਾ ਪ੍ਰਸਾਰ ਹੈ? ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਕਿਹਾ—ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਇਹ ਸਭ ਇਨ੍ਹਾਂ ਦਾ ਬਕਵਾਸ ਹੈ।

## 100 ਕਰੋੜੀ ਸ਼ੇਅਰ ਬਾਬਾ



**ਨਵੀਂ ਦਿੱਲੀ** : ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਚ ਇੱਕ ਬਜ਼ੁਰਗ ਦਿਖਾਈ ਦੇ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਇਸ ਬਜ਼ੁਰਗ ਕੋਲ 100 ਕਰੋੜ ਰੁਪਏ ਤੋਂ ਜ਼ਿਆਦਾ ਦੇ ਸ਼ੇਅਰ ਹਨ। ਉਸ ਦੇ ਕੋਲ ਕਥਿਤ ਤੌਰ 'ਤੇ ਐੱਲ ਐਂਡ ਟੀ ਦੇ 80 ਕਰੋੜ ਰੁਪਏ ਦੇ ਸ਼ੇਅਰ, ਅਲਟ੍ਰਾਟੈਕ ਸੀਮੈਂਟ ਦੇ 21 ਕਰੋੜ ਰੁਪਏ ਦੇ ਸ਼ੇਅਰ ਅਤੇ ਕਰਨਾਟਕ ਬੈਂਕ ਦੇ 1 ਕਰੋੜ ਰੁਪਏ ਦੇ ਸ਼ੇਅਰ ਹਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਉਸ ਕੋਲ 102 ਕਰੋੜ ਰੁਪਏ ਦੇ ਸ਼ੇਅਰ ਹਨ।

## 10 ਲੱਖ ਵੀਜ਼ਿਆਂ ਦਾ ਟੀਚਾ ਪੂਰਾ

**ਨਵੀਂ ਦਿੱਲੀ** : ਭਾਰਤ 'ਚ ਅਮਰੀਕੀ ਮਿਸ਼ਨ ਨੇ ਵੀਰਵਾਰ ਇਸ ਸਾਲ 10 ਲੱਖ ਗੈਰ-ਪਰਵਾਸੀ ਵੀਜ਼ੇ ਦੇਣ ਦਾ ਆਪਣਾ ਟੀਚਾ ਪੂਰਾ ਕਰ ਲਿਆ। ਰਾਜਦੂਤ ਐਰਿਕ ਗਾਰਸੇਟੀ ਨੇ ਨਿੱਜੀ ਤੌਰ 'ਤੇ ਇੱਕ ਜੋੜੇ ਨੂੰ 10 ਲੱਖਵਾਂ ਵੀਜ਼ਾ ਸੌਂਪਿਆ, ਜੋ ਅਮਰੀਕਾ 'ਚ ਆਪਣੇ ਬੇਟੇ ਦੇ ਗ੍ਰੈਜੂਏਸ਼ਨ ਸਮਾਗਮ 'ਚ ਸ਼ਾਮਲ ਹੋਵੇਗਾ। ਲੇਡੀ ਹਾਰਡਿੰਗ ਕਾਲਜ ਦੀ ਸੀਨੀਅਰ ਸਲਾਹਕਾਰ ਡਾ. ਰੰਜੂ ਸਿੰਘ ਤੇ ਉਸ ਦੇ ਪਤੀ ਪੁਨੀਤ ਦਰਗਨ ਮਈ 2024 'ਚ ਅਮਰੀਕਾ ਦੀ ਯਾਤਰਾ ਕਰਨਗੇ।

# ਖਹਿਰਾ ਅੱਠ ਸਾਲ ਪੁਰਾਣੇ ਡਰੱਗ ਕੇਸ 'ਚ ਗ੍ਰਿਫ਼ਤਾਰ



**ਚੰਡੀਗੜ੍ਹ** : ਪੰਜਾਬ ਪੁਲਸ ਨੇ ਪੰਜਾਬ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਗ੍ਰਿਫ਼ਤਾਰ ਕਰ ਲਿਆ। ਪੰਜਾਬ ਦੇ ਭੁਲੱਥ ਤੋਂ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਵੀਰਵਾਰ ਕਰੀਬ ਪੰਜ ਵਜੇ ਜਲਾਲਾਬਾਦ ਪੁਲਸ ਨੇ ਗ੍ਰਿਫ਼ਤਾਰ ਕੀਤਾ। ਸਵੇਰੇ ਹੋਈ ਇਸ ਕਾਰਵਾਈ ਨਾਲ ਪੰਜਾਬ ਦੀ ਸਿਆਸਤ ਗਰਮਾ ਗਈ। ਕਾਂਗਰਸ ਨੇ ਸਰਕਾਰ 'ਤੇ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰਨ ਦਾ ਦੋਸ਼ ਲਾਇਆ ਹੈ। ਜਲਾਲਾਬਾਦ ਪੁਲਸ ਖਹਿਰਾ ਨੂੰ ਫੜਨ ਉਨ੍ਹਾ ਦੇ ਚੰਡੀਗੜ੍ਹ ਸਥਿਤ ਨਿਵਾਸ 'ਤੇ ਪਹੁੰਚੀ ਸੀ। ਪੁਲਸ ਨੇ ਦੱਸਿਆ ਕਿ ਉਨ੍ਹਾ ਖਿਲਾਫ਼ ਇੱਕ ਪੁਰਾਣਾ ਐੱਨ ਡੀ ਪੀ ਐੱਸ ਐਕਟ ਕੇਸ ਸੀ, ਇਸ 'ਤੇ ਕਾਰਵਾਈ ਕਰਦੇ ਹੋਏ ਉਨ੍ਹਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਾਣਕਾਰੀ ਮੁਤਾਬਕ ਜਦ ਜਲਾਲਾਬਾਦ ਪੁਲਸ ਖਹਿਰਾ ਦੇ ਚੰਡੀਗੜ੍ਹ ਸਥਿਤ ਨਿਵਾਸ ਸਥਾਨ 'ਤੇ ਪਹੁੰਚੀ ਤਾਂ ਖਹਿਰਾ ਨੇ ਇਸ ਗ੍ਰਿਫ਼ਤਾਰੀ 'ਤੇ ਇਤਰਾਜ਼ ਪ੍ਰਗਟ ਕੀਤਾ। ਉਨ੍ਹਾ ਦਾ ਕਹਿਣਾ ਸੀ ਕਿ ਪੁਲਸ ਪਹਿਲਾਂ ਉਨ੍ਹਾ ਨੂੰ ਵਰੰਟੇ ਦਿਖਾਵੇ, ਉਸ ਤੋਂ ਬਾਅਦ ਹੀ ਉਸ ਨੂੰ ਗ੍ਰਿਫ਼ਤਾਰ ਕਰ ਸਕਦੇ ਹਨ। ਇਸ ਗੱਲ 'ਤੇ ਪੁਲਸ ਅਤੇ ਖਹਿਰਾ ਵਿਚਾਲੇ ਤੂੰ-ਤੂੰ, ਮੈਂ-ਮੈਂ ਹੋਈ। ਇਸ ਪੂਰੇ ਮਾਮਲੇ ਦਾ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਤੋਂ ਬਾਅਦ ਖਹਿਰਾ ਨੇ ਕਿਹਾ ਕਿ ਇਹ ਸਾਰੀ ਕਾਰਵਾਈ

● ਬਾਕੀ ਸਫ਼ਾ 2 'ਤੇ

# 'ਬਨੇਗਾ' ਤੇ ਛੁਟੇਰੀ ਕੰਮ ਦਿਹਾੜੀ ਦੀ ਪ੍ਰਾਪਤੀ ਲਈ ਤਿੱਖੇ ਸੰਘਰਸ਼ ਦਾ ਸੱਦਾ





**ਜਲੰਧਰ (ਰਾਜੇਸ਼ ਥਾਪਾ)**-ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਸਰਬ ਭਾਰਤ ਨੌਜਵਾਨ ਸਭਾ ਪੰਜਾਬ ਦੇ ਸੱਦੇ 'ਤੇ ਵੀਰਵਾਰ ਇਥੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਵਿੱਚ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਜੰਗੇ ਆਜ਼ਾਦੀ ਦੇ ਮਹਾਨ ਸ਼ਹੀਦ ਪਰਮਗੁਣੀ ਭਗਤ ਸਿੰਘ ਦੇ 116 ਸਾਲਾ ਜਨਮ ਦਿਨ 'ਤੇ ਸਭ ਲਈ ਰੁਜ਼ਗਾਰ ਦੀ ਗਾਰੰਟੀ ਲਈ 'ਬਨੇਗਾ' ਭਾਵ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ', ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ, ਹਰ ਇਕ ਲਈ ਮੁਫ਼ਤ, ਲਾਜ਼ਮੀ ਅਤੇ ਵਿਗਿਆਨਕ ਵਿੱਦਿਆ, ਹਰ ਇਕ ਲਈ ਮੁਫ਼ਤ ਇਲਾਜ, ਮਨੁੱਖਾ ਸ਼ਕਤੀ ਦੀ ਮੁਕੰਮਲ ਯੋਜਨਾਬੰਦੀ, ਬਲਾਕ ਪੱਧਰ 'ਤੇ ਸੱਭਿਆਚਾਰਕ ਸਰਗਰਮੀਆਂ ਦੇ ਕੇਂਦਰ ਸ਼ਹੀਦ ਭਗਤ ਸਿੰਘ ਭਵਨਾਂ ਦੀ ਉਸਾਰੀ, ਪੰਜਾਬ ਦੇ ਦਰਿਆਈ ਪਾਣੀਆਂ ਦਾ ਭੰਡਾਰਨ, ਲਾਹੇਵੰਦ ਖੇਤੀ ਨੀਤੀ ਅਤੇ ਨਸ਼ਿਆਂ ਦੀ ਰੋਕਥਾਮ ਲਈ ਹਜ਼ਾਰਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਵਿਸ਼ਾਲ ਵਲੰਟੀਅਰ ਸੰਮੇਲਨ ਅਤੇ ਮਾਰਚ ਕੀਤਾ ਗਿਆ, ਜਿਸ ਵਿੱਚ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਨੌਜਵਾਨ, ਵਿਦਿਆਰਥੀ ਅਤੇ ਆਮ ਲੋਕ ਇਨਕਲਾਬੀ ਜਾਹੋ-ਜਲਾਲ ਨਾਲ ਸ਼ਾਮਲ ਹੋਏ।

ਇਸ ਵਲੰਟੀਅਰ ਸੰਮੇਲਨ ਅਤੇ ਮਾਰਚ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕੀਤੀ। ਸੰਮੇਲਨ ਵਿਚ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਸਾਥੀ ਜਗਰੂਪ ਸਿੰਘ, ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਕੌਮੀ ਪ੍ਰਧਾਨ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਾਬਕਾ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਅਤੇ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

● ਬਾਕੀ ਸਫ਼ਾ 2 'ਤੇ

## ਨਿਸ਼ਾਨੇਬਾਜ਼ੀ 'ਚ ਇਕ ਹੋਰ ਸੋਨ ਤਮਗਾ



**ਹਾਂਗਜ਼ੂ** : ਭਾਰਤ ਦੀ ਪੁਰਸ਼ 10 ਮੀਟਰ ਏਅਰ ਪਿਸਟਲ ਟੀਮ ਨੇ ਵੀਰਵਾਰ ਏਸ਼ੀਅਨ ਖੇਡਾਂ 'ਚ ਸੋਨ ਤਮਗਾ ਜਿੱਤ ਲਿਆ, ਪਰ ਵਿਅਕਤੀਗਤ ਮੁਕਾਬਲੇ ਦੇ ਫਾਈਨਲ 'ਚ ਥਾਂ ਬਣਾਉਣ ਵਾਲੇ ਦੇਸ਼ ਦੇ ਦੋਵੇਂ ਨਿਸ਼ਾਨੇਬਾਜ਼ ਤਮਗੇ ਜਿੱਤਣ 'ਚ ਨਾਕਾਮ ਰਹੇ। ਸਰਬਜੋਤ ਸਿੰਘ, ਅਰਜੁਨ ਸਿੰਘ ਚੀਮਾ ਅਤੇ ਸ਼ਿਵ ਨਰਵਾਲ ਨੇ ਚੀਨ ਦੀ ਟੀਮ ਨੂੰ ਬੇਹੱਦ ਕਰੀਬੀ ਮੈਚ 'ਚ ਹਰਾ ਕੇ ਸਿਖਰਲਾ ਸਥਾਨ ਹਾਸਲ ਕੀਤਾ ਅਤੇ ਭਾਰਤ ਨੂੰ ਨਿਸ਼ਾਨੇਬਾਜ਼ੀ ਵਿੱਚ ਚੌਥਾ ਸੋਨ ਤਮਗਾ ਦਿਵਾਇਆ।

# ਹਰੀ ਕ੍ਰਾਂਤੀ ਦੇ ਜਨਮਦਾਤਾ ਨਹੀਂ ਰਹੇ



**ਨਵੀਂ ਦਿੱਲੀ** : ਭਾਰਤ ਦੇ ਮਹਾਨ ਖੇਤੀ ਵਿਗਿਆਨੀ ਐੱਮ ਐੱਸ ਸਵਾਮੀਨਾਥਨ ਦਾ ਵੀਰਵਾਰ ਨੂੰ ਦੇਹਾਂਤ ਹੋ ਗਿਆ। ਤਾਮਿਲਨਾਡੂ ਦੀ ਰਾਜਧਾਨੀ ਚੇਨਈ 'ਚ ਸਵੇਰੇ 12 ਵਜੇ ਉਨ੍ਹਾ ਆਖਰੀ ਸਾਲ ਲਿਆ। ਉਨ੍ਹਾ ਦਾ ਜਨਮ 7 ਅਗਸਤ 1925 ਨੂੰ ਹੋਇਆ ਸੀ। ਸਵਾਮੀਨਾਥ ਨੇ 98 ਸਾਲ ਦੀ ਉਮਰ 'ਚ ਦੁਨੀਆ ਨੂੰ ਅਲਵਿਦਾ ਕਿਹਾ। ਉਨ੍ਹਾ ਨੂੰ ਭਾਰਤ 'ਚ ਹਰੀ ਕ੍ਰਾਂਤੀ ਦੇ ਜਨਮਦਾਤਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਸਵਾਮੀਨਾਥਨ ਡਿਪਾਰਟਮੈਂਟ ਆਫ਼ ਐਗਰੀਕਲਚਰ ਦੇ ਵਿਗਿਆਨੀ ਸਨ। ਉਨ੍ਹਾ 1972 ਤੋਂ ਲੈ ਕੇ 1979 ਤੱਕ 'ਇੰਡੀਅਨ ਕਾਊਂਸਲ ਆਫ਼ ਐਗਰੀਕਲਚਰਲ ਰਿਸਰਚ' ਦੇ ਪ੍ਰਧਾਨ ਦੇ ਤੌਰ 'ਤੇ ਵੀ ਕੰਮ ਕੀਤੀ। ਖੇਤੀ ਖੇਤਰ 'ਚ ਉਨ੍ਹਾ ਦੇ ਵੱਡੇ ਯੋਗਦਾਨ ਲਈ ਭਾਰਤ ਸਰਕਾਰ ਨੇ ਉਨ੍ਹਾ ਨੂੰ ਪਦਮਭੂਸ਼ਣ ਨਾਲ ਨਿਵਾਜਿਆ ਸੀ। ਸਵਾਮੀਨਾਥਨ ਦੀ ਗਿਣਤੀ ਭਾਰਤ ਦੇ ਮਹਾਨ ਖੇਤੀ ਵਿਗਿਆਨੀਆਂ ਦੇ ਤੌਰ 'ਤੇ ਹੁੰਦੀ ਹੈ, ਜਿਨ੍ਹਾ ਚੌਲ ਦੀ ਇਸ ਤਰ੍ਹਾਂ ਦੀ ਕਿਸਮ ਤਿਆਰ ਕੀਤੀ, ਜਿਸ ਨੇ ਭਾਰਤ ਦੇ ਘੱਟ ਆਮਦਨ ਵਾਲੇ ਕਿਸਾਨਾਂ ਨੂੰ ਜ਼ਿਆਦਾ ਫਸਲ ਪੈਦਾ ਕਰਨ ਦੇ ਕਾਬਲ ਬਣਾਇਆ। ਸਵਾਮੀਨਾਥਨ ਨੂੰ ਭਾਰਤ 'ਚ ਹਰੀ ਕ੍ਰਾਂਤੀ ਦਾ ਜਨਮਦਾਤਾ ਕਿਹਾ ਜਾਂਦਾ ਹੈ। ਉਹ ਪਹਿਲੇ ਇਸ ਤਰ੍ਹਾਂ ਦੇ ਵਿਅਕਤੀ ਹਨ, ਜਿਨ੍ਹਾ ਨੇ ਸਭ ਤੋਂ ਪਹਿਲਾਂ ਕਣਕ ਦੀ ਇੱਕ ਬੇਹਤਰੀਨ ਕਿਸਮ ਨੂੰ ਪਛਾਣਿਆ ਅਤੇ ਸਵੀਕਾਰ ਕੀਤਾ। ਇਸ ਕਾਰਨ ਭਾਰਤ 'ਚ ਕਣਕ ਉਤਪਾਦਨ 'ਚ ਭਾਰੀ ਵਾਧਾ ਹੋਇਆ। ਸਵਾਮੀਨਾਥਨ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ, ਇਨ੍ਹਾਂ 'ਚ ਪਦਮਸ਼੍ਰੀ (1667), ਪਦਮਭੂਸ਼ਣ (1972), ਪਦਮਵਿਭੂਸ਼ਣ (1989), ਮੈਗਸਾਸੇ ਪੁਰਸਕਾਰ (1971) ਅਤੇ ਵਿਸ਼ਵ ਖਾਧ ਪੁਰਸਕਾਰ (1987) ਮਹੱਤਵਪੂਰਨ ਹੈ। ਉਨ੍ਹਾ ਕਿਸਾਨਾਂ ਦੇ ਹਾਲਾਤ ਉਧਾਰਨ ਅਤੇ ਖੇਤੀ ਨੂੰ ਬੜ੍ਹਾਵਾ ਦੇਣ ਲਈ ਸਿਫਾਰਸ਼ਾਂ ਕੀਤੀਆਂ ਸਨ, ਪਰ ਹੁਣ ਤੱਕ ਉਨ੍ਹਾ ਦੀਆਂ ਇਹ ਸਿਫਾਰਸ਼ਾਂ ਪੂਰਨ ਰੂਪ ਨਾਲ ਲਾਗੂ ਨਹੀਂ ਹੋ ਸਕੀਆਂ। ਹਾਲਾਂਕਿ ਸਰਕਾਰਾਂ ਦਾ ਕਹਿਣਾ ਹੈ ਕਿ ਉਨ੍ਹਾ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰ ਦਿੱਤਾ, ਪਰ ਸੱਚਾਈ ਤਾਂ ਇਹ ਹੈ ਕਿ ਹਾਲੇ ਤੱਕ ਇਸ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਨਹੀਂ ਕੀਤਾ ਜਾ ਸਕਿਆ। ਕਿਸਾਨ ਵਾਰ-ਵਾਰ ਅੰਦੋਲਨਾਂ ਜ਼ਰੀਏ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਾਉਣ ਦੀ ਮੰਗ ਕਰਦੇ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਸਿੱਧ ਖੇਤੀਬਾੜੀ ਅਰਥ ਸ਼ਾਸਤਰੀ ਡਾ. ਐੱਮ ਐੱਸ ਸਵਾਮੀਨਾਥਨ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਪਣੇ

● ਬਾਕੀ ਸਫ਼ਾ 2 'ਤੇ

## ਸਿਆਸੀ ਰੰਦਾ ਚਲਾਉਣ ਦੀ ਪ੍ਰੈਕਟਿਸ



**ਨਵੀਂ ਦਿੱਲੀ** : ਕਾਂਗਰਸ ਸਾਂਸਦ ਰਾਹੁਲ ਗਾਂਧੀ ਵੀਰਵਾਰ ਦਿੱਲੀ ਦੇ ਕੀਰਤੀ ਨਗਰ ਫਰਨੀਚਰ ਮਾਰਕੀਟ ਪਹੁੰਚੇ। ਇੱਥੇ ਉਨ੍ਹਾ ਕੁਰਸੀ ਬਣਾਉਣੀ ਸਿੱਖੀ। ਇਸ ਦੌਰਾਨ ਉਹਨਾ ਲੱਕੜੀ 'ਤੇ ਆਰੀ ਅਤੇ ਰੰਦਾ ਚਲਾਉਣਾ ਸਿੱਖਿਆ। ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਦੀ ਰਣਨੀਤੀ ਤਹਿਤ ਰਾਹੁਲ ਗਾਂਧੀ ਮਹਿੰਗਾਈ ਦੇ ਸਤਾਏ ਵੱਖ-ਵੱਖ ਕਿੱਤਾਕਾਰਾਂ ਨੂੰ ਮਿਲ ਰਹੇ ਹਨ। ਰੰਦਾ ਚਲਾ ਕੇ ਉਨ੍ਹਾ ਸਿਆਸੀ ਧਾਰ ਤੇਜ਼ ਕੀਤੀ।

## ਬਲਾਵਾਲ ਨੂੰ ਹੁਣ ਮਨੀਪੁਰ ਦੀ ਕਮਾਨ

**ਇੰਫਾਲ** : ਮਨੀਪੁਰ 'ਚ ਹਿੰਸ ਦਾ ਦਾ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ। ਜੁਲਾਈ 'ਚ ਗੁੰਮ ਹੋਏ ਦੋ ਵਿਦਿਆਰਥੀਆਂ ਦੀ ਇਸ ਹਫ਼ਤੇ ਹੱਤਿਆ 'ਤੇ ਹਿੰਸਾ ਫਿਰ ਭੜਕ ਗਈ। ਭੀੜ ਨੇ ਇੰਫਾਲ 'ਚ ਡਿਪਟੀ ਕਮਿਸ਼ਨਰ ਦੇ ਦਫ਼ਤਰ 'ਚ ਤੋੜਫੋੜ ਕੀਤੀ ਅਤੇ ਕਈ ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਸੂਬੇ 'ਚ ਇੱਕ ਵਾਰ ਫਿਰ ਵਿਗੜਦੇ ਹਾਲਾਤ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਸ੍ਰੀਨਗਰ ਦੇ ਟਾਪ ਪੁਲਸ ਅਧਿਕਾਰੀ ਰਾਕੇਸ਼ ਬਲਾਵਾਲ ਨੂੰ ਮਨੀਪੁਰ 'ਚ ਵਾਪਸ ਭੇਜਣ ਦਾ ਆਦੇਸ਼ ਦਿੱਤਾ ਹੈ। ਆਈ ਪੀ ਐੱਸ ਰਾਕੇਸ਼ ਬਲਾਵਾਲ ਹੁਣ ਜੰਮੂ-ਕਸ਼ਮੀਰ ਦੇ ਸ੍ਰੀਨਗਰ 'ਚ ਐੱਸ ਐੱਸ ਪੀ ਦੇ ਤੌਰ 'ਤੇ ਤਾਇਨਾਤ ਹਨ। ਉਹ ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਐੱਨ ਆਈ ਏ ਟੀਮ ਦਾ ਹਿੱਸਾ ਸਨ।

# ਕਿਸਾਨਾਂ ਵੱਲੋਂ ਰੇਲ ਰੋਕੋ ਅੰਦੋਲਨ ਸ਼ੁਰੂ



**ਚੰਡੀਗੜ੍ਹ** : ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਵਿੱਤੀ ਪੈਕੇਜ ਸਮੇਤ ਵੱਖ-ਵੱਖ ਮੰਗਾਂ ਲਈ ਵੀਰਵਾਰ ਤੋਂ ਪੰਜਾਬ 'ਚ ਤਿੰਨ ਦਿਨ ਤੱਕ ਰੇਲ ਰੋਕੋ ਅੰਦੋਲਨ ਸ਼ੁਰੂ ਕਰ ਦਿੱਤਾ। ਉਨ੍ਹਾਂ ਮੋਗਾ, ਹੁਸ਼ਿਆਰਪੁਰ, ਗੁਰਦਾਸਪੁਰ, ਜਲੰਧਰ, ਤਰਨ ਤਾਰਨ, ਸੰਗਰੂਰ, ਪਟਿਆਲਾ, ਫਿਰੋਜ਼ਪੁਰ, ਬਠਿੰਡਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ 'ਚ ਰੇਲਾਂ ਰੋਕੀਆਂ। ਅੰਮ੍ਰਿਤਸਰ 'ਚ ਦੇਵੀਦਾਸਪੁਰਾ 'ਚ ਅੰਮ੍ਰਿਤਸਰ-ਦਿੱਲੀ ਰੇਲਵੇ ਟਰੈਕ 'ਤੇ ਕਿਸਾਨ ਧਰਨਾ ਦੇ ਰਹੇ ਸਨ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਬੀ ਕੇ ਯੂ (ਏਕਤਾ ਆਜ਼ਾਦ), ਆਜ਼ਾਦ ਕਿਸਾਨ ਕਮੇਟੀ ਦੋਆਬਾ, ਬੀ ਕੇ ਯੂ (ਬਹਿਰਾਮਕੇ), ਬੀ ਕੇ ਯੂ (ਸ਼ਹੀਦ ਭਗਤ ਸਿੰਘ) ਅਤੇ ਬੀ ਕੇ ਯੂ (ਛੋਟੂ ਰਾਮ) ਸਮੇਤ ਕਈ ਕਿਸਾਨ ਜਥੇਬੰਦੀਆਂ ਇਸ ਅੰਦੋਲਨ ਦਾ ਹਿੱਸਾ ਹਨ।

## ਕੋਟਾ 'ਚ ਨਹੀਂ ਰੁਕ ਰਹੀਆਂ ਖੁਦਕੁਸ਼ੀਆਂ

### *ਹੁਣ ਯੂ ਪੀ ਦੇ ਵਿਦਿਆਰਥੀ ਨੇ ਖ਼ਤਮ ਕੀਤੀ ਜ਼ਿੰਦਗੀ*

**ਕੋਟਾ** : ਰਾਜਸਥਾਨ ਦੇ ਕੋਟਾ 'ਚ ਇੱਕ ਹੋਰ ਵਿਦਿਆਰਥੀ ਨੇ ਮੌਤ ਨੂੰ ਗਲੇ ਲਾ ਲਿਆ। ਮ੍ਰਿਤਕ ਵਿਦਿਆਰਥੀ ਯੂ ਪੀ ਦੇ ਮਹਾਰਾਜਾਗੰਜ ਜ਼ਿਲ੍ਹੇ ਦਾ ਰਹਿਣ ਵਾਲਾ ਸੀ। 12ਵੀਂ ਕਲਾਸ ਪਾਸ ਕਰਨ ਤੋਂ ਬਾਅਦ ਉਹ ਨੀਟ ਦੀ ਤਿਆਰੀ ਕਰ ਰਿਹਾ ਸੀ। ਮ੍ਰਿਤਕ ਦੀ ਪਛਾਣ ਤਨਵੀਰ ਖਾਨ ਦੇ ਤੌਰ 'ਤੇ ਹੋਈ ਹੈ। ਉਹ ਇੱਕ ਸਾਲ ਤੋਂ ਕੋਟਾ 'ਚ ਰਹਿ ਕੇ ਸੈਲਫ ਸਟੱਡੀ ਕਰ ਰਿਹਾ ਸੀ। ਵਿਦਿਆਰਥੀ ਦੇ ਨਾਲ ਉਸ ਦੇ ਪਿਤਾ ਅਤੇ ਭੈਣ ਵੀ ਰਹਿੰਦੇ ਸਨ। ਦੱਸਿਆ ਜਾ ਰਿਹਾ ਹੈ ਕਿ ਖੁਦਕੁਸ਼ੀ ਸਮੇਂ ਭੈਣ ਘਰ 'ਚ ਮੌਜੂਦ ਸੀ। ਮਾਮਲੇ ਨੂੰ ਲੈ ਕੇ ਪੁਲਸ ਨੇ ਕਿਹਾ ਕਿ ਜਦ ਵਿਦਿਆਰਥੀ ਨੇ ਖੁਦਕੁਸ਼ੀ ਕੀਤੀ, ਉਸ ਸਮੇਂ ਉਸ ਦੀ ਭੈਣ ਘਰ 'ਚ ਮੌਜੂਦ ਸੀ। ਉਸ ਨੇ ਭੈਣ ਨੂੰ ਕਿਹਾ ਕਿ ਉਹ ਕੱਪੜੇ ਬਦਲਣ ਲਈ ਕਮਰੇ 'ਚ ਜਾ ਰਿਹਾ ਹੈ। ਜਦ ਕਾਫ਼ੀ ਦੇਰ ਤੱਕ ਤਨਵੀਰ ਬਾਹਰ ਨਹੀਂ ਆਇਆ ਤਾਂ ਭੈਣ ਨੇ ਕਮਰੇ 'ਚ ਜਾ ਕੇ ਦੇਖਿਆ ਤਾਂ ਉਹ ਫੰਦੇ 'ਤੇ ਲਟਕ ਰਿਹਾ ਸੀ। ਉਸ ਨੇ ਤੁਰੰਤ ਪਿਤਾ ਨੂੰ ਇਸ ਦੀ ਜਾਣਕਾਰੀ ਦਿੱਤੀ।

## ਅੱਜ-ਨਾਮਾ

ਮਨੀਪੁਰ ਵਿੱਚ ਹਾਲਾਤ ਜਿਹੇ ਫੇਰ ਵਿਗੜੇ,
ਸੜਕਾਂ ਉੱਪਰ ਆ ਮੌਤ ਰਹੀ ਨੱਚ ਮੀਆਂ।
ਛੋਟੀ ਗਿਣਤੀ ਨੂੰ ਕੁੱਟ ਰਹੀ ਬਹੁ-ਗਿਣਤੀ,
ਮੰਨਣਾ ਸੌਖਾ ਨਹੀਂ ਖਬਰਾਂ ਦਾ ਸੱਚ ਮੀਆਂ।
ਮੀਡੀਆ ਪੁੱਛੇ ਤਾਂ ਪੀੜਤ ਨਾ ਬੋਲ ਸਕਦੇ,
ਰੁਕ ਜਾਏ ਜੀਭ ਤੇ ਭਰੇ ਪਏ ਗੱਚ ਮੀਆਂ।
ਲਾਸ਼ਾਂ ਰੁਲਦੀਆਂ ਸਸਕਾਰ ਤੋਂ ਬਿਨਾਂ ਜਿੱਥੇ,
ਰਿਹਾਇਸ਼ੀ ਕੁੱਲੇ ਸਭ ਰਹੇ ਆ ਮੱਚ ਮੀਆਂ।
ਬਣਦਾ ਫਿਕਰ ਨਹੀਂ ਰਾਜ ਸਰਕਾਰ ਕਰਦੀ,
ਕੀਤਾ ਏ ਕੇਂਦਰ ਦੀ ਨਹੀਂ ਸਰਕਾਰ ਮੀਆਂ।
ਸੀਜ਼ਨ ਸਰਦੀ ਦਾ ਆਇਆ ਹੈ ਸਿਰ ਉੱਤੇ,
ਮਰਦਿਆਂ ਪਿਆ ਨੂੰ ਠੰਢ ਦਊ ਮਾਰ ਮੀਆਂ।

-ਤੀਸ ਮਾਰ ਖਾਂ

# ਮੁੱਖ ਮੰਤਰੀ ਵੱਲੋਂ ਸਕੂਲ ਸਿਲੇਬਸ 'ਚ ਢੁਕਵਾਂ ਬਦਲਾਅ ਕਰਨ ਦਾ ਐਲਾਨ



**ਖਟਕੜ ਕਲਾਂ/ਨਵਾਂ ਸ਼ਹਿਰ (ਮਨੋਜ ਲਾਡੀ, ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਦੇਸ਼ ਵਿੱਚ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਦਾ ਸੰਕਲਪ ਲੈਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾ ਕੇ ਸ਼ਹੀਦ ਭਗਤ ਸਿੰਘ ਦੇ ਸੁਪਨੇ ਸਾਕਾਰ ਕਰਨ ਦਾ ਤਹੱਈਆ ਕੀਤਾ। ਰਾਜ ਪੱਧਰੀ ਸਮਾਗਮ ਦੀ ਸ਼ੁਰੂਆਤ ਵਿੱਚ ਮੁੱਖ ਮੰਤਰੀ ਨੇ ਸ਼ਹੀਦ ਭਗਤ ਸਿੰਘ ਦੇ ਪਰਵਾਰਕ ਮੈਂਬਰਾਂ ਹਰਜਿੰਦਰ ਪਾਲ ਸਿੰਘ ਗਿੱਲ, ਬਲਦੇਵ ਸਿੰਘ ਨਸਰਾਲਾ, ਰਵਿੰਦਰ ਸਿੰਘ, ਗੁਰਜੀਤ ਸਿੰਘ ਤੇ ਹਰਭਜਨ ਸਿੰਘ ਢੱਟ ਨੂੰ ਸਨਮਾਨਤ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਏਗੀ ਕਿ ਸੂਬੇ ਦੇ ਕਿਸੇ ਵੀ ਬਾਸ਼ਿੰਦੇ ਨੂੰ ਆਪਣਾ ਵਤਨ ਛੱਡ ਕੇ ਵਿਦੇਸ਼ ਨਾ ਜਾਣਾ ਪਵੇ। ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਮੋੜਾ ਦੇਣ ਲਈ ਸੂਬਾ ਸਰਕਾਰ ਤਨਦੇਹੀ ਨਾਲ ਜੁਟੀ ਹੋਈ ਹੈ। ਉਹਨਾ ਸਕੂਲ ਸਿਲੇਬਸ ਵਿੱਚ ਲੋੜੀਂਦਾ ਬਦਲਾਅ ਕਰਨ ਦਾ ਵੀ ਐਲਾਨ ਕੀਤਾ, ਤਾਂ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਮਹਾਨ ਗੁਰੂ ਸਾਹਿਬਾਨ, ਸੰਤਾਂ-ਮਹਾਤਮਾ, ਪੀਰਾਂ-ਪੈਗੰਬਰਾਂ ਅਤੇ ਸ਼ਹੀਦਾਂ ਦੇ ਜੀਵਨ, ਵਿਚਾਰਧਾਰਾ ਅਤੇ ਸਿੱਖਿਆਵਾਂ ਬਾਰੇ ਜਾਣੂੰ ਕਰਵਾਇਆ ਜਾ ਸਕੇ। ਸੂਬੇ ਦੇ ਨੌਜਵਾਨਾਂ ਨੂੰ ਇਨ੍ਹਾਂ ਨੇਕ ਰੂਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਇਸੇ ਕਰਕੇ ਸਕੂਲਾਂ ਦੇ ਸਿਲੇਬਸ ਵਿੱਚ ਢੁਕਵੀਂ ਤਬਦੀਲੀ ਕਰਨ ਦੀ ਲੋੜ ਹੈ। ਮਾਨ ਨੇ ਕਿਹਾ ਕਿ ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਸੂਬੇ ਦੀ ਮਹਾਨ ਵਿਰਾਸਤ ਦਾ ਪਾਸਾਰ ਕਰਨ ਵਿੱਚ ਮਦਦ ਮਿਲੇਗੀ। ਉਹਨਾ ਗੜ੍ਹਸ਼ੰਕਰ ਨੇੜੇ ਸ਼ਹੀਦ ਭਗਤ ਸਿੰਘ ਦੇ ਨਾਨਕੇ ਘਰ ਵਿੱਚ ਮੈਮੋਰੀਅਲ, ਲਾਇਬ੍ਰੇਰੀ ਅਤੇ ਹੋਰ ਯਾਦਗਾਰਾਂ ਦੇ ਨਿਰਮਾਣ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਵਿੱਚ ਮਿਊਜ਼ੀਅਮ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਦਾ ਕੰਮ ਚੱਲ ਰਿਹਾ ਹੈ। ਉਹਨਾ ਕਿਹਾ ਕਿ ਇਸ ਮਹਾਨ ਸ਼ਹੀਦ ਦੀ ਵਿਰਾਸਤ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂੰ ਕਰਵਾਉਣ ਲਈ ਇਹ ਸਮੇਂ ਦੀ ਲੋੜ ਹੈ।ਇਸ ਤੋਂ ਪਹਿਲਾਂ ਸੱਭਿਆਚਾਰਕ ਮਾਮਲੇ ਅਤੇ ਸੈਰ-ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਚੇਤਨ ਸਿੰਘ ਜੌੜੇਮਾਜਰਾ, ਬਲਕਾਰ ਸਿੰਘ, ਬ੍ਰਮ ਸ਼ੰਕਰ ਜਿੰਪਾ, ਹਰਭਜਨ ਸਿੰਘ ਈ ਟੀ ਓ, ਡਾ. ਬਲਜੀਤ ਕੌਰ ਅਤੇ ਕੁਲਦੀਪ ਸਿੰਘ ਧਾਲੀਵਾਲ, ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ, ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਤੇ ਹੋਰ ਵੀ ਹਾਜ਼ਰ ਸਨ।

# ਖਬਰ ਸੱਚੀ, ਪਰ ਦਬਾਅ'ਤੀ

**ਨਵੀਂ ਦਿੱਲੀ** : ਇਹ ਖਬਰ ਸ਼ਾਇਦ ਤੁਸੀਂ ਕਿਸੇ ਅਖਬਾਰ ਵਿਚ ਨਹੀਂ ਪੜ੍ਹੀ ਹੋਣੀ। ਈ ਡੀ ਨੇ ਤਾਮਿਲਨਾਡੂ ਭਾਜਪਾ ਦੇ ਹੈੱਡਕੁਆਰਟਰ 'ਕਮਲਾਲਯਮ' ਵਿਚ ਅਕਾਊਂਟੈਂਟ ਜਿਓਤੀ ਕੁਮਾਰ 'ਤੇ 26 ਸਤੰਬਰ ਨੂੰ ਛਾਪਾ ਮਾਰਿਆ, ਹਾਲਾਂਕਿ ਕਾਰਵਾਈ ਚਾਰ ਘੰਟੇ ਬਾਅਦ ਰੋਕ ਦਿੱਤੀ ਗਈ। ਇਸ ਛਾਪੇ ਦਾ ਕੁਨੈਕਸ਼ਨ ਈ ਡੀ ਦੀ 12 ਸਤੰਬਰ ਨੂੰ ਸੂਬੇ ਦੇ 34 ਟਿਕਾਣਿਆਂ 'ਤੇ ਛਾਪੇਮਾਰੀ ਨਾਲ ਜੁੜਿਆ ਹੋਇਆ ਹੈ।

ਅੰਗਰੇਜ਼ੀ ਦੀ ਵੈੱਬਸਾਈਟ 'ਦੀ ਨਿਊਜ਼ਮਿੰਟ', ਇੰਡੀਅਨ ਐੱਕਸਪ੍ਰੈੱਸ ਦੇ ਦੱਖਣ ਭਾਰਤੀ ਡਿਜੀਟਲ ਐਡੀਸ਼ਨ ਅਤੇ ਸਾਊਥ ਫਸਟ ਨੇ ਹੀ ਇਹ ਖਬਰ ਨਸ਼ਰ ਕੀਤੀ।

ਸੂਤਰਾਂ ਮੁਤਾਬਕ ਈ ਡੀ ਅਧਿਕਾਰੀਆਂ ਨੇ ਜਿਓਤੀ ਕੁਮਾਰ ਤੇ ਉਸ ਦੇ ਮਕਾਨ ਮਾਲਕ ਤੋਂ ਪੁੱਛਗਿੱਛ ਕੀਤੀ। ਅਧਿਕਾਰੀਆਂ ਨੇ ਜਿਓਤੀ ਕੁਮਾਰ ਦੇ ਰਿਹਾਇਸ਼ੀ ਟਿਕਾਣੇ 'ਤੇ ਵੀ ਛਾਪੇਮਾਰੀ ਕੀਤੀ, ਜਿਸ ਨੂੰ ਰੀਅਲ ਅਸਟੇਟ ਬਿਲਡਰ ਸ਼ਨਮੁਗਮ ਨੇ ਬਣਾਇਆ ਹੈ। ਇਸ ਤੋਂ ਪਹਿਲਾਂ ਈ ਡੀ ਨੇ ਉਸੇ ਦਿਨ ਰੇਤ ਖਣਨ ਠੇਕੇਦਾਰਾਂ ਰਤੀਨਮ, ਐੱਸ ਰਾਮਚੰਦਰਨ ਤੇ ਕਰੀਕਾਲਨ ਦੀਆਂ ਛੇ ਖਾਣਾਂ 'ਤੇ ਛਾਪੇਮਾਰੀ ਕੀਤੀ। ਈ ਡੀ ਨੇ ਜਲ ਵਸੀਲਿਆਂ ਦੇ ਵਿਭਾਗ ਦੇ ਹੈੱਡਕੁਆਰਟਰ ਅਤੇ ਇਸ ਦੇ ਆਡੀਟਰ ਸ਼ਨਮੁਗਨਰਾਜ ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਅਤੇ ਬੇਨਾਮੀ ਇਕ ਕਿੱਲੋ ਸੋਨੇ ਦੇ ਨਾਲ 12 ਕਰੋੜ 82 ਲੱਖ ਰੁਪਏ ਫੜੇ।

ਜਿਓਤੀ ਕੁਮਾਰ ਦੀ ਗਿਣਤੀ ਭਾਜਪਾ ਦੇ ਸੀਨੀਅਰ ਆਗੂਆਂ ਵਿਚ ਹੁੰਦੀ ਹੈ ਤੇ ਛਾਪੇ ਨੇ ਭਾਜਪਾ ਆਗੂਆਂ ਨੂੰ ਹੈਰਾਨ ਕਰ ਦਿੱਤਾ ਹੈ। ਸਾਊਥ ਫਸਟ ਮੁਤਾਬਕ ਜਿਓਤੀ ਕੁਮਾਰ 'ਤੇ ਛਾਪਾ ਨਾਜਾਇਜ਼ ਖਣਨ ਦੀ ਵਿਕਰੀ ਦੇ ਮਾਮਲੇ ਵਿਚ ਮਾਰਿਆ ਗਿਆ। ਈ ਡੀ ਨੂੰ ਪਤਾ ਲੱਗਾ ਕਿ ਸ਼ਨਮੁਗਮ ਦੇ ਬੈਂਕ ਖਾਤੇ ਵਿਚ ਪੈਸੇ ਟਰਾਂਸਫਰ ਹੁੰਦੇ ਸਨ ਤੇ ਹੋਰ ਪੜਤਾਲ ਵਿਚ ਜਿਓਤੀ ਕੁਮਾਰ ਤੇ ਬਿਲਡਰ ਵਿਚਾਲੇ ਲੈਣ-ਦੇਣ ਦਾ ਪਤਾ ਲੱਗਾ। ਇਸ ਖਬਰ ਨੂੰ ਇਸ ਤਰ੍ਹਾਂ ਦਬਾਅ ਦਿੱਤਾ ਗਿਆ ਕਿ ਈ ਡੀ ਨੇ ਜਿਓਤੀ ਕੁਮਾਰ ਤੋਂ ਇਲਾਵਾ ਹੋਰਨਾਂ ਛਾਪਿਆਂ ਬਾਰੇ ਵੀ ਕੋਈ ਬਿਆਨ ਨਹੀਂ ਦਿੱਤਾ।

29-SEP-PAGE-1.qxd 9/28/2023 10:27 PM Page 2



## ਬਾਬਾ ਈਸ਼ਰ ਸਿੰਘ ਨਾਨਕਸਰ ਮੁਹਾਰ ਸਕੂਲ ਨੂੰ ਮਿਲੀ ਨਵੀਂ ਬੱਸ



**ਕੋਟ ਈਸੇ ਖਾਂ (ਅਰੋੜਾ)**-ਸੰਤ ਬਾਬਾ ਗੁਰਜੀਤ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਬਾਬਾ ਈਸ਼ਰ ਸਿੰਘ ਨਾਨਕਸਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮੁਹਾਰ ਮੰਦਰ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਵਿਦਿਆਰਥੀਆਂ ਨੂੰ ਸਕੂਲ ਲਿਆਉਣ ਲਈ ਸੰਤ ਬਾਬਾ ਗੁਰਜੀਤ ਸਿੰਘ ਵੱਲੋਂ ਸਕੂਲ ਪ੍ਰਿੰਸੀਪਲ ਹਰਪ੍ਰੀਤ ਸਿੰਘ ਨੂੰ ਨਵੀਂ ਗੱਡੀ 36 ਸੀਟਰ ਦੀਆਂ ਚਾਬੀਆਂ ਸੌਂਪੀਆਂ ਗਈਆਂ। ਸਮੂਹ ਸਕੂਲ ਮੈਨੇਜਮੈਂਟ ਨੇ ਸਮੇਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਸਕੂਲ ਨੂੰ ਸਮੇਂ ਦਾ ਹਾਣੀ ਬਣਾਉਣ ਤੇ ਵਿਦਿਆਰਥੀਆਂ ਨੂੰ ਸਹੂਲਤਾਂ ਦੇਣ ਲਈ ਨਵੀਂ ਬੱਸ ਸਕੂਲ ਫਲੀਟ ਵਿੱਚ ਸ਼ਾਮਲ ਕੀਤੀ। ਸਕੂਲ ਮੈਨੇਜਮੈਂਟ ਪ੍ਰਧਾਨ ਪਰਮਜੀਤ ਸਿੰਘ ਚਹਿਲ ਤੇ ਟਰੱਸਟੀ ਗੁਰਮੀਤ ਸਿੰਘ ਜੱਸਲ ਦੇ ਯਤਨਾਂ ਸਦਕਾ ਬਾਬਾ ਈਸ਼ਰ ਸਿੰਘ ਚੈਰੀਟੇਬਲ ਐਜੂਕੇਸ਼ਨ ਟਰੱਸਟ ਅਧੀਨ ਚੱਲ ਰਹੇ ਸਾਰੇ ਸਕੂਲਾਂ ਦਾ ਪੱਧਰ ਉੱਚਾ ਚੁੱਕਣ ਲਈ ਕੀਤੇ ਉਪਰਾਲਿਆਂ ਤਹਿਤ ਨਵੀਆਂ ਬੱਸਾਂ ਦਿੱਤੀਆਂ ਜਾ ਰਹੀਆਂ ਹਨ। ਸਕੂਲ ਪ੍ਰਿੰਸੀਪਲ ਹਰਪ੍ਰੀਤ ਸਿੰਘ ਨੇ ਬਾਬਾ ਜੀ ਤੇ ਸਮੂਹ ਮੈਨੇਜਮੈਂਟ ਦਾ ਧੰਨਵਾਦ ਕਰਦੇ ਹੋਏ ਅੱਗੇ ਤੋਂ ਹੋਰ ਮਿਹਨਤ ਕਰਨ ਦਾ ਵਚਨ ਦਿੱਤਾ।

## ਸਵਾਮੀ ਵਿਵੇਕਾਨੰਦ ਕਾਲਜ ਵਿਖੇ ਐੱਨ ਸੀ ਸੀ ਕੈਡਿਟ ਦੀ ਚੋਣ



**ਰਾਜਪੁਰਾ (ਰਮੇਸ਼ ਕਟਾਰੀਆ)**-ਸਵਾਮੀ ਵਿਵੇਕਾਨੰਦ ਕਾਲਜ ਵਿੱਚ ਬੀਤੇ ਦਿਨੀਂ ਹੋਈ ਐੱਨ. ਸੀ. ਸੀ. ਐਨਰੋਲਮੈਂਟ 2023 ਵਿੱਚ ਕਾਲਜ ਦੇ 150 ਮੁੰਡੇ-ਕੁੜੀਆਂ ਨੇ ਹਿੱਸਾ ਲਿਆ। ਇਸ ਮੌਕੇ ਪੰਜ ਪੰਜਾਬ ਬਟਾਲੀਅਨ ਪਟਿਆਲਾ ਦੇ ਅਧਿਕਾਰੀਆਂ ਨੇ ਬੱਚਿਆਂ ਦੇ ਫਿਜ਼ੀਕਲ ਤੇ ਲਿਖਤੀ ਟੈਸਟ ਦੇ ਅਧਾਰ 'ਤੇ ਬੱਚਿਆਂ ਦੀ ਚੋਣ ਕੀਤੀ। ਇਸ ਮੌਕੇ ਕਾਲਜ ਦੇ ਏ.ਐਨ.ਓ. ਲੈਫਟੀਨੈਂਟ ਕੁਲਦੀਪ ਸਿੰਘ ਬਰਾੜ ਨੇ ਐੱਨ.ਸੀ.ਸੀ. ਦੇ ਮੋਟੋ ਤੇ ਉਦੇਸ਼ ਬਾਰੇ ਚਾਨਣਾ ਪਾਇਆ। ਕਾਲਜ ਦੇ ਪ੍ਰਿੰਸੀਪਲ ਸ੍ਰੀ ਪ੍ਰਤੀਕ ਗਰਗ ਨੇ ਆਏ ਹੋਏ ਅਧਿਕਾਰੀਆਂ ਦਾ ਸਨਮਾਨ ਕੀਤਾ ਅਤੇ ਬੱਚਿਆਂ ਨੂੰ ਵਧ ਚੜ੍ਹ ਕੇ ਐਨਰੋਲਮੈਂਟ ਵਿੱਚ ਹਿੱਸਾ ਲੈਣ ਸਬੰਧੀ ਸੰਬੋਧਨ ਕੀਤਾ। ਕਾਲਜ ਦੇ ਚੇਅਰਮੈਨ ਸ੍ਰੀ ਅਸ਼ਵਨੀ ਕੁਮਾਰ ਗਰਗ ਨੇ ਆਖਿਆ ਕਿ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਐੱਨ.ਸੀ.ਸੀ. ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਮੌਕੇ ਕਾਲਜ ਦੇ ਪ੍ਰਧਾਨ ਸ੍ਰੀ ਅਸ਼ੋਕ ਗਰਗ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਐੱਨ.ਸੀ.ਸੀ. ਸਾਨੂੰ ਅਨੁਸ਼ਾਸਨ ਤੇ ਰਾਸ਼ਟਰੀ ਏਕਤਾ ਸਬੰਧੀ ਸਿੱਖਿਆ ਦਿੰਦੀ ਹੈ।

# ਚੋਰੀ ਦੇ ਵੱਖ-ਵੱਖ ਕੇਸਾਂ 'ਚ ਖੰਨਾ ਪੁਲਸ ਵੱਲੋਂ 6 ਗ੍ਰਿਫਤਾਰ

### ■ 8 ਮੋਟਰਸਾਈਕਲ, ਨਗਦੀ ਤੇ ਕੀਮਤੀ ਸਾਮਾਨ ਬਰਾਮਦ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪੁਲਸ ਜ਼ਿਲ੍ਹਾ ਖੰਨਾ ਦੀ ਐੱਸ ਐੱਸ ਪੀ ਅਮਨੀਤ ਕੋਂਡਲ ਦੀ ਅਗਵਾਈ ਵਿੱਚ ਅਤੇ ਐੱਸ ਪੀ ਆਈ ਡਾਕਟਰ ਪ੍ਰਗਿਆ ਜੈਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਸਿਟੀ-1 ਐੱਸ ਐੱਚ ਓ ਹਮੰਤ ਕੁਮਾਰ ਤੇ ਪੁਲਸ ਪਾਰਟੀ ਥਾਣਾ ਸਿਟੀ-2 ਐੱਸ ਐੱਚ ਓ ਗੁਰਮੀਤ ਸਿੰਘ ਤੇ ਪੁਲਸ ਅਤੇ ਸੀ ਆਈ ਸਟਾਫ ਖੰਨਾ ਵੱਲੋਂ ਪਿਛਲੇ ਦਿਨਾਂ ਵਿੱਚ ਖੰਨਾ ਇਲਾਕੇ ਵਿੱਚ ਹੋਈਆਂ ਚੋਰੀ ਦੀਆਂ ਵੱਡੀਆਂ ਵਾਰਦਾਤਾਂ ਕਰਨ ਵਾਲੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਖੰਨਾ ਪੁਲਸ ਵੱਲੋਂ ਪ੍ਰੈੱਸ ਨੋਟ ਜਾਰੀ ਕਰਕੇ ਜਾਣਕਾਰੀ ਦਿੱਤੀ ਗਈ ਕਿ ਬੀਤੇ ਦਿਨੀਂ ਸੁਰਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਜਗਤ ਕਾਲੋਨੀ ਖੰਨਾ ਥਾਣਾ ਸਿਟੀ-1 ਨੇ ਥਾਣਾ ਸਿਟੀ 'ਚ ਦਰਖਾਸਤ ਦੇ ਕੇ ਦੱਸਿਆ ਕਿ ਮੇਰੇ ਘਰੋਂ ਮੇਰੀ ਗੈਰ-ਹਾਜ਼ਰੀ ਵਿੱਚ ਕਿਸੇ ਨਾ-ਮਲੂਮ ਵਿਅਕਤੀ ਵੱਲੋਂ ਘਰ ਦੇ ਸਾਰੇ ਤਾਲੇ ਤੋੜ ਕੇ 1.50000 ਰੁਪਏ ਨਗਦ ਤੇ ਹੋਰ ਕੀਮਤੀ ਸਾਮਾਨ ਚੋਰੀ ਕੀਤਾ ਗਿਆ, ਜਿਸ 'ਤੇ ਖੰਨਾ ਪੁਲਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਤਕਨੀਕੀ ਢੰਗ ਨਾਲ ਤਫਤੀਸ਼ ਕੀਤੀ। ਥਾਣਾ ਸਿਟੀ ਇੱਕ ਵਿੱਚ ਮੁਕੱਦਮਾ ਦਰਜ ਹਰਵਿੰਦਰ ਸਿੰਘ ਉਰਫ ਰਵੀ ਸੰਦੀਪ ਸਿੰਘ ਉਰਫ ਸੀਪਾ ਵਾਸੀ ਪਿੰਡ ਸਾਮਗੜ੍ਹ ਵਾਸੀ ਥਾਣਾ ਸਮਰਾਲਾ ਨੂੰ ਗ੍ਰਿਫਤਾਰ ਕੀਤਾ ਕਰਕੇ ਇਨ੍ਹਾਂ ਪਾਸੋਂ 1.14000 ਰੁਪਏ ਨਗਦ, 200 ਕੈਨੇਡੀਅਨ ਡਾਲਰ, 90 ਗ੍ਰਾਮ ਚਾਂਦੀ ਬਰਾਮਦ ਕੀਤੀ। ਇਸੇ ਤਰ੍ਹਾਂ ਰਫੀ ਪੁੱਤਰ ਸੀਨਾ ਵਾਸੀ ਨੇੜੇ ਭੂਤਾਂ ਵਾਲਾ ਗੁਰਦੁਆਰਾ ਦਲੀਪ ਨਗਰ ਖੰਨਾ, ਹਰਦੀਪ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਖੰਨਾ ਖੁਰਦ ਤੇ ਗੁਰਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਮੋਤੀ ਨਗਰ ਭੱਟੀਆਂ ਖੰਨਾ ਵੱਲੋਂ ਵੱਖ ਵੱਖ ਦਰਖਾਸਤਾਂ ਦਿੱਤੀਆਂ ਗਈਆਂ। ਇਨ੍ਹਾਂ ਦਰਖਾਸਤਾਂ ਵਿੱਚ ਤਿੰਨਾਂ ਵਿਅਕਤੀਆਂ ਨੇ ਆਪਣੇ ਮੋਟਰਸਾਈਕਲ ਕ੍ਰਮਵਾਰ ਨੰਬਰ ਪੀ ਬੀ 10 ਸੀ ਕੇ 2678, ਪੀ ਬੀ 26 ਈ 3655 ਤੇ ਪੀ ਬੀ 10 ਜੀ ਪੀ 1469 ਸਹਿਲ ਸੰਘਾ ਵਾਸੀ ਮੰਡੀ ਗੋਬਿੰਦਗੜ੍ਹ ਬਾਰੇ ਦੱਸਿਆ। ਪੁਲਸ ਵੱਲੋਂ ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਤੇ ਹੋਰ ਸਾਧਨਾਂ ਰਾਹੀਂ ਕੀਤੀ ਤਫਤੀਸ਼ ਤੋਂ ਬਾਅਦ ਸਾਹਿਲ ਸੰਘਾ ਤੇ ਉਸ ਦਾ ਸਾਥੀ ਸੰਜੇ ਵਾਸੀ ਮੰਡੀ ਗੋਬਿੰਦਗੜ੍ਹ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਕੋਲੋਂ ਤਿੰਨ ਮੋਟਰਸਾਈਕਲ ਬਰਾਮਦ ਕੀਤੇ। ਪੁੱਛਗਿੱਛ ਦੌਰਾਨ ਇਨ੍ਹਾਂ ਦੱਸਿਆ ਕਿ ਚੋਰੀ ਕੀਤੀ ਕੀਤੇ ਮੋਟਰਸਾਈਕਲ ਅਸੀਂ ਗੁਰਪਾਲ ਸਿੰਘ ਵਾਸੀ ਇਕਬਾਲ ਨਗਰ ਮੰਡੀ ਗੋਬਿੰਦਗੜ੍ਹ ਤੇ ਰਵੀ ਵਾਸੀ ਭਾਦਲਾ ਉੱਚਾ ਨੂੰ ਵੇਚਦੇ ਹਾਂ। ਖੰਨਾ ਪੁਲਸ ਵੱਲੋਂ ਇਨ੍ਹਾਂ ਦੋਵਾਂ ਵਿਅਕਤੀਆਂ ਨੂੰ ਵੀ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਮੁਢਲੀ ਪੁੱਛਗਿੱਛ ਦੌਰਾਨ ਦੌਰਾਨ ਇਨ੍ਹਾਂ ਕੋਲੋਂ ਪੰਜ ਹੋਰ ਮੋਟਰਸਾਈਕਲ ਬਰਾਮਦ ਕੀਤੇ ਗਏ।

## ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ 'ਚ ਭਾਸ਼ਣ ਮੁਕਾਬਲੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ਼ ਇੰਸਟਿਚਊਸ਼ਨਜ ਢੱਡੇ ਵਿਖੇ ਨਹਿਰੂ ਯੁਵਾ ਕੇਂਦਰ ਬਠਿੰਡਾ ਦੇ ਸਹਿਯੋਗ ਨਾਲ ਭਾਸ਼ਣ ਮੁਕਾਬਲੇ ਕਰਾਏ ਗਏ। ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ, ਐਮ.ਡੀ ਗੁਰਬਿੰਦਰ ਸਿੰਘ ਬੱਲੀ, ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਨਹਿਰੂ ਯੁਵਾ ਕੇਂਦਰ ਦਾ ਇਹ ਬਹੁਤ ਵਧੀਆ ਉਪਰਾਲਾ ਹੈ, ਜੋ ਸਟੇਟ ਪੱਧਰ 'ਤੇ ਇਹੋ ਜਿਹੇ ਭਾਸ਼ਣ ਮੁਕਾਬਲੇ ਕਰਾਏ ਜਾ ਰਹੇ ਹਨ। ਅਜਿਹੇ ਪ੍ਰੋਗਰਾਮ ਨੌਜਵਾਨਾਂ ਵਿੱਚ ਭਾਸ਼ਣ ਕਲਾ ਪ੍ਰਤੀ ਉਤਸ਼ਾਹ ਭਰਦੇ ਹਨ। ਨਹਿਰੂ ਯੁਵਾ ਕੇਂਦਰ ਬਠਿੰਡਾ ਦੇ ਯੂਥ ਲੀਡਰ ਲਾਡੀ ਜਟਾਣਾ ਨੇ ਕਿਹਾ ਕਿ ਜਿੱਥੇ ਨਹਿਰੂ ਯੁਵਾ ਕੇਂਦਰ ਵੱਲੋਂ ਆਜ਼ਾਦੀ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੇ ਆਜ਼ਾਦੀ ਸੰਗਰਾਮੀਆਂ ਨੂੰ ਸਟੇਟ ਪੱਧਰ 'ਤੇ ਕਰਾਏ ਜਾ ਰਹੇ ਸਮਾਗਮ ਵਿੱਚ ਸਨਮਾਨਤ ਕੀਤਾ ਜਾ ਰਿਹਾ ਹੈ, ਉਥੇ ਹੀ ਯੂਥ ਦੇ ਮੁਕਾਬਲੇ ਵੀ ਕਰਾਏ ਜਾ ਰਹੇ ਹਨ। ਇਸ ਲੜੀ ਤਹਿਤ ਹੀ ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਵਿਖੇ ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲੇ ਕਰਾਏ ਗਏ, ਜਿਸ ਵਿੱਚ ਨੌਜਵਾਨਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚੋਂ ਚੈਸ਼ਮੀਨ ਕੌਰ ਨੇ ਪਹਿਲਾ ਸਥਾਨ, ਜੈਸਮੀਨ ਕੌਰ ਤੇ ਮਹਿਕਪ੍ਰੀਤ ਕੌਰ ਨੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਜੇਤੂ ਨੌਜਵਾਨਾਂ ਨੂੰ ਸਰਟੀਫ਼ਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਦੀ ਜੱਜਮੈਂਟ ਦੀ ਭੂਮਿਕਾ ਪ੍ਰੋ. ਸੋਨਦੀਪ ਕੌਰ (ਮੁਖੀ ਐਫ.ਟੀ ਵਿਭਾਗ) ਅਤੇ ਪ੍ਰੋ. ਰਣਜੀਤ ਕੌਰ (ਮੁਖੀ ਕੰਪਿਊਟਰ ਵਿਭਾਗ) ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਖਜਾਨਚੀ ਮੈਡਮ ਪ੍ਰਸ਼ੋਤਮ ਕੌਰ, ਡਾਇਰੈਕਟਰ ਮੈਡਮ ਸਿਬਲਜੀਤ ਕੌਰ, ਪ੍ਰਿੰਸੀਪਲ ਰਾਜ ਸਿੰਘ ਬਾਘਾ, ਪ੍ਰੋ. ਮਨਪ੍ਰੀਤ ਕੌਰ (ਮੁਖੀ ਸਾਇੰਸ ਵਿਭਾਗ), ਪ੍ਰੋ. ਰਾਜਵਿੰਦਰ ਕੌਰ (ਮੁਖੀ ਸਮਾਜ ਸਾਸਤਰ), ਪ੍ਰੋ. ਸ਼ਾਮ ਲਾਲ (ਪੰਜਾਬੀ ਵਿਭਾਗ), ਪ੍ਰੋ. ਰਵਿੰਦਰ ਕੁਮਾਰ (ਹਿੰਦੀ ਵਿਭਾਗ), ਪ੍ਰੋ. ਵੀਰਪਾਲ ਕੌਰ (ਮੁਖੀ ਬੀ.ਐਡ ਵਿਭਾਗ), ਪ੍ਰੋ. ਸ਼ਰਨ ਕੌਰ ਤੇ ਪ੍ਰੋ. ਹਰਸ਼ ਰਾਣੀ (ਮੁਖੀ ਕਮਰਸ ਵਿਭਾਗ) ਆਦਿ ਹਾਜ਼ਰ ਸਨ।

# ਕਪੂਰਥਲਾ ਜੇਲ੍ਹ 'ਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ



**ਜਲੰਧਰ (ਨ ਜ਼ ਸ)** -ਅੱਜ ਸ੍ਰੀ ਨਿਰਭਉ ਸਿੰਘ ਗਿੱਲ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀਆਂ ਹਦਾਇਤਾਂ ਮੁਤਾਬਕ, ਕਪੂਰਥਲਾ ਜੇਲ੍ਹ ਦਾ ਦੌਰਾ ਕੀਤਾ ਗਿਆ। ਇਸ ਮੌਕੇ ਸ਼ਹੀਦ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਸੰਬੰਧੀ ਇੱਕ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ। ਜਿਸ ਵਿੱਚ ਕੈਦੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜੀਵਨ ਸਿਧਾਂਤਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਐਡਵੋਕੇਟ ਯੁਵਰਾਜ ਸਿੰਘ ਅਸਿਸਟੈਂਟ ਲੀਗਲ ਏਡ ਡਿਫੈਂਸ ਕਾਊਂਸਲ ਵੱਲੋਂ ਸ਼ਹੀਦ ਸਰਦਾਰ ਭਗਤ ਸਿੰਘ ਦੇ ਫਲਸਫੇ 'ਤੇ ਆਧਾਰਤ ਕਿਤਾਬਾਂ ਦਾ ਸੰਗ੍ਰਿਹ ਕੈਦੀਆਂ ਨੂੰ ਦਿੱਤਾ ਗਿਆ ਤਾਂ ਜੋ ਹਵਾਲਾਤੀ / ਕੈਦੀ ਸ਼ਹੀਦ ਸਰਦਾਰ ਭਗਤ ਸਿੰਘ ਦੇ ਜੀਵਨ ਫਲਸਫੇ ਨੂੰ ਜਾਣ ਕੇ ਜਾਗਰੂਕ ਹੋ ਸਕਣ। ਜਲੰਧਰ ਜ਼ਿਲ੍ਹੇ ਨਾਲ ਸੰਬੰਧਤ ਕੈਦੀਆਂ ਦੀਆਂ ਸਮੱਸਿਆਵਾਂ ਦੀ ਸੁਣਵਾਈ ਕੀਤੀ ਗਈ ਜੋ ਮੌਕੇ 'ਤੇ ਹੀ ਹੱਲ ਕਰਵਾ ਦਿੱਤੀ ਗਈ। ਹਿਰਾਸਤ ਵਿੱਚ ਬੰਦ ਹਰ ਵਿਅਕਤੀ ਦਾ ਹੱਕ ਹੈ ਕਿ ਉਹ ਆਪਣੇ ਕੇਸ ਦੀ ਪੈਰਵਾਈ ਲਈ ਕਾਨੂੰਨੀ ਸੇਵਾਵਾਂ ਅਥਾਰਟੀਆਂ ਪਾਸੋਂ ਵਕੀਲ ਦੀਆਂ ਸੇਵਾਵਾਂ ਬਿਨਾਂ ਕਿਸੇ ਖਰਚੇ ਤੋਂ ਲੈ ਸਕਦਾ ਹੈ। ਅਜਿਹੇ ਨਿਯੁਕਤ ਕੀਤੇ ਵਕੀਲਾਂ ਨੂੰ ਫੀਸ ਦੀ ਅਦਾਇਗੀ ਸਰਕਾਰ ਦੇ ਕਾਨੂੰਨੀ ਸੇਵਾਵਾਂ ਮਹਿਕਮੇ ਵੱਲੋਂ ਕੀਤੀ ਜਾਂਦੀ ਹੈ। ਕੈਦੀਆਂ ਦੀਆਂ ਸਮੱਸਿਆਵਾਂ ਅਤੇ ਬੇਨਤੀਆਂ ਸੁਣਨ ਤੋਂ ਇਲਾਵਾ ਸੀ ਜੇ.ਐਮ-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਡਾ. ਗਗਨਦੀਪ ਕੌਰ ਨੇ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀਆਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ 1968 'ਤੇ ਰਾਬਤਾ ਕੀਤਾ ਜਾ ਸਕਦਾ ਹੈ। ਇਸ ਮੌਕੇ ਤੇ ਕੁਲਵੰਤ ਸਿੰਘ, ਸੁਪਰਡੈਂਟ ਜੇਲ੍ਹ ਕਪੂਰਥਲਾ ਅਤੇ ਜਗਨਨਾਥ, ਸੀਨੀਅਰ ਅਸਿਸਟੈਂਟ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਅਤੇ ਜੇਲ੍ਹ ਪ੍ਰਸ਼ਾਸਨ ਹਾਜ਼ਰ ਸਨ।

## ਸੁਰਿੰਦਰ ਸਿੰਘ ਰਾਜਪੂਤ ਦਾ ਦੇਹਾਂਤ



**ਧੂਰੀ (ਸੁਖਦੇਵ ਧੂਰੀ)**-ਇਹ ਖਬਰ ਸਾਹਿਤਕ ਹਲਕਿਆਂ ਵਿੱਚ ਬਹੁਤ ਅਫਸੋਸ ਨਾਲ ਪੜ੍ਹੀ ਜਾਵੇਗੀ ਕਿ ਦਰਜਨਾਂ ਕਿਤਾਬਾਂ ਦੇ ਰਚਨਹਾਰ ਉੱਘੀ ਸਾਹਿਤਕ ਹਸਤੀ ਸੁਰਿੰਦਰ ਸਿੰਘ ਰਾਜਪੂਤ ਵੀਰਵਾਰ ਸਵੇਰੇ ਸਦੀਵੀ ਵਿਛੋੜਾ ਦੇ ਗਏ। ਵਰਨਣਯੋਗ ਹੈ ਕਿ ਸੁਰਿੰਦਰ ਸਿੰਘ ਰਾਜਪੂਤ ਸਾਹਿਤ ਸਭਾ ਧੂਰੀ ਦੇ ਵੱਖ ਵੱਖ ਅਹੁਦਿਆਂ 'ਤੇ ਰਹਿਣ ਤੋਂ ਬਾਅਦ ਅੱਜਕੱਲ੍ਹ ਸਭਾ ਦੇ ਸਰਪ੍ਰਸਤ ਦੀ ਭੂਮਿਕਾ ਨਿਭਾਅ ਰਹੇ ਸਨ। ਰਾਜਪੂਤ ਜਿੱਥੇ ਇੱਕ ਚੰਗੇ ਕਵੀ ਸਨ, ਉਥੇ ਹੀ ਉਨ੍ਹਾਂ ਇਤਿਹਾਸਕਾਰ ਵਜੋਂ ਵੀ ਨਾਮਣਾ ਖੱਟਿਆ ਸੀ। ਉਨ੍ਹਾਂ ਦੇ ਸਸਕਾਰ ਮੌਕੇ ਹੋਰਨਾਂ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ, ਸਕੱਤਰ ਗੁਲਜ਼ਾਰ ਸਿੰਘ ਸ਼ੌਂਕੀ, ਸਾਹਿਤ ਸਭਾ ਧੂਰੀ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ, ਸਕੱਤਰ ਗੁਰਦਿਆਲ ਨਿਰਮਾਣ, ਸਾਹਿਤ ਸਭਾ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਅਮਨ, ਡਾਕਟਰ ਰਾਜਿੰਦਰ ਪਾਲ ਜਿੰਦਲ, ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

## ਰਾਮਬਾਗ ਕਮੇਟੀ ਨੂੰ ਅੰਤਿਮ ਯਾਤਰਾ ਵੈਨ ਭੇਟ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਸ੍ਰੀ ਦੁਰਗਾ ਸੇਵਾ ਸੰਮਤੀ ਪਾਤੜਾਂ ਵੱਲੋਂ ਰੋਟਰੀ ਕਲੱਬ ਪਾਤੜਾਂ ਦੇ ਸਹਿਯੋਗ ਨਾਲ ਰਾਮ ਬਾਗ ਕਮੇਟੀ ਨੂੰ ਅੰਤਿਮ ਯਾਤਰਾ ਵੈਨ ਭੇਟ ਕੀਤੀ ਗਈ। ਸੰਮਤੀ ਦੇ ਪ੍ਰਧਾਨ ਮਦਨ ਲਾਲ ਗੋਇਲ ਤੇ ਕਲੱਬ ਦੇ ਪ੍ਰਧਾਨ ਅਮਨਦੀਪ ਗੋਇਲ ਦੀ ਅਗਵਾਈ ਵਿੱਚ ਸ਼ਹਿਰ ਦੇ ਸ੍ਰੀ ਦੁਰਗਾ ਦਲ ਹਸਪਤਾਲ ਵਿੱਚ ਕੀਤੇ ਸਮਾਗਮ ਦੌਰਾਨ ਅੰਤਿਮ ਯਾਤਰਾ ਵੈਨ ਸ਼ਮਸ਼ਾਨਘਾਟ ਕਮੇਟੀ ਦੇ ਹਵਾਲੇ ਕੀਤੀ ਗਈ।

ਰੋਟਰੀ ਕਲੱਬ ਦੇ ਪ੍ਰਧਾਨ ਅਮਨਦੀਪ ਗੋਇਲ ਨੇ ਦੱਸਿਆ ਕਿ ਰੋਟਰੀ ਕਲੱਬ ਵੱਲੋਂ ਪਹਿਲਾਂ ਵੀ ਸਮੇਂ ਸਮੇਂ 'ਤੇ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਂਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਟਰੀ ਕਲੱਬ ਪਾਤੜਾਂ ਦੇ ਸੈਕਟਰੀ ਅਸੀਸ ਕੁਮਾਰ, ਜਸਪਾਲ ਕੁਮਾਰ ਹੈਪੀ, ਰੋਹਿਤ ਗਰਗ, ਮਨੋਜ ਗੋਇਲ, ਸੰਦੀਪ ਸਿੰਗਲਾ, ਸ੍ਰੀ ਦੁਰਗਾ ਦਲ ਸੇਵਾ ਸੰਮਤੀ ਦੇ ਮੀਤ ਪ੍ਰਧਾਨ ਚੰਦਰ ਭਾਨ, ਰਜਿੰਦਰ ਗਰਗ, ਰਮੇਸ਼ ਗਰਗ ਤੇ ਲਾਲ ਚੰਦ ਆਦਿ ਹਾਜ਼ਰ ਸਨ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ

**ਸ੍ਰੀ ਸਰਵੇਸ਼ ਰਾਜਨ**

ਤਹਿਸੀਲਦਾਰ-ਕਮ-ਸਬ-ਰਜਿਸਟਰਾਰ, ਕਪੂਰਥਲਾ

ਵਿਸ਼ਾ :-ਜਮ੍ਹਾਂਬੰਦੀ ਸਾਲ 2020-2021 ਵਾਕਿਆ ਰਕਬਾ ਰਜਾਪੁਰ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਵਿੱਚ ਨਾਂਅ ਦੀ ਦਰੁੱਸਤੀ ਕਰਨ ਸੰਬੰਧੀ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਲਖਵਿੰਦਰ ਸਿੰਘ ਸਾਹੀ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਤਲਵੰਡੀ ਮਹਿਮਾ, ਤਹਿ. ਵਾ ਜ਼ਿਲ੍ਹਾ ਕਪੂਰਥਲਾ (ਪੰਜਾਬ) ਵੱਲੋਂ ਹਾਜ਼ਰ ਅਦਾਲਤ ਹੋ ਕੇ ਦਰਖਾਸਤ ਪੇਸ਼ ਕੀਤੀ, ਜਿਸ ਰਾਹੀਂ ਇਸ ਵੱਲੋਂ ਬੇਨਤੀ ਕੀਤੀ ਗਈ ਕਿ ਪਿੰਡ ਰਜਾਪੁਰ ਦੀ ਜਮ੍ਹਾਂਬੰਦੀ ਸਾਲ 2020-2021 'ਤੇ ਇਸ ਦਾ ਨਾਂਅ ਲਖਵੰਤ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਸੰਤ ਸਿੰਘ ਲਿਖਿਆ ਹੋਇਆ ਹੈ, ਜੋ ਕਿ ਗਲਤ ਹੈ। ਇਸ ਦਾ ਸਹੀ ਨਾਂਅ ਲਖਵਿੰਦਰ ਸਿੰਘ ਸਾਹੀ ਪੁੱਤਰ ਗੁਰਬਚਨ ਸਿੰਘ ਪੁੱਤਰ ਸੰਤਾ ਸਿੰਘ ਹੈ। ਇਸ ਲਈ ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੈ, ਤਾਂ ਉਹ ਆਪਣਾ ਇਤਰਾਜ਼ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਇਸ਼ਤਿਹਾਰ ਦੇ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਹਸਬ ਜ਼ਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 28/9/2023 ਨੂੰ ਮੇਰੇ ਦਸਤਖ਼ਤਾਂ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ, ਕਪੂਰਥਲਾ।

ਨੰਬਰ 1038/ਰੀਡਰ, ਮਿਤੀ 28/9/2023

# ...ਸਫ਼ਾ 1 ਦੇ ਬਾਕੀ

### ਖਹਿਰਾ ਅੱਠ ਸਾਲ...

ਬਦਲਾਖੋਰੀ ਦੀ ਹੈ। ਉਹ ਕਿਸੇ ਵੀ ਕੀਮਤ 'ਤੇ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਨਗੇ। ਗ੍ਰਿਫ਼ਤਾਰੀ ਤੋਂ ਬਾਅਦ ਪੁਲਸ ਉਨ੍ਹਾ ਨੂੰ ਜਲਾਲਾਬਾਦ ਲੈ ਕੇ ਪਹੁੰਚੀ। ਮੈਡੀਕਲ ਜਾਂਚ ਤੋਂ ਬਾਅਦ ਉਨ੍ਹਾ ਨੂੰ ਕੋਰਟ 'ਚ ਪੇਸ਼ ਕੀਤਾ ਗਿਆ। ਦੋਵਾਂ ਪੱਖਾਂ ਨੂੰ ਸੁਣਨ ਤੋਂ ਬਾਅਦ ਕੋਰਟ ਨੇ ਵਿਧਾਇਕ ਖਹਿਰਾ ਨੂੰ ਦੋ ਦਿਨ ਲਈ ਪੁਲਸ ਰਿਮਾਂਡ 'ਤੇ ਭੇਜ ਦਿੱਤਾ। ਪੁਲਸ ਦਾ ਕਹਿਣਾ ਹੈ ਕਿ 7 ਦਿਨ ਦੇ ਰਿਮਾਂਡ ਦੀ ਮੰਗ ਕੀਤੀ ਗਈ, ਪਰ ਦੋ ਦਿਨ ਦਾ ਹੀ ਰਿਮਾਂਡ ਮਿਲਿਆ। ਪੁਲਸ ਨੇ ਇਸ ਮਾਮਲੇ 'ਚ ਖਹਿਰਾ ਤੋਂ ਮੋਬਾਇਲ ਅਤੇ ਕੁਝ ਸਿਮ ਰਿਕਵਰ ਕਰਨੀਆਂ ਹਨ।

ਖਹਿਰਾ ਨੇ ਕਿਹਾ—ਚਿੰਤਾ ਨਹੀਂ ਕਰਨੀ। ਪਹਿਲਾਂ ਵੀ 50 ਇਸ ਤਰ੍ਹਾਂ ਦੇ ਕੇਸ ਉਨ੍ਹਾ 'ਤੇ ਹੋ ਚੁੱਕੇ ਹਨ। ਅਰਾਮ ਨਾਲ ਲੜਾਂਗਾ, ਮੇਰੇ 'ਚ ਦਮ ਹੈ, ਪਰ ਇਹ ਇਨ੍ਹਾਂ ਦੀ ਕਰਤੂਤ ਦੇਖ ਲਓ, ਪੁਰਾਣੇ 2015 ਦੇ ਝੂਠੇ ਕੇਸ 'ਚ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕਰ ਰਹੇ ਹਨ, ਜਿਸ 'ਚ ਸੁਪਰੀਮ ਕੋਰਟ ਨੇ ਸੰਮਨ ਕੁੈਸ਼ ਕੀਤਾ ਹੋਇਆ ਹੈ, ਰਿਲੀਫ਼ ਮਿਲੀ ਹੋਈ ਹੈ। ਫਿਰ ਵੀ ਉਸੇ ਕੇਸ 'ਚ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਜਿਸ 'ਚ ਕੁਝ ਮਿਲਿਆ ਵੀ ਨਹੀਂ।

ਉਨ੍ਹਾ ਦੇ ਬੇਟੇ ਮਹਿਤਾਬ ਸਿੰਘ ਖਹਿਰਾ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਕੋਰਟ 'ਚ ਲੈ ਕੇ ਜਾਣਗੇ। ਉਥੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਉਹ ਇਸ ਕਾਰਵਾਈ ਦਾ ਵਿਰੋਧ ਕਰਦੇ ਹਨ। ਉਨ੍ਹਾ ਕਿਹਾ ਕਿ ਪਾਰਟੀ ਜਲਦ ਹੀ ਇਸ ਮਾਮਲੇ 'ਚ ਸੰਘਰਸ਼ ਦਾ ਐਲਾਨ ਕਰੇਗੀ।

ਜਾਣਕਾਰੀ ਅਨੁਸਾਰ ਪੰਜ ਮਾਰਚ 2015 ਨੂੰ ਜਲਾਲਾਬਾਦ ਥਾਣਾ ਸਦਰ ਦੀ ਪੁਲਸ ਨੇ ਅੱਠ ਵਿਅਕਤੀਆਂ ਨੂੰ ਹੈਰੋਇਨ ਅਤੇ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰ ਵਿਅਕਤੀਆਂ 'ਚ ਕਪੂਰਥਲਾ ਦੇ ਇੱਕ ਮੁਲਜ਼ਮ ਦੀ ਸਿਫਾਰਸ਼ ਉਸ ਸਮੇਂ ਸੁਖਪਾਲ ਸਿੰਘ ਖਹਿਰਾ ਨੇ ਕੀਤੀ ਸੀ। ਬਾਅਦ 'ਚ ਸੁਖਪਾਲ ਖਹਿਰਾ ਨੂੰ ਵੀ ਇਸ ਕੇਸ 'ਚ ਮੁਲਜ਼ਮ ਬਣਾਇਆ ਗਿਆ ਸੀ। ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਸੁਖਪਾਲ ਖਹਿਰਾ ਦੀ ਗ੍ਰਿਫਤਾਰੀ ਦਾ ਵਿਰੋਧ ਕਰਦਾ ਹੈ।

### 'ਬਨੇਗਾ' ਤੇ ਛੁਟੇਰੀ...

ਇਸ ਮੌਕੇ ਤਿਆਰੀ ਕਮੇਟੀ ਦੇ ਕਨਵੀਨਰ ਐਡਵੋਕੇਟ ਰਾਜਿੰਦਰ ਸਿੰਘ ਮੰਡ ਨੇ ਵਲੰਟੀਅਰ ਸੰਮੇਲਨ ਦਾ ਉਦਘਾਟਨ ਕਰਦਿਆਂ ਸਭ ਨੂੰ ਜੀ ਆਇਆਂ ਕਿਹਾ।

ਹਾਜ਼ਰ ਵਲੰਟੀਅਰਾਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਸਾਥੀ ਜਗਰੂਪ ਸਿੰਘ ਨੇ ਭਗਤ ਸਿੰਘ ਦੇ ਜਨਮ ਦਿਨ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪਰਮਗੁਣੀ ਭਗਤ ਸਿੰਘ ਵੱਲੋਂ ਆਪਣੇ ਸੱਚੇ ਆਦਰਸ਼ ਖਾਤਰ ਕੀਤੀ ਕੁਰਬਾਨੀ ਜਿਥੇ ਅੱਜ ਵੀ ਜਵਾਨੀ ਵਿੱਚ ਕੁਝ ਕਰ ਗੁਜ਼ਰਨ ਦੀ ਨਵੀਂ ਰੂਹ ਫੂਕਦੀ ਹੈ, ਉਥੇ ਉਹਨਾ ਵੱਲੋਂ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਸਮਾਜਵਾਦੀ ਲੀਹਾਂ 'ਤੇ ਚਲਾਉਣ ਲਈ ਸੁਝਾਇਆ ਇਨਕਲਾਬੀ ਪ੍ਰੋਗਰਾਮ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੀ ਜਵਾਨੀ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ ਅਤੇ ਖੇਤੀ ਕਾਨੂੰਨਾਂ ਦੀ ਮਾਰ ਹੇਠ ਆਉਣ ਵਾਲੀ ਕਿਸਾਨੀ ਨੂੰ ਬਚਾਉਣ ਦੀ ਸਮਰੱਥਾ ਰੱਖਦਾ ਹੈ, ਪਰ ਅੱਜ ਪੰਜਾਬ ਵਿੱਚ ਭਗਤ ਸਿੰਘ ਦਾ ਨਾਂਅ ਅਤੇ ਉਹਨਾ ਦਾ ਬੁਲੰਦ ਕੀਤਾ ਨਾਅਰਾ ਇਨਕਲਾਬ ਜ਼ਿੰਦਾਬਾਦ ਨੂੰ ਵਰਤ ਕੇ ਸੱਤਾ ਵਿਚ ਆਈ ਪੰਜਾਬ ਸਰਕਾਰ ਨੇ ਦੇਸ਼ ਅਤੇ ਦੁਨੀਆ ਦੀ ਸਰਮਾਏਦਾਰੀ ਦੇ ਇਸ਼ਾਰੇ 'ਤੇ ਪੰਜਾਬ ਦੇ ਕਾਮਿਆਂ ਤੋਂ ਕੰਮ ਖੋਹਣ ਲਈ 8 ਘੰਟੇ ਦੀ ਬਜਾਏ 12 ਘੰਟੇ ਕੰਮ ਦਿਹਾੜੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜੋ ਕਿ ਨਿਹਾਇਤ ਹੀ ਨਿੰਦਣਯੋਗ ਕਾਰਾ ਹੈ ਅਤੇ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ ਦੇ ਉਲਟ ਹੈ। ਉਹਨਾ ਕਿਹਾ ਕਿ 12 ਘੰਟੇ ਦੀ ਕੰਮ ਦਿਹਾੜੀ ਕਰਨ ਨਾਲ ਕੰਮ 'ਤੇ ਲੱਗੇ 33 ਫੀਸਦੀ ਕਾਮੇ ਬੇਰੁਜ਼ਗਾਰ ਹੋਣਗੇ ਅਤੇ ਕੰਮ ਕਰਨ ਵਾਲਿਆਂ 'ਤੇ ਕੰਮ ਦਾ ਬੋਝ ਵਧੇਗਾ। ਉਹਨਾ ਭਗਤ ਸਿੰਘ ਦਾ ਹਵਾਲਾ ਦਿੰਦਿਆਂ ਕਿਹਾ ਕਿ ਭਗਤ ਸਿੰਘ ਤਾਂ ਆਪਣੀਆਂ ਲਿਖਤਾਂ ਰਾਹੀਂ ਕੰਮ ਦੇ ਘੰਟੇ ਜ਼ਰੂਰਤ ਅਨੁਸਾਰ ਘੱਟ ਕਰਨ 'ਤੇ ਜ਼ੋਰ ਦਿੰਦਾ ਹੈ। ਉਹਨਾ ਨੌਜਵਾਨਾਂ, ਵਿਦਿਆਰਥੀਆਂ ਅਤੇ ਕਾਮਿਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਲਈ ਸੰਘਰਸ਼ ਕਰਨ।

ਏ ਆਈ ਐੱਸ ਐੱਫ ਦੇ ਪ੍ਰਮੁੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ ਅੱਜ ਵੀ ਦੇਸ਼ ਦੇ ਲੱਖਾਂ ਲੋਕਾਂ ਨੂੰ ਆਪਣੇ ਸੰਘਰਸ਼ਾਂ ਨੂੰ ਤੇਜ਼ ਕਰਨ ਲਈ ਅਗਵਾਈ ਦੇ ਰਹੀ ਹੈ। ਜਦੋਂ ਅਸੀਂ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ 'ਤੇ ਇਹ ਪ੍ਰੋਗਰਾਮ ਕਰ ਰਹੇ ਹਾਂ ਤਾਂ ਇਸ ਵੇਲੇ ਦੇਸ਼ ਦਾ ਵਿਦਿਆਰਥੀ ਅਤੇ ਸਿੱਖਿਆ ਬਹੁਤ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਕਾਰਪੋਰੇਟ ਪੱਖੀ ਸਰਕਾਰ ਨੈਸ਼ਨਲ ਸਿੱਖਿਆ ਨੀਤੀ ਨੂੰ ਵਿਦਿਆਰਥੀਆਂ ਅਤੇ ਸਾਡੇ ਦੇਸ਼ ਦੇ ਵਿੱਦਿਅਕ ਢਾਂਚੇ ਉਪਰ ਥੋਪ ਰਹੀ ਹੈ, ਜਿਸ ਨਾਲ ਸਿੱਖਿਆ ਆਮ ਅਤੇ ਮੱਧ ਵਰਗੀ ਵਿਦਿਆਰਥੀਆਂ ਤੋਂ ਦੂਰ ਹੋ ਜਾਵੇਗੀ। ਸਿੱਖਿਆ ਬਚਾਉਣ ਦੀ ਲੜਾਈ ਲੜਨ ਵਾਲੇ ਵਿਦਿਆਰਥੀਆਂ ਦੀ ਆਵਾਜ਼ ਬੰਦ ਕਰਨ ਲਈ ਉਹਨਾਂ 'ਤੇ ਝੂਠੇ ਮੁਕੱਦਮੇ ਅਤੇ ਜਾਨਲੇਵਾ ਹਮਲੇ ਕੀਤੇ ਜਾ ਰਹੇ ਹਨ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਅਤੇ ਖੇਤੀ ਨੂੰ ਬਚਾਉਣ ਦੀ ਲੜਾਈ ਦੇ ਨਾਲ-ਨਾਲ ਸਿੱਖਿਆ ਨੂੰ ਬਚਾਉਣ ਦੀ ਲੜਾਈ ਵੀ ਪ੍ਰਮੁੱਖ ਹੈ, ਜਿਸ ਲਈ ਲੜਨਾ ਨੌਜਵਾਨਾਂ ਅਤੇ ਵਿਦਿਆਰਥੀਆਂ ਲਈ ਜ਼ਰੂਰੀ ਹੈ। ਉਹਨਾਂ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਦੇਸ਼ ਪੱਧਰ 'ਤੇ ਸਿੱਖਿਆ ਬਚਾਉਣ ਲਈ ਮੋਹਰੀ ਹੋ ਕੇ ਲੜ ਰਹੀ ਹੈ।

ਪਰਮਜੀਤ ਸਿੰਘ ਢਾਬਾਂ, ਚਰਨਜੀਤ ਸਿੰਘ ਛਾਂਗਾ ਰਾਏ, ਕਸ਼ਮੀਰ ਸਿੰਘ ਗਦਾਈਆ ਅਤੇ ਕੁਲਦੀਪ ਭੋਲਾ ਨੇ ਕਿਹਾ ਕਿ ਪਰਮਗੁਣੀ ਭਗਤ ਸਿੰਘ ਦਾ ਸ਼ਾਨਦਾਰ ਇਨਕਲਾਬੀ ਜੀਵਨ ਨੌਜਵਾਨਾਂ ਲਈ ਹਮੇਸ਼ਾ ਹੀ ਰਾਹ ਦਸੇਰਾ ਰਿਹਾ ਹੈ। ਉਹਨਾਂ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦੀ ਪਾਈ ਪਿਰਤ ਜਿੱਥੇ ਇਸ ਦਿਨ ਨੂੰ ਤਿਉਹਾਰ ਬਣਾਉਣ ਵਾਲੇ ਮਕਸਦ ਵਿੱਚ ਸਫਲ ਹੋ ਰਹੀ ਹੈ, ਉਥੇ ਬੁੱਧੀਜੀਵੀਆਂ ਵੱਲੋਂ ਭਗਤ ਸਿੰਘ ਦੇ ਸੱਚੇ ਇਨਕਲਾਬੀ ਬਿੰਬ ਨੂੰ ਖੋਜ ਕੇ ਲੋਕਾਂ ਸਾਹਮਣੇ ਵੱਖ-ਵੱਖ ਢੰਗਾਂ ਰਾਹੀਂ ਪੇਸ਼ ਕਰਨ ਦੀ ਕਵਾਇਦ ਨੇ ਭਗਤ ਸਿੰਘ ਦੀ ਮਹਾਨਤਾ ਨੂੰ ਹੋਰ ਵਧਾਇਆ ਹੈ। ਉਹਨਾਂ ਅੱਜ ਦੇ ਦਿਨ 'ਤੇ ਇਕ ਵਿਸ਼ੇਸ਼ ਐਲਾਨ ਕਰਦਿਆਂ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਦੀ ਕੇਂਦਰੀ ਕਮੇਟੀ ਦੇ ਫੈਸਲੇ ਅਨੁਸਾਰ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਅਤੇ 6 ਘੰਟੇ ਦੀ ਕੰਮ ਦਿਹਾੜੀ ਦੀ ਪ੍ਰਾਪਤੀ ਲਈ ਨੌਜਵਾਨਾਂ, ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਉਤਰੀ ਭਾਰਤ ਵਿਚ ਕੀਤੇ ਜਾਣ ਵਾਲੇ ਜਥਾ ਮਾਰਚ ਦਾ ਆਗਾਜ਼ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ 16 ਨਵੰਬਰ ਤੋਂ ਉਹਨਾ ਦੇ ਜੱਦੀ ਪਿੰਡ ਸਰਾਭਾ ਤੋਂ ਕੀਤਾ ਜਾਵੇਗਾ। ਇਹ ਜੱਥਾ ਮਾਰਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹੁੰਦਾ ਹੋਇਆ ਉੱਤਰੀ ਭਾਰਤ ਦੇ ਸਾਰੇ ਸੂਬਿਆਂ ਵਿੱਚ ਜਾਗਰੂਕਤਾ ਪੈਦਾ ਕਰੇਗਾ। ਆਗੂਆਂ ਕਿਹਾ ਕਿ ਉਕਤ ਜੱਥਾ ਮਾਰਚ ਦੀ ਸਫਲਤਾ ਅਤੇ ਜਥੇਬੰਦਕ ਢਾਂਚੇ ਵਿੱਚ ਨਿਖਾਰ ਲਿਆਉਣ ਲਈ ਅਕਤੂਬਰ ਦੇ ਦੂਜੇ ਹਫਤੇ 3 ਰੋਜ਼ਾ ਸੂਬਾਈ ਵਰਕਸ਼ਾਪ ਵੀ ਕੀਤੀ ਜਾਵੇਗੀ।

ਇਸ ਸੰਮੇਲਨ ਵਿੱਚ ਬੁਲਾਰਿਆਂ ਦੇ ਉਤਸ਼ਾਹਪੂਰਵਕ ਭਾਸ਼ਣਾਂ ਤੋਂ ਇਲਾਵਾ ਨੌਜਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਦੇ ਜੀਵਨ ਫਲਸਫੇ ਨੂੰ ਪੇਸ਼ ਕਰਦੇ ਇਨਕਲਾਬੀ ਗੀਤ, ਕਵਿਤਾਵਾਂ ਅਤੇ ਹੋਰ ਵੱਖ-ਵੱਖ ਵੰਨਗੀਆਂ ਪੇਸ਼ ਕਰਕੇ ਮਾਹੌਲ ਨੂੰ ਜੋਸ਼ੀਲੇ ਅਤੇ ਇਨਕਲਾਬੀ ਰੰਗ ਵਿੱਚ ਰੰਗਿਆ ਗਿਆ। ਸੰਮੇਲਨ ਵਿੱਚ ਬੇਰੁਜ਼ਗਾਰੀ ਦੇ ਮੁਕੰਮਲ ਖਾਤਮੇ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਅਤੇ ਇਹਦੇ ਅਮਲ ਲਈ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ' ਦੀ ਪ੍ਰਾਪਤੀ, ਨਸ਼ਿਆਂ ਦੇ ਮੁਕੰਮਲ ਖਾਤਮੇ, ਕੌਮੀ ਸਿੱਖਿਆ ਨੀਤੀ ਦੀ ਬਜਾਏ ਜਨਤਕ ਸਿੱਖਿਆ ਨੀਤੀ ਅਤੇ ਸਹਿਯੋਗੀ ਲਾਹੇਵੰਦ ਖੇਤੀ ਨੀਤੀ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਕਰਨ ਲਈ ਮਤੇ ਪੇਸ਼ ਕੀਤੇ ਗਏ, ਜੋ ਸਮੁੱਚੇ ਵਲੰਟੀਅਰਾਂ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਕੀਤੇ ਗਏ। ਵਲੰਟੀਅਰ ਸੰਮੇਲਨ ਉਪਰੰਤ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚ ਵਰਦੀਧਾਰੀ ਵਲੰਟੀਅਰਾਂ ਵੱਲੋਂ ਮਾਰਚ ਕਰਕੇ ਆਮ ਲੋਕਾਂ ਨੂੰ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ ਗਿਆ। ਸੰਮੇਲਨ ਦੇ ਮੰਚ ਤੋਂ 28 ਸਤੰਬਰ ਵਾਲੀ ਰਾਤ ਨੂੰ ਘਰਾਂ ਦੇ ਬਨੇਰਿਆਂ 'ਤੇ ਦੀਪਮਾਲਾ ਕਰਨ ਲਈ ਵੀ ਸੱਦਾ ਦਿੱਤਾ ਗਿਆ। ਸੰਮੇਲਨ ਵਿੱਚ ਹਾਜ਼ਰ ਸੰਗਤਾਂ ਲਈ ਲਾਇਆ ਲੰਗਰ ਮਰਹੂਮ ਕਾਮਰੇਡ ਰੂਪ ਸਿੰਘ ਬੁਰਜ ਹਮੀਰਾ ਸਾਬਕਾ ਚੇਅਰਮੈਨ ਬਲਾਕ ਸੰਮਤੀ ਨਿਹਾਲ ਸਿੰਘ ਵਾਲਾ ਨੂੰ ਸਮਰਪਿਤ ਸੀ। ਵਲੰਟੀਅਰ ਸੰਮੇਲਨ ਨੂੰ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਮੀਤ ਸਕੱਤਰ ਹਰਭਜਨ ਛੱਪੜੀ ਵਾਲਾ, ਸੂਬਾ ਮੀਤ ਪ੍ਰਧਾਨ ਅਤੇ ਹਰਮੇਲ਼ ਉਭਾ, ਸੂਬਾ ਮੀਤ ਸਕੱਤਰ ਨਵਜੀਤ ਸੰਗਰੂਰ, ਕੌਮੀ ਕੌਂਸਲ ਮੈਂਬਰ ਵਿਸ਼ਾਲ ਵਲਟੋਹਾ, ਜਸਪ੍ਰੀਤ ਕੌਰ ਬਧਨੀ, ਮੋਗਾ ਤੋਂ ਜ਼ਿਲ੍ਹਾ ਸਕੱਤਰ ਗੁਰਦਿੱਤ ਦੀਨਾ, ਜ਼ਿਲ੍ਹਾ ਪ੍ਰਧਾਨ ਜਗਵਿੰਦਰ ਕਾਕਾ, ਏ ਆਈ ਐਸ ਐੱਫ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ, ਜ਼ਿਲ੍ਹਾ ਸਕੱਤਰ ਸਵਰਾਜ ਖੋਸਾ, ਨਵਜੋਤ ਕੌਰ ਬਿਲਾਸਪੁਰ, ਫਾਜ਼ਿਲਕਾ ਦੇ ਜ਼ਿਲ੍ਹਾ ਸਕੱਤਰ ਸੁਬੇਗ ਝੰਗੜ ਭੈਣੀ, ਨਰਿੰਦਰ ਢਾਬਾਂ, ਅਵਨ ਕੌਰ, ਰਿਸ਼ਵ ਮਾੜੀਆਂ ਵਾਲਾ, ਫਰੀਦਕੋਟ ਤੋਂ ਗੋਰਾ ਪਿੱਪਲੀ, ਮੁਕਤਸਰ ਤੋਂ ਸੰਦੀਪ ਮਲੋਟ, ਭਗਵਾਨ ਦਾਸ ਬਹਾਦਰਕੇ, ਕੇਵਲ ਛਾਂਗਾ ਰਾਏ ਤੇ ਪਿਆਰਾ ਮੇਘਾ ਆਦਿ ਨੇ ਵੀ ਸੰਬੋਧਨ ਕੀਤਾ।

### ਹਰੀ ਕ੍ਰਾਂਤੀ ਦੇ...

ਸੰਦੇਸ਼ 'ਚ ਮੁੱਖ ਮੰਤਰੀ ਨੇ ਡਾ. ਸਵਾਮੀਨਾਥਨ ਦੇ ਦੇਹਾਂਤ ਨੂੰ ਖੇਤੀਬਾੜੀ ਵਿਗਿਆਨ ਦੇ ਖ਼ੇਤਰ 'ਚ ਇੱਕ ਯੁੱਗ ਦਾ ਅੰਤ ਦੱਸਿਆ। ਉਨ੍ਹਾ ਕਿਹਾ ਕਿ ਡਾ. ਸਵਾਮੀਨਾਥਨ ਦੇ ਯੋਗਦਾਨ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ। ਮਾਨ ਨੇ ਕਿਹਾ ਕਿ ਇਸ ਪ੍ਰਸਿੱਧ ਖੇਤੀਬਾੜੀ ਵਿਗਿਆਨੀ ਦੇ ਦੇਹਾਂਤ ਨਾਲ ਇਕ ਵੱਡਾ ਖੱਪਾ ਪਿਆ ਹੈ, ਜਿਸ ਦਾ ਨੇੜ ਭਵਿੱਖ 'ਚ ਭਰਿਆ ਜਾਣਾ ਸੰਭਵ ਨਹੀਂ ਲੱਗਦਾ। ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਡਾ. ਸਵਾਮੀਨਾਥਨ ਦਾ ਦੇਹਾਂਤ ਦੇਸ਼ ਲਈ ਬਹੁਤ ਵੱਡਾ ਘਾਟਾ ਹੈ। ਉਹਨਾ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

## ਅਖਾੜਾ ਸਕੂਲ ਦੇ ਵਿਦਿਆਰਥੀਆਂ ਨੇ ਹਾਕੀ 'ਚ ਮਾਰੀਆਂ ਮੱਲਾਂ

**ਜਗਰਾਉਂ (ਸੰਜੀਵ ਅਰੋੜਾ)**-ਖੇਡਾਂ ਵਤਨ ਪੰਜਾਬ ਦੀਆਂ ਤਹਿਤ ਪੰਜਾਬ ਸਕੂਲ ਸਿੱਖਿਆ ਬੋਰਡ ਬਲਾਕ ਜਗਰਾਉਂ ਦੇ ਖੇਡ ਟੂਰਨਾਮੈਂਟ 'ਚ ਬਲਾਕ ਪੱਧਰ 'ਤੇ ਅੰਡਰ-14 'ਚ ਸਰਕਾਰੀ ਸੈਕੰਡਰੀ ਸਕੂਲ ਅਖਾੜਾ ਦੀ ਕੁੜੀਆਂ ਦੀ ਟੀਮ ਨੇ ਸਰਕਾਰੀ ਹਾਈ ਸਕੂਲ ਚਚਰਾੜੀ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਹੀ ਤਰ੍ਹਾਂ ਅੰਡਰ-14 ਮੁੰਡਿਆਂ ਦੀ ਟੀਮ ਨੇ ਮਿਡਲ ਸਕੂਲ ਬਾਰਦੇਕੇ ਨੂੰ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਰਬਦੀਪ ਕੌਰ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਬੱਚਿਆਂ ਨੂੰ ਹੋਰ ਅਗਲੇਰੀਆਂ ਮੰਜ਼ਿਲਾਂ ਸਰ ਕਰਨ ਲਈ ਪ੍ਰੇਰਿਤ ਕੀਤਾ। ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਖਿਡਾਰੀਆਂ ਅਤੇ ਚਿਰੰਜੀ ਲਾਲ ਤੇ ਕੁਲਵਿੰਦਰ ਸਿੰਘ ਸਮਰਾ (ਦੋਵੇਂ ਕੋਚ) ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਬਲਵਿੰਦਰ ਕੌਰ, ਜਗਰੂਪ ਸਿੰਘ, ਨਰਿੰਦਰਪਾਲ ਕੌਰ, ਰਵਿੰਦਰ ਕੌਰ, ਕੰਵਲਜੀਤ ਕੌਰ, ਮਨਪ੍ਰੀਤ ਕੌਰ, ਗੁਰਦੀਪ ਸਿੰਘ, ਨਿੱਧੀ ਜਿੰਦਲ, ਵਿਜੇ ਲਕਸ਼ਮੀ, ਚਿਰੰਜੀ ਲਾਲ, ਅਮਨ ਸੂਦ, ਪੂਜਾ ਰਾਣੀ, ਅਮ੍ਰਿਤਪਾਲ ਸਿੰਘ, ਜਸਪ੍ਰੀਤ ਸਿੰਘ ਤੇ ਦੀਪਕ ਕੁਮਾਰ ਹਾਜ਼ਰ ਸਨ।

## ਅਕਾਲੀ ਦਲ ਦੇ ਵਰਕਰਾਂ ਵੱਲੋਂ ਬਿਕਰਮ ਮਜੀਠੀਆ ਨਾਲ ਮੁਲਾਕਾਤ

**ਬਰੇਟਾ (ਗੋਬਿੰਦ ਸ਼ਰਮਾ)**-ਸ਼੍ਰੋਮਣੀ ਅਕਾਲੀ ਦਲ ਦੀ ਬਰੇਟਾ ਸ਼ਹਿਰੀ ਟੀਮ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਾਬਕਾ ਮੰਤਰੀ ਸ੍ਰ. ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਵਿਚਾਰ ਸਾਂਝੇ ਕੀਤੇ ਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਵਰਕਰਾਂ ਨੇ ਉਨ੍ਹਾਂ ਨੂੰ ਬਰੇਟਾ ਇਲਾਕੇ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਤਾਂ ਸ੍ਰ. ਮਜੀਠੀਆ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦੇ ਹੀ ਪਹਿਲਾਂ ਦੀ ਤਰ੍ਹਾਂ ਬਰੇਟਾ ਇਲਾਕੇ ਦਾ ਵੱਡੀ ਪੱਧਰ 'ਤੇ ਵਿਕਾਸ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਰੇਟਾ ਸ਼ਹਿਰੀ ਦੇ ਪ੍ਰਧਾਨ ਰਾਜੇਸ਼ ਸਿੰਗਲਾ, ਕੁਲਵੀਰ ਸਿੰਘ ਸਾਬਕਾ ਸਰਪੰਚ ਜੁਗਲਾਨ, ਹੈਪੀ ਜੁਗਲਾਨ, ਵਿਜੇ ਜੈਨ ਫਮਨੀ, ਹਰਪ੍ਰੀਤ ਸਿੰਘ ਕਾਹਨਗੜ੍ਹ ਤੇ ਸ੍ਰ. ਮਜੀਠੀਆ ਦੇ ਸਿਆਸੀ ਸਲਾਹਕਾਰ ਰਾਕੇਸ਼ ਪਰਾਸ਼ਰ ਮੌਜੂਦ ਸਨ।



ਸਰਬ ਭਾਰਤ ਨੌਜਵਾਨ ਸਭਾ ਪੰਜਾਬ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਜਲੰਧਰ ਵਿਖੇ ਮਨਾਏ ਜਾ ਰਹੇ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਰਵਾਨਾ ਹੁੰਦੇ ਖੋਸਾ ਪਾਂਡੋ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ।

(ਫੋਟੋ ਤੇ ਵੇਰਵਾ : ਅਮਰਜੀਤ ਬੱਬਰੀ)

## ਨਸ਼ਿਆਂ ਖਿਲਾਫ਼ ਵਿਦਿਆਰਥੀਆਂ ਨੇ ਲਿਆ ਪ੍ਰਣ

**ਚੀਮਾਂ ਮੰਡੀ, (ਰਵਿੰਦਰ ਚੀਮਾ)** ਮਾਡਰਨ ਕਾਲਜ ਆਫ਼ ਐਜੂਕੇਸ਼ਨ, ਬੀਰ ਕਲਾਂ ਵਿਖੇ ਕਾਲਜ ਦੇ ਪ੍ਰਿੰਸੀਪਲ ਡਾ. ਵੀ.ਕੇ. ਰਾਏ ਤੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੇ ਨਿਰਦੇਸ਼ਾਂ ਅਨੁਸਾਰ ਨਸ਼ਾ ਵਿਰੋਧੀ ਪ੍ਰੋਗਰਾਮ ਆਯੋਜਤ ਕੀਤਾ ਗਿਆ, ਜਿਸ ਵਿੱਚ ਪ੍ਰਿੰਸੀਪਲ ਦੇ ਅਪਣੇ ਸੰਬੋਧਨ ਦੌਰਾਨ ਦੱਸਿਆ ਕਿ ਨਸ਼ਿਆਂ ਦੇ ਵਧ ਰਹੇ ਪ੍ਰਭਾਵ ਕਰਕੇ ਮਾਪਿਆਂ ਦੇ ਪੁੱਤ, ਭੈਣਾਂ ਦੇ ਭਰਾ ਤੇ ਬੱਚਿਆਂ ਦੇ ਸਿਰੋਂ ਬਾਪ ਦਾ ਸਾਇਆ ਉੱਠ ਰਿਹਾ ਹੈ।

ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਪ੍ਰਣ ਵੀ ਕੀਤਾ ਗਿਆ।

## 2030 ਤੱਕ ਦੁਨੀਆ ਦਾ ਹਰ ਪੰਜਵਾਂ ਵਿਅਕਤੀ ਹਿੰਦੀ ਬੋਲੇਗਾ : ਪ੍ਰੋ. ਸੰਜੇ ਦਿਵੇਦੀ



**ਜੈਤੋ (ਸਤੀਸ਼ ਕੁਮਾਰ ਭੀਰੀ)**-ਪਿਛਲੇ ਕੁਝ ਸਾਲਾਂ ਵਿੱਚ ਹਿੰਦੀ ਅਤੇ ਭਾਰਤੀ ਭਾਸ਼ਾਵਾਂ ਨੂੰ ਬਹੁਤ ਪ੍ਰਫੁੱਲਤ ਕੀਤਾ ਗਿਆ ਹੈ। ਲੋਕਾਂ ਵਿੱਚ ਭਾਸ਼ਾ ਪ੍ਰਤੀ ਹੀਣਤਾ ਦੀ ਭਾਵਨਾ ਖਤਮ ਹੋ ਰਹੀ ਹੈ। ਪੰਜਾਬੀ ਦੇ ਸਾਰੇ ਪ੍ਰੋਗਰਾਮਾਂ ਵਿੱਚ ਹਿੰਦੀ ਦਾ ਬੋਲਬਾਲਾ ਹੈ। ਭਾਰਤੀ ਭਾਸ਼ਾਵਾਂ ਦਾ ਇਹ 'ਅੰਮ੍ਰਿਤਕਾਲ' ਹੈ। ਇਹ ਵਿਚਾਰ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ. (ਡਾ.) ਸੰਜੇ ਦਿਵੇਦੀ ਨੇ ਪੱਛਮੀ ਬੰਗਾਲ ਦੀ ਵੱਕਾਰੀ ਸੰਸਥਾ 'ਸਮਰਪਨ ਟਰੱਸਟ' ਵੱਲੋਂ ਕੋਲਕਾਤਾ ਵਿੱਚ ਆਯੋਜਿਤ ਰਾਸ਼ਟਰੀ ਸੈਮੀਨਾਰ ਦੌਰਾਨ ਪ੍ਰਗਟਾਵ ਕੀਤਾ। 'ਹਿੰਦੀ ਦੀ ਦਸ਼ਾ ਤੇ ਦਿਸ਼ਾ' ਵਿਸ਼ੇ 'ਤੇ ਆਯੋਜਤ ਸੈਮੀਨਾਰ ਦੀ ਪ੍ਰਧਾਨਗੀ 'ਛਪਤੇ-ਛਪਤੇ' ਅਤੇ 'ਤਾਜ਼ਾ ਟੀਵੀ' ਦੇ ਮੁੱਖ ਸੰਪਾਦਕ ਵਿਸ਼ੰਭਰ ਨੇਵਰ ਨੇ ਕੀਤੀ। ਇਸ ਮੌਕੇ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਯੂਨੀਵਰਸਿਟੀ, ਕੋਲਕਾਤਾ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਸੋਮਾ ਬੰਦੋਪਾਧਿਆਏ, ਹਾਵੜਾ ਹਿੰਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਵਿਜੇ ਕੁਮਾਰ ਭਾਰਤੀ, ਸਾਬਕਾ ਆਈ.ਪੀ.ਐੱਸ ਅਤੇ ਭੋਜਪੁਰੀ ਸਾਹਿਤ ਦੇ ਉੱਘੇ ਲੇਖਕ ਮ੍ਰਿਤੁੰਜੇ ਕੁਮਾਰ ਸਿੰਘ, ਹਾਵੜਾ ਦੀਨਬੰਧੂ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਸਤਿਆ ਪ੍ਰਕਾਸ ਤਿਵਾੜੀ, ਪ੍ਰੈਜੀਡੈਂਸੀ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ. ਰਿਸ਼ੀ ਭੂਸ਼ਣ ਚੌਬੇ, ਕਚਰਾਪਾਰਾ ਕਾਲਜ, ਕਲਿਆਣੀ ਯੂਨੀਵਰਸਿਟੀ ਵਿੱਚ ਹਿੰਦੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਗੋਸਵਾਮੀ ਜੀਕੇ ਭਾਰਤੀ ਅਤੇ ਪੱਛਮੀ ਬੰਗਾਲ ਸਰਕਾਰ ਦੇ ਸੂਚਨਾ ਅਤੇ ਸੱਭਿਆਚਾਰ ਵਿਭਾਗ ਵਿੱਚ ਰਾਜ ਦੇ ਮੁੱਖ ਪੱਤਰ 'ਪੱਛਮੀ ਬੰਗਾਲ' ਦੇ ਸੰਪਾਦਕ ਡਾ. ਜੈਪ੍ਰਕਾਸ ਮਿਸ਼ਰਾ ਵੀ ਮੌਜੂਦ ਸਨ। ਸੈਮੀਨਾਰ ਦੇ ਮੁੱਖ ਮਹਿਮਾਨ ਵਜੋਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਭਾਰਤੀ ਜਨ ਸੰਚਾਰ ਸੰਸਥਾਨ ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ. ਦਿਵੇਦੀ ਨੇ ਕਿਹਾ ਕਿ ਅੱਜ ਦੁਨੀਆਂ ਦੀਆਂ 260 ਤੋਂ ਵੱਧ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਹਿੰਦੀ ਪੜ੍ਹਾਈ ਜਾਂਦੀ ਹੈ। ਹਿੰਦੀ 68 ਕਰੋੜ ਲੋਕਾਂ ਦੀ ਮਾਂ ਬੋਲੀ ਹੈ। ਹਿੰਦੀ 26 ਕਰੋੜ ਲੋਕਾਂ ਦੀ ਦੂਜੀ ਅਤੇ 45 ਕਰੋੜ ਲੋਕਾਂ ਦੀ ਤੀਜੀ ਭਾਸ਼ਾ ਹੈ। ਇਸ ਧਰਤੀ 'ਤੇ 1 ਅਰਬ 40 ਕਰੋੜ ਲੋਕ ਹਿੰਦੀ ਬੋਲਣ ਅਤੇ ਸਮਝਣ ਦੇ ਯੋਗ ਹਨ। 2030 ਤੱਕ ਦੁਨੀਆ ਦਾ ਹਰ ਪੰਜਵਾਂ ਵਿਅਕਤੀ ਹਿੰਦੀ ਬੋਲੇਗਾ। ਬਾਬਾ ਸਾਹਿਬ ਅੰਬੇਡਕਰ ਐਜੂਕੇਸਨ ਯੂਨੀਵਰਸਿਟੀ, ਕੋਲਕਾਤਾ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਸੋਮਾ ਬੰਦੋਪਾਧਿਆਏ ਨੇ ਕਿਹਾ ਕਿ ਮਾਂ ਬੋਲੀ ਮਾਂ ਦੇ ਦੁੱਧ ਵਰਗੀ ਹੁੰਦੀ ਹੈ। ਮਾਂ-ਬੋਲੀ ਉਹ ਹੈ, ਜਿਸ 'ਚ ਅਸੀਂ ਸੋਚਦੇ ਹਾਂ, ਸੁਪਨੇ ਦੇਖਦੇ ਹਾਂ ਤੇ ਜੀਵਨ ਦੇ ਟੀਚੇ ਤੈਅ ਕਰਦੇ ਹਾਂ। ਉਨ੍ਹਾਂ ਕਿਹਾ ਕਿ ਮੇਰੀ ਮਾਂ ਬੋਲੀ ਬੰਗਾਲੀ ਹੈ, ਪਰ ਹਿੰਦੀ ਨੇ ਮੈਨੂੰ ਪਾਲਿਆ ਹੈ। ਅੱਜ ਮੈਂ ਹਿੰਦੀ ਦੀਆਂ ਹੀ ਖਾਂਦਾ ਹਾਂ। ਹਾਵੜਾ ਹਿੰਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਵਿਜੇ ਕੁਮਾਰ ਭਾਰਤੀ ਨੇ ਕਿਹਾ ਕਿ ਹਿੰਦੀ ਅੱਜ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਤੇ ਪ੍ਰਮੁੱਖ ਭਾਸ਼ਾ ਬਣ ਗਈ ਹੈ। ਦੇਸ ਦੇ ਲੋਕ ਬੇਸ਼ੱਕ ਰਾਸਟਰੀ ਭਾਸ਼ਾ ਨੂੰ ਲੈ ਕੇ ਚਿੰਤਤ ਹਨ, ਪਰ ਜੋ ਵਿਸ਼ਵ ਭਾਸ਼ਾ ਬਣ ਚੁੱਕੀ ਹੈ, ਉਸ ਲਈ ਇਹ ਚਿੰਤਾ ਬਹੁਤ ਘੱਟ ਹੈ।


## ਤਿਓਹਾਰ ਵਿਸ਼ੇਸ਼ ਰੇਲਗੱਡੀਆਂ-2023

ਤਿਓਹਾਰਾਂ ਦੇ ਮੱਦੇਨਜ਼ਰ, ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਉੱਤਰ ਰੇਲਵੇ ਦੁਆਰਾ ਤਿਓਹਾਰ ਵਿਸ਼ੇਸ਼ ਰੇਲਗੱਡੀ ਹੇਠਾ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਚਲਾਈ ਜਾਵੇਗੀ :-

**04049/04050 ਨਵੀਂ ਦਿੱਲੀ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ - ਨਵੀਂ ਦਿੱਲੀ ਰਿਜ਼ਰਵ ਤਿਓਹਾਰ ਸੁਪਰਫਾਸਟ ਵਿਸ਼ੇਸ਼ ਐਕਸਪ੍ਰੈਸ — 26 ਫੇਰੇ**

| ਰੇਲਗੱਡੀ ਨੰ: 04049 | | ↓ ਸਟੇਸ਼ਨ ↑ | ਰੇਲਗੱਡੀ ਨੰ: 04050 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 23:30 | ਨਵੀਂ ਦਿੱਲੀ | 06:25 | ---- |
| 11:25 | ---- | ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ | ---- | 18:30 |

ਚਲਨੇ ਦੇ ਦਿਨ : 04049 ਨਵੀਂ ਦਿੱਲੀ ਤੋਂ ਹਰੇਕ ਸੋਮਵਾਰ ਅਤੇ ਸ਼ਨੀਵਾਰ ਨੂੰ ਮਿਤੀ 16.10.2023 ਤੋਂ 30.11.2023 ਤਕ ਅਤੇ 04050 ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜਾ ਤੋਂ ਹਰੇਕ ਮੰਗਲਵਾਰ ਅਤੇ ਐਤਵਾਰ ਨੂੰ ਮਿਤੀ 17.10.2023 ਤੋਂ 01.12.2023 ਤਕ।
ਠਹਿਰਾਵ : ਸੋਨੀਪਤ, ਪਾਨੀਪਤ, ਕਰਨਾਲ, ਕੁਰੁਕਸ਼ੇਤਰ ਜੰਕਸ਼ਨ, ਅੰਬਾਲਾ ਕੈਂਟ, ਲੁਧਿਆਣਾ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਉਧਮਪੁਰ ਸਟੇਸ਼ਨ।
ਜਗ੍ਹਾਂ : 2 ਟੀਯਰ ਵਾਤਾ ਸਹਿ 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ (ਰਿਜ਼ਰਵ)।

**04080/04079 ਨਵੀਂ ਦਿੱਲੀ - ਵਾਰਾਣਸੀ ਜੰ: - ਨਵੀਂ ਦਿੱਲੀ ਰਿਜ਼ਰਵ ਤਿਓਹਾਰ ਸੁਪਰਫਾਸਟ ਵਿਸ਼ੇਸ਼ ਐਕਸਪ੍ਰੈਸ — 22 ਫੇਰੇ**

| ਰੇਲਗੱਡੀ ਨੰ: 04080 | | ↓ ਸਟੇਸ਼ਨ ↑ | ਰੇਲਗੱਡੀ ਨੰ: 04079 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 19:20 | ਨਵੀਂ ਦਿੱਲੀ | 09:00 | ---- |
| 09:45 | ---- | ਵਾਰਾਣਸੀ ਜੰ: | ---- | 18:35 |

ਚਲਨੇ ਦੇ ਦਿਨ : 04080 ਨਵੀਂ ਦਿੱਲੀ ਤੋਂ ਹਰੇਕ ਸੋਮਵਾਰ, ਵੀਰਵਾਰ ਅਤੇ ਸ਼ਨੀਵਾਰ ਨੂੰ ਮਿਤੀ 06.11.2023 ਤੋਂ 30.11.2023 ਤਕ ਅਤੇ 04079 ਵਾਰਾਣਸੀ ਜੰ: ਤੋਂ ਹਰੇਕ ਮੰਗਲਵਾਰ ਸ਼ੁੱਕਰਵਾਰ ਅਤੇ ਐਤਵਾਰ ਨੂੰ ਮਿਤੀ 07.11.2023 ਤੋਂ 01.12.2023 ਤਕ।
ਠਹਿਰਾਵ : ਗਾਜ਼ੀਆਬਾਦ, ਮੁਰਾਦਾਬਾਦ, ਆਲਮਬਾਗ, ਲਖਨਊ ਅਤੇ ਪ੍ਰਤਾਪਗੜ੍ਹ ਸਟੇਸ਼ਨ।
ਜਗ੍ਹਾਂ : 2 ਟੀਯਰ ਵਾਤਾ ਸਹਿ 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ (ਰਿਜ਼ਰਵ)।

**01654/01653 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਵਾਰਾਣਸੀ ਜੰ: - ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਤਿਓਹਾਰ ਸੁਪਰਫਾਸਟ ਵਿਸ਼ੇਸ਼ ਐਕਸਪ੍ਰੈਸ — 12 ਫੇਰੇ**

| ਰੇਲਗੱਡੀ ਨੰ: 01654 | | ↓ ਸਟੇਸ਼ਨ ↑ | ਰੇਲਗੱਡੀ ਨੰ: 01653 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 23:20 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 11:20 | ---- |
| 23:55 | ---- | ਵਾਰਾਣਸੀ ਜੰ: | ---- | 06:20 |

ਚਲਨੇ ਦੇ ਦਿਨ : 01654 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਤੋਂ ਹਰੇਕ ਐਤਵਾਰ ਨੂੰ ਮਿਤੀ 22.10.2023 ਤੋਂ 26.11.2023 ਤਕ ਅਤੇ 01653 ਵਾਰਾਣਸੀ ਜੰ: ਤੋਂ ਹਰੇਕ ਮੰਗਲਵਾਰ ਨੂੰ ਮਿਤੀ 24.10.2023 ਤੋਂ 28.11.2023 ਤਕ।
ਠਹਿਰਾਵ : ਉਧਮਪੁਰ, ਜੰਮੂ ਤਵੀ, ਪਠਾਨਕੋਟ ਕੈਂਟ, ਜਲੰਧਰ ਕੈਂਟ, ਲੁਧਿਆਣਾ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ ਅਤੇ ਸੁਲਤਾਨਪੁਰ ਸਟੇਸ਼ਨ।
ਜਗ੍ਹਾਂ : 2 ਟੀਯਰ ਵਾਤਾ., 3 ਟੀਯਰ ਵਾਤਾ. ਅਤੇ 3 ਟੀਯਰ ਵਾਤਾ. ਇਕੋਨਾਮੀ ਕਲਾਸ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸ ਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ।

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ | G20 | ਉੱਤਰ ਰੇਲਵੇ | www.nr.indianrailways.gov.in

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — ਉਤੇ ਸਾਨੂੰ ਫਾਲੋ ਕਰੋ


## ਜੀਣਾ ਸੀਖੋ ਲਾਈਫ ਕੇਅਰ ਲਿਮਟਿਡ

Jeena Sikho LIFECARE

ਸੀ ਆਈ ਐੱਨ : ਐੱਲ 52601 ਪੀ ਬੀ 2017 ਪੀ ਐੱਲ ਸੀ 046545

ਰਜਿਸਟਰਡ ਦਫਤਰ : ਐੱਸ ਸੀ ਓ 11, ਕਲਗੀਧਰ ਇਨਕਲੇਵ, ਜ਼ੀਰਕਪੁਰ, ਮੋਹਾਲੀ, ਪੰਜਾਬ-140604, ਭਾਰਤ, ਫੋਨ ਨੰ. 017-62513185

ਵੈੱਬਸਾਈਟ http://www.jeenasikho.co.in/ ਈਮੇਲ ਆਈ ਡੀ: cs@jeenasikho.co.in

### ਮੈਂਬਰਾਂ ਦੀ ਅਸਧਾਰਨ ਜਨਰਲ ਮੀਟਿੰਗ ਲਈ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਜੀਣਾ ਸੀਖੋ ਨਾਲ ਲਾਈਫ ਕੇਅਰ ਲਿਮਟਿਡ ("ਦਾ ਕੰਪਨੀ") ਦੇ ਮੈਂਬਰਾਂ ਦੀ ਅਸਧਾਰਨ ਜਨਰਲ ਮੀਟਿੰਗ ("ਈ ਜੀ ਐੱਮ") ਮਿਤੀ 25 ਸਤੰਬਰ 2023 ਨੂੰ ਈ ਜੀ ਐੱਮ ("ਈ ਜੀ ਐੱਮ ਨੋਟਿਸ") 'ਚ ਉਲੇਖ ਹੇਠਾਂ ਦਰਸਾਏ ਕਾਰੋਬਾਰ ਦੇ ਨਿਪਟਾਰੇ ਲਈ ਸ਼ੁੱਧੀ ਅਯੁਰਵੇਦਾ ਪੰਚਕਰਮਾ ਹਸਪਤਾਲ, ਪਿੰਡ ਦੇਵੀ ਨਗਰ, ਹਦਬਸਤ ਨੰ. 18, ਤਹਿਸੀਲ ਡੇਰਾਬਸੀ, ਪੰਜਾਬ-140507 ਵਿਖੇ ਸੋਮਵਾਰ 23 ਅਕਤੂਬਰ 2023 ਨੂੰ ਕੀਤੀ ਜਾਵੇਗੀ।

(1) ਅਧਿਕਾਰਤ ਸ਼ੇਅਰ 'ਚ ਵਾਧਾ
(2) ਇਕੁਇਟੀ ਸ਼ੇਅਰਾਂ ਦੇ ਬੋਨਸ ਸ਼ੇਅਰਾਂ ਦੀ ਮਨਜ਼ੂਰੀ
ਕੰਪਨੀਜ਼ (ਮੈਨੇਜਮੈਂਟ ਅਤੇ ਐਡਮਨਿਸਟ੍ਰੇਸ਼ਨ)

ਰੂਲਜ਼, 2014 ("ਰੂਲਜ਼") ਦੇ ਰੂਲ 20 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ, 2013 ਦੀਆਂ ਹੋਰ ਲਾਗੂ ਵਿਵਸਥਾਵਾਂ ਅਤੇ ਸਕਿਉਰਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ("ਲਿਸਟਿੰਗ ਰੈਗੂਲੇਸ਼ਨਜ਼") ਦੇ ਸੈਕਸ਼ਨ 108 ਦੀ ਪਾਲਣਾ 'ਚ ਕੰਪਨੀ ਈ ਜੀ ਐੱਮ ਨੋਟਿਸ 'ਚ ਉਲੇਖ ਕਾਰੋਬਾਰ ਦੇ ਸੰਬੰਧ 'ਚ ਈ ਜੀ ਐੱਮ ਦੇ ਇੱਕ ਸਥਾਨ ਤੋਂ ਇਲੈਕਟ੍ਰਾਨਿਕ ਢੰਗ ਰਾਹੀਂ ("ਰਿਮੋਟ ਈ-ਵੋਟਿੰਗ") ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਸਹੂਲਤ ਪ੍ਰਦਾਨ ਕਰਨ 'ਚ ਖੁਸ਼ੀ ਮਹਿਸੂਸ ਕਰ ਰਹੀ ਹੈ।

ਮੈਂਬਰਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਕੰਪਨੀ ਨੂੰ 22 ਸਤੰਬਰ 2023 ਨੂੰ ਕੱਟ ਆਫ ਡੇਟ ਮਿਤੀ 'ਤੇ ਸ਼ੇਅਰ ਹੋਲਡਰਾਂ ਦੀ ਯੋਗਤਾ ਦੇ ਮੰਤਵ ਲਈ ਈ ਜੀ ਐੱਮ ਨੋਟਿਸ ਭੇਜਣ ਲਈ ਈ ਜੀ ਐੱਮ ਨੋਟਿਸ ਸਮੇਤ ਵੇਰਵਿਆਂ ਅਤੇ ਵੋਟਿੰਗ ਪ੍ਰਕਿਰਿਆ ਅਤੇ ਸੰਬੰਧਤ ਵੇਰਵਿਆਂ ਦੀ 28 ਸਤੰਬਰ 2023 ਨੂੰ ਕੰਮ ਮੁਕੰਮਲ ਕਰ ਲਿਆ ਹੈ। ਉਹ ਮੈਂਬਰ, ਜਿਨ੍ਹਾਂ ਦੇ ਨਾਂਅ ਬੁੱਧਵਾਰ, 18 ਅਕਤੂਬਰ 2023 ("ਵੋਟਿੰਗ ਕੱਟ ਆਫ ਡੇਟ") ਨੂੰ ਮੈਂਬਰਾਂ ਦੇ ਰਜਿਸਟਰ/ਲਾਭਪਾਤਰੀ ਮਾਲਕਾਂ ਦੀ ਸੂਚੀ 'ਚ ਸ਼ਾਮਲ ਹਨ।

ਈ ਜੀ ਐੱਮ ਨੋਟਿਸ 'ਚ ਉਲੇਖ ਰੈਜ਼ੋਲੂਸ਼ਨਜ਼ 'ਤੇ ਵੋਟ ਪਾਉਣ ਦੇ ਯੋਗ ਹਨ। ਇੱਕ ਵਿਅਕਤੀ, ਜਿਸ ਦਾ ਨਾਂਅ ਡਿਪਾਜ਼ਟਰੀਜ਼ ਦੇ ਰੱਖ-ਰਖਾਵ ਵਾਲੇ ਲਾਭਪਾਤਰੀ ਮਾਲਕਾਂ ਦੇ ਰਜਿਸਟਰ 'ਚ ਦਰਜ ਹੋਵੇਗਾ, ਈ ਜੀ ਐੱਮ 'ਚ ਵੋਟਿੰਗ ਦੇ ਨਾਲ-ਨਾਲ ਰਿਮੋਟ ਈ-ਵੋਟਿੰਗ ਦੀ ਸਹੂਲਤ ਹਾਸਲ ਕਰਨ ਦੇ ਯੋਗ ਹੋਣਗੇ। ਰਿਮੋਟ ਈ-ਵੋਟਿੰਗ ਦਾ ਸਮਾਂ ਸ਼ੁੱਕਰਵਾਰ, 20 ਅਕਤੂਬਰ ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗਾ ਅਤੇ ਐਤਵਾਰ, 22 ਅਕਤੂਬਰ 2023 ਨੂੰ ਸ਼ਾਮ ਦੇ 5.00 ਵਜੇ ਸਮਾਪਤ ਹੋਵੇਗਾ। ਉੱਕਤ ਮਿਤੀ ਅਤੇ ਸਮੇਂ ਤੋਂ ਬਾਅਦ ਰਿਮੋਟ ਈ-ਵੋਟਿੰਗ ਦੀ ਆਗਿਆ ਨਹੀਂ ਹੋਵੇਗੀ।

ਇਸ ਮਿਤੀ ਤੋਂ ਬਾਅਦ ਪ੍ਰਾਪਤ ਪੇਸ਼ਕਾਰੀਆਂ ਤਾਂ ਹੀ ਵਿਚਾਰੀਆਂ ਜਾਣਗੀਆਂ, ਜੇਕਰ ਪਹਿਲਾਂ ਪ੍ਰਾਪਤ ਨਾ ਕੀਤੀਆਂ ਗਈਆਂ ਹੋਣਗੀਆਂ। ਇਲੈਕਟ੍ਰਾਨਿਕ ਢੰਗ ਰਾਹੀਂ ਵੋਟ ਪਾਉਣ ਦੇ ਚਾਹਵਾਨ ਮੈਂਬਰ ਈ ਜੀ ਐੱਮ ਨੋਟਿਸ 'ਚ ਦਿੱਤੇ ਈ ਵੋਟਿੰਗ ਦੀ ਵਿਸਥਾਰਤ ਪ੍ਰਕਿਰਿਆ ਅਤੇ ਈ ਜੀ ਐੱਮ ਨੋਟਿਸ ਭੇਜੇ ਜਾਣ ਵਾਲੀ ਈ ਮੇਲ ਦਾ ਹਵਾਲਾ ਲੈ ਸਕਦੇ ਹਨ। ਰਿਮੋਟ ਈ-ਵੋਟਿੰਗ ਰਾਹੀਂ ਵੋਟ ਦਾ ਅਧਿਕਾਰ ਇਸਤੇਮਲ ਕੀਤੇ ਜਾਣ ਤੋਂ ਬਾਅਦ ਈ ਜੀ ਐੱਮ 'ਚ ਹਿੱਸਾ ਲੈ ਸਕਦੇ ਹਨ, ਪ੍ਰੰਤੂ ਮੀਟਿੰਗ ਦੌਰਾਨ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਜਿਨ੍ਹਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ, ਈ ਜੀ ਐੱਮ ਦੌਰਾਨ, ਐਕਟ 'ਚ ਦਰਸਾਏ ਅਨੁਸਾਰ ਬੈਲਟ ਪੇਪਰ ਰਾਹੀਂ ਵੋਟ ਪਾ ਸਕਦੇ ਹਨ। ਕੰਪਨੀ ਨੇ ਪਾਈਆਂ ਵੋਟਾਂ ਦੀ ਸਕਰਿਊਟਰਨੀ ਲਈ ਮੈਸ. ਜੇ ਨੈਨ ਐਂਡ ਐਸੋਸੀਏਟਸ ਕੰਪਨੀ ਸੈਕਟਰੀਜ਼ ਨੂੰ ਸਕਿਊਟੇਨਾਈਜ਼ਰ ਨਿਯੁਕਤ ਕੀਤਾ ਹੈ। ਈ ਜੀ ਐੱਮ ਦੀ ਵੋਟਿੰਗ ਦਾ ਨਤੀਜਾ ਚੇਅਰਮੈਨ ਵੱਲੋਂ ਅਸਫਲ ਰਹਿਣ 'ਤੇ ਐਕਟ ਅਧੀਨ ਨਿਰਧਾਰਤ ਸੀਮਤ ਸਮੇਂ 'ਚ ਕੰਪਨੀ ਸੈਕਟਰੀ ਵੱਲੋਂ ਐਲਾਨਿਆ ਜਾਵੇਗਾ, ਨਤੀਜਾ ਸਟਾਕ ਐਕਸਚੇਂਜ ਐੱਨ ਐੱਸ ਈ ਰਾਹੀਂ ਦਰਸਾਇਆ ਜਾਵੇਗਾ ਅਤੇ ਕੰਪਨੀ ਦੀ ਵੈੱਬਸਾਈਟ ਤੋਂ ਇਲਾਵਾ ਰਜਿਸਟਰਡ ਦਫਤਰ 'ਤੇ ਵੀ ਦਰਸਾਇਆ ਜਾਵੇਗਾ।

ਈ ਜੀ ਐੱਮ ਦਾ ਨੋਟਿਸ ਕੰਪਨੀ ਦੀ ਵੈੱਬਸਾਈਟ www.jeenasikho.co.in 'ਤੇ ਵੀ ਉਪਲੱਬਧ ਹੈ। ਉਹ ਸ਼ੇਅਰ ਹੋਲਡਰ ਜਿਨ੍ਹਾਂ ਨੇ ਈ ਜੀ ਐੱਮ ਦਾ ਨੋਟਿਸ ਪ੍ਰਾਪਤ ਨਹੀਂ ਕੀਤਾ, ਉਹ ਕੰਪਨੀ ਨੂੰ cs@jeenasikho.co.in ਜਾਂ ਸਾਡੇ ਆਰ ਟੀ ਏ info@skylinerta.com 'ਤੇ ਬੇਨਤੀ ਭੇਜ ਕੇ ਪ੍ਰਾਪਤ ਕਰ ਸਕਦੇ ਹਨ।

ਜੇਕਰ ਸੀ ਡੀ ਐੱਸ ਐੱਲ ਈ-ਵੋਟਿੰਗ ਸਿਸਟਮ ਤੋਂ ਈ-ਵੋਟਿੰਗ ਸੰਬੰਧੀ ਮੁੱਦਿਆਂ 'ਤੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ helpdesk.evoting@cdsindia.com 'ਤੇ ਈਮੇਲ ਲਿਖੋ ਜਾਂ ਟੋਲ ਫ੍ਰੀ ਨੰ. 1800225533 'ਤੇ ਸੰਪਰਕ ਕਰ ਸਕਦੇ ਹੋ, ਇਲੈਕਟ੍ਰਾਨਿਕ ਢੰਗ ਰਾਹੀਂ ਵੋਟਿੰਗ ਦੀ ਸਹੂਲਤ ਸੰਬੰਧੀ ਸ਼ਿਕਾਇਤਾਂ ਲਈ ਸ੍ਰੀ ਰਕੇਸ਼ ਦਲਵੀ, ਸੀਨੀਅਰ ਮੈਨੇਜਰ (ਸੀ ਡੀ ਐੱਸ ਐੱਲ) ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ ਏ ਵਿੰਗ, 25ਵੀਂ ਮੰਜ਼ਲ, ਮੈਰਾਥਨ ਫਿਊਚਰਕਸ ਮਫਤ ਲਾਲ ਮਿੱਲ ਕੰਪਾਊਂਡਜ਼ ਐੱਨ ਐੱਮ ਜੋਸ਼ੀ ਮਾਰਗ, ਲੋਵਰ ਪਾਰੇਲ (ਈਸਟ) ਮੁੰਬਈ-400013 ਨੂੰ ਸੰਬੋਧਿਤ ਕੀਤਾ ਜਾਵੇ।

ਵਾਸਤੇ ਅਤੇ ਤਰਫੋਂ ਬੋਰਡ ਆਫ ਡਾਇਰੈਕਟਰਜ਼
ਜੀਣਾ ਸੀਖੋ ਲਾਈਫ ਕੇਅਰ ਲਿਮਟਿਡ
ਸਹੀ/- ਮਨੀਸ਼ ਗਰੋਵਰ
ਮੈਨੇਜਿੰਗ ਡਾਇਰੈਕਟਰ
(ਡੀ ਆਈ ਐੱਨ : 07557886)

ਮਿਤੀ : 28/09/2023
ਸਥਾਨ : ਜ਼ੀਰਕਪੁਰ, ਪੰਜਾਬ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਬਾਰਡਰ ਏਰੀਆ ਦੇ ਲੋਕਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿੱਤਾ ਜਾਵੇ : ਮਨਜੀਤ

**ਬਟਾਲਾ (ਤਰਲੋਕ ਬੱਗਾ)**

ਕਸਬਾ ਡੇਰਾ ਬਾਬਾ ਨਾਨਕ ਦੇ ਪਿੰਡ ਖੋਦੇਬੇਟ ਵਿਖੇ ਮਨਰੇਗਾ ਮਜ਼ਦੂਰ ਵਰਕਰ ਯੂਨੀਅਨ (ਸਬੰਧਤ ) ਦੀ ਮੀਟਿੰਗ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਬਲਾਕ ਡੇਰਾ ਬਾਬਾ ਨਾਨਕ ਦੇ ਪ੍ਰਧਾਨ ਕਾਮਰੇਡ ਭਜਨ ਸਿੰਘ ਦੇ ਗ੍ਰਹਿ ਵਿਖੇ ਹੋਈ ਜਿਸ ਵਿਚ ਪਿੰਡ ਦੀ ਗਿਆਰਾਂ ਮੈਂਬਰੀ ਚੁਣੀ ਕਮੇਟੀ ਬਣੀ ਗਈ ਜਿਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਆਗੂ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਵਰਕਰਾਂ ਦੀ ਚੁਣੀ ਕਮੇਟੀ ਨੂੰ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿੰਡ ’ਚ ਜੋ ਗਰੀਬ ਲੋਕ ਦੱਸ ਰਹੇ ਹਨ ਉਸ ਨੂੰ ਸੁਣ ਕੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਾਨੂੰਨ ਨਾ ਦੀ ਕੋਈ ਚੀਜ਼ ਨਹੀਂ ਕਿਉਂਕਿ ਸਰਹੱਦੀ ਕਸਬੇ ਨਾਲ ਪਿੰਡ ਸਬੰਧਤ ਹੈ ਪਰ ਲੋਕਾਂ ਦਾ ਪੰਜਾਬ ਅਤੇ ਕੇਂਦਰ ਸਰਕਾਰ ਖਿਲਾਫ ਭਾਰੀ ਰੋਸ ਹੈ ਕਿਉਂਕਿ ਦਰਜਨਾਂ ਪਿੰਡ ’ਚ ਇਹੋ ਜਿਹੇ ਘਰ ਹਨ ਜਿਨ੍ਹਾਂ ਲੋਕਾਂ ਦੇ ਘਰ ਕੱਚੇ ਬਾਲਿਆਂ ਵਾਲੇ ਹਨ ਅਤੇ ਉਹ ਵੀ ਡਿੱਗੇ ਹੋਏ ਹਨ।ਉਨ੍ਹਾਂ ਦੀ ਕਿਸੇ ਨੇ ਵੀ ਅੱਜ ਤਕ ਸਾਰ ਨਹੀਂ ਲਈ। ਬਾਰਡਰ ਏਰੀਆ ਕਰਕੇ ਨਾ ਕੰਮ ਮਿਲਣ ਕਰਕੇ ਭੁੱਖੇ ਰਹਿਣ ਨੂੰ ਮਜਬੂਰ ਹਨ। ਪ੍ਰਸ਼ਾਸਨ ਦਾ ਇਧਰ ਕੋਈ ਧਿਆਨ ਨਹੀਂ । ਜਿਨ੍ਹਾਂ ਨੂੰ ਸਸਤੇ ਰਾਸ਼ਨ ਦੀ ਲੋੜ ਨਹੀਂ ਉਨ੍ਹਾਂ ਦੇ ਰਾਸ਼ਨ ਕਾਰਡ ਚਲ ਰਹੇ ਹਨ ਪਰ ਗਰੀਬ ਲੋਕਾਂ ਨੂੰ ਅਨਾਜ ਮਿਲ ਨਹੀਂ ਰਿਹਾ।ਉਕਤ ਆਗੂ ਨੇ ਇਹ ਵੀ ਕਿਹਾ ਕਿ ਪਿੰਡ ’ਚ ਨਸ਼ਿਆਂ ਦਾ ਬਹੁਤ ਜ਼ੋਰ ਹੈ।ਪਿੰਡ ਦੀ ਨੌਜਵਾਨ ਪੀੜ੍ਹੀ ਨੌਕਰੀ ਨਾ ਮਿਲਣ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਰਹਿ ਗਈ ਹੈ ਪਰ ਕਿਸੇ ਸਰਕਾਰ ਜਾ ਪ੍ਰਸ਼ਾਸਨ ਦਾ ਕੋਈ ਧਿਆਨ ਨਹੀਂ। ਪਿੰਡ ’ਚ ਗਰੀਬਾਂ ਦੇ ਕੂੜਾ ਸੁੱਟਣ ਲਈ ਕੋਈ ਜਗ੍ਹਾ ਨਹੀਂ, ਇਹ ਲੋਕ ਆਪਣੇ ਘਰਾਂ ਦੇ ਕੋਲ ਕੂੜਾ ਸੁੱਟਣ ਲਈ ਮਜਬੂਰ ਹਨ। ਲੋਕ ਨੀਲੀ ਛੱਤ ਹੇਠ ਗੁਜ਼ਾਰਾ ਕਰਨ ਲਈ ਮਜਬੂਰ ਹਨ। ਕਾਮਰੇਡ ਮਨਜੀਤ ਬਟਾਲਾ ਨੇ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਬਾਰਡਰ ਦੇ ਲੋਕਾਂ ਲਈ ਕੋਈ ਇਹੋ ਜਿਹਾ ਕੰਮ ਨਹੀਂ ਕਰ ਪਾਈ ਜਿਸ ਵਿਚ ਕੋਈ ਗਰੀਬਾਂ ਨੂੰ ਕੋਈ ਰਾਹਤ ਮਿਲ ਸਕੇ । ਇਸ ਲਈ ਲੋਕ ਹੁਣ ਆਪਣੀਆਂ ਹੱਕੀ ਮੰਗਾਂ ਲਈ ਸੜਕਾਂ ਤੇ ਉਤਰਨਗੇ। ਯੂਨੀਅਨ ਦੇ ਜ਼ਿਲ੍ਹਾ ਆਗੂ ਕਾਮਰੇਡ ਕਪਤਾਨ ਸਿੰਘ ਬਾਸਰਪੁਰਾ ਅਤੇ ਕਾਮਰੇਡ ਭਜਨ ਸਿੰਘ ਖੋਦੇਬੇਟ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਡੇਰਾ ਬਾਬਾ ਨਾਨਕ ਬਾਰਡਰ ਏਰੀਆ ਦੇ ਗਰੀਬ ਲੋਕਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪਹਿਲੇ ਪ੍ਰਸ਼ਾਸਨਕ ਅਧਿਕਾਰੀਆਂ ਦਾ ਘਿਰਾਓ ਕੀਤਾ ਜਾਵੇਗਾ ਅਤੇ ਫੇਰ ਤਹਿਸੀਲ ਪੱਧਰ ’ਤੇ ਪੱਕਾ ਮੋਰਚਾ ਮਜਦੂਰ ਮੁਕਤੀ ਮੋਰਚਾ ਪੰਜਾਬ ਦੀ ਅਗਵਾਈ ਹੇਠ ਲਾ ਦਿੱਤਾ ਜਾਵੇਗਾ। ਇਸ ਸਮੇਂ ਭਾਣੋ, ਸਰਬਜੀਤ, ਬਨਾਰਸੋ, ਬੂਵਾ ਮਸੀਹ ਰਾਣੀ ਪ੍ਰਧਾਨ ਦਲਜੀਤ ਕੌਰ, ਸੁਖਵਿੰਦਰ ਕੌਰ, ਕਸ਼ਮੀਰੋ, ਗੁਲਜ਼ਾਰ ਮਸੀਹ, ਤਰਸੇਮ ਸਿੰਘ, ਸਰਬਜੀਤ ਕੌਰ, ਮੁਖਤਿਆਰ ਮਸੀਹ, ਸੂਰਜਬਾਲਾ, ਪ੍ਰਭਜੀਤ ਕੌਰ ਆਦਿ ਮੈਂਬਰ ਹਾਜ਼ਰ ਸਨ।



# ਕਿਸਾਨ ਜਥੇਬੰਦੀਆਂ ਵੱਲੋਂ ਨਸ਼ਿਆਂ ਖਿਲਾਫ ਭਲਕੇ ਕਲਾਨੌਰ ਬੰਦ ਕਰਨ ਦੀ ਅਪੀਲ

**ਕਲਾਨੌਰ (ਮਨਦੀਪ ਕੁਮਾਰ)**



ਸੰਯੁਕਤ ਕਿਸਾਨ ਮੋਰਚਾ ਗੁਰਦਾਸਪੁਰ ਅਤੇ ਸਮੂਹ ਮੁਲਾਜ਼ਮ, ਮਜ਼ਦੂਰ, ਨੌਜਵਾਨ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ 30 ਨੂੰ ਕਲਾਨੌਰ ਬਾਜ਼ਾਰ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਿਸਾਨ ਆਗੂ ਹਰਜੀਤ ਸਿੰਘ ਕਾਹਲੋਂ ਦੀ ਅਗਵਾਈ ਵਿੱਚ ਮੀਟਿੰਗ ਕਰਨ ਤੋਂ ਬਾਅਦ ਹੋਰ ਕਿਸਾਨ ਜਥੇਬੰਦੀਆਂ ਦੇ ਆਗੂਆਂ ਸਮੇਤ ਕਲਾਨੌਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਦੁਕਾਨਦਾਰਾਂ ਨੂੰ 30 ਨੂੰ ਪੰਜਾਬ ਸਰਕਾਰ ਦੀ ਨਸ਼ਿਆਂ ਖਿਲਾਫ ਨਾਕਾਮੀ, ਲੁੱਟਾਂ ਖੋਹਾਂ, ਫਿਰੌਤੀਆਂ, ਘਰਾਂ ’ਚ ਵੜ ਕੇ ਗੋਲੀਆਂ ਚਲਾਉਣ ਆਦਿ ਦੇ ਸੰਬੰਧ ’ਚ ਦੁਕਾਨਾਂ ਬੰਦ ਕਰਨ ਦੀ ਅਪੀਲ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਿਸਾਨ ਆਗੂ ਹਰਜੀਤ ਸਿੰਘ ਕਾਹਲੋਂ, ਕਾਮਰੇਡ ਜਗਜੀਤ ਸਿੰਘ ਗੁਰਾਇਆ, ਮਾਸਟਰ ਸਰਦੂਲ ਸਿੰਘ, ਬਲਜੀਤ ਸਿੰਘ ਗੁਰਾਇਆ, ਬਲਰਾਜ ਸਿੰਘ ਬਿਸ਼ਨਕੋਟ, ਅਸ਼ਵਨੀ ਕੁਮਾਰ ਲੱਖਣ ਕਲਾਂ, ਗੁਰਮੇਜ ਸਿੰਘ ਪੱਡਾ, ਮਨਜੀਤ ਸਿੰਘ, ਬਲਕਾਰ ਸਿੰਘ ਨੜਾਂਵਾਲੀ, ਸੁਖਵਿੰਦਰ ਸਿੰਘ ਅਦਾਲਤਪੁਰ, ਵੀਰ ਸਿੰਘ, ਗੁਰਮੀਤ ਸਿੰਘ, ਰਜਿੰਦਰ ਸਿੰਘ ਖੁਸ਼ੀਪੁਰ, ਕਸ਼ਮੀਰ ਸਿੰਘ ਸਰਪੰਚ ਨਾਹਰਪੁਰ, ਸਤਨਾਮ ਸਿੰਘ ਰਹੀਮਾਬਾਦ, ਜਰਨੈਲ ਸਿੰਘ ਸਰਪੰਚ ਰਹੀਮਾਬਾਦ, ਕੁਲਵੰਤ ਸਿੰਘ ਸਰਪੰਚ ਉੱਪਲ, ਧੀਰ ਸਿੰਘ ਦੋਸਤਪੁਰ, ਗੁਰਜਿੰਦਰ ਸਿੰਘ ਅਤੇ ਸਰਕਾਰੀਆ ਗਵਾਰ ਤੋਂ ਇਲਾਵਾ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

## ਚੋਰਾਂ ਨੇ ਬਿਜਲੀ ਦਫਤਰ ਕਾਹਨੂੰਵਾਨ ਨੂੰ ਬਣਾਇਆ ਨਿਸ਼ਾਨਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਇਲਾਕੇ ਅੰਦਰ ਸਰਗਰਮ ਇੱਕ ਅਣਪਛਾਤੇ ਚੋਰ ਗਰੋਹ ਵੱਲੋਂ ਬੀਤੀ ਰਾਤ ਪਾਵਰਕੌਮ ਦੇ ਦਫਤਰ ਕਾਹਨੂੰਵਾਨ ਵਿਖੇ ਧਾਵਾ ਬੋਲਦਿਆਂ ਪਾਵਰਕੌਮ ਦਾ ਹਜ਼ਾਰਾਂ ਰੁਪਏ ਦਾ ਸਾਮਾਨ ਚੋਰੀ ਕਰ ਲਿਆ। ਨਿਗਰਾਨ ਇੰਜੀਨੀਅਰ ਪਾਵਰਕੌਮ ਦਫਤਰ ਕਾਹਨੂੰਵਾਨ ਨੇ ਤੀਰਥ ਰਾਜ ਨੇ ਦੱਸਿਆ ਕਿ ਮੰਗਲਵਾਰ ਅਤੇ ਬੁੱਧਵਾਰ ਦੀ ਰਾਤ ਨੂੰ ਚੋਰ ਉਨਾਂ ਦੇ ਦਫਤਰ ਦੀਆਂ ਗਰਿਲਾਂ ਤੋੜ ਕੇ ਬਾਰੀਆਂ ਰਾਹੀਂ ਦਫਤਰ ਦੇ ਅੰਦਰ ਦਾਖਲ ਹੋਏ ਅਤੇ ਦਫਤਰ ਦੇ ਅੰਦਰੋਂ ਇੱਕ ਪੱਖਾ, ਪ੍ਰਿੰਟਰ, ਕੂਲਰ ਦੀ ਮੋਟਰ ਅਤੇ ਕੁਝ ਜ਼ਰੂਰੀ ਰਜਿਸਟਰ ਚੋਰੀ ਕਰਨ ਤੋਂ ਇਲਾਵਾ ਉਨ੍ਹਾਂ ਦੇ ਦਫਤਰ ਵਿਚਲੀ ਗਰਿਲ ਵੀ ਚੋਰੀ ਕਰਕੇ ਲੈ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੁਲਸ ਥਾਣਾ ਕਾਹਨੂੰਵਾਨ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਅਤੇ ਇੱਸ ਸਬੰਧੀ ਪਾਵਰਕੌਮ ਦੇ ਉਚਿਤ ਅਧਿਕਾਰੀਆਂ ਨੂੰ ਵੀ ਜਾਣਕਾਰੀ ਦੇ ਦਿੱਤੀ ਗਈ ਹੈ।

## 60 ਗ੍ਰਾਮ ਹੈਰੋਇਨ ਸਣੇ 2 ਕਾਬੂ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਪੁਲਸ ਚੌਕੀ ਸਹਿਰੀ ਅਜਨਾਲਾ ਦੇ ਇੰਚਾਰਜ ਥਾਣੇਦਾਰ ਸਬ-ਇੰਸਪੈਕਟਰ ਰਛਪਾਲ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਵੱਲੋਂ 2 ਨੌਜਵਾਨਾਂ ਨੂੰ ਹੈਰੋਇਨ ਦਾ ਧੰਦਾ ਕਰਨ ਦੇ ਇਲਜ਼ਾਮ ਚ ਰੰਗੇ ਹੱਥੀਂ ਗ੍ਰਿਫਤਾਰ ਕੀਤਾ। ਗ੍ਰਿਫਤਾਰ ਕੀਤੇ ਗਏ ਕਥਿਤ ਮੁਲਜ਼ਮਾਂ ਦੀ ਤਲਾਸ਼ੀ ਲੈਣ ਤੇ 60 ਗ੍ਰਾਮ ਹੈਰੋਇਨ ਬਰਾਮਦ ਹੋਈ। ਮੁਲਜ਼ਮਾਂ ਵਿਰੁੱਧ ਪੁਲਸ ਥਾਣਾ ਅਜਨਾਲਾ ’ਚ ਮਾਮਲਾ ਦਰਜ ਕਰਕੇ ਅਗਲੀ ਪੁੱਛ-ਗਿੱਛ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਕਤ ਮਾਮਲੇ ਦੀ ਪੁਸ਼ਟੀ ਕਰਦਿਆਂ ਸ਼ਹਿਰੀ ਚੌਕੀ ਇੰਚਾਰਜ ਥਾਣੇਦਾਰ ਰਛਪਾਲ ਸਿੰਘ ਨੇ ਦੱਸਿਆ ਕਿ ਹੈਰੋਇਨ ਸਮੇਤ ਰੰਗੇ ਹੱਥੀਂ ਗ੍ਰਫਤਾਰ ਕੀਤੇ ਗਏ ਕਥਿਤ ਮੁਲਜ਼ਮਾਂ ਨੇ ਆਪਣੇ ਨਾਂ ਰਾਜਨ ਮਸੀਹ ਪੁੱਤਰ ਡੇਵਿਡ ਮਸੀਹ ਅਜਨਾਲਾ ਅਤੇ ਅਮਰਜੋਤ ਸਿੰਘ ਉਰਫ ਮਲਕੀਤ ਸਿੰਘ ਪੁੱਤਰ ਗੁਰਰਾਜ ਸਿੰਘ ਵਾਸੀ ਮੁਹੱਲਾ ਬੱਲ ਨਗਰ ਅਜਨਾਲਾ ਦੱਸਿਆ। ਕਥਿਤ ਮੁਲਜ਼ਮ ਉਦੋਂ ਕਾਬੂ ਆਏ ਜਦੋਂ ਉਨ੍ਹਾਂ ਦੀ ਅਗਵਾਈ ਵਾਲੀ ਪੁਲਸ ਪਾਰਟੀ ਅਜਨਾਲਾ ਸ਼ਹਿਰ ਦੇ ਪ੍ਰਵੀਨ ਨਗਰ ਗਲੀ ’ਚ ਭੈੜੇ ਪੁਰਸ਼ਾਂ ਦੀ ਤਲਾਸ਼ੀ ਲਈ ਗਈ ਹੋਈ ਸੀ ਤਾਂ ਉਕਤ ਮੁਲਜ਼ਮ ਪੁਲਸ ਪਾਰਟੀ ਨੂੰ ਵੇਖ ਕੇ ਇਕਦਮ ਗਲੀ ’ਚ ਕਿਸੇ ਦੇ ਘਰ ਵੜਨ ਲੱਗੇ ਤਾਂ ਪੁਲਸ ਪਾਰਟੀ ਨੇ ਮੌਕੇ ’ਤੇ ਦਬੋਚ ਲਿਆ। ਕਥਿਤ ਮੁਲਜ਼ਮ ਰਾਜਨ ਮਸੀਹ ਕੋਲੋਂ 35 ਗ੍ਰਾਮ ਅਤੇ ਅਮਰਜੋਤ ਸਿੰਘ ਕੋਲੋਂ 25 ਗ੍ਰਾਮ ਹੈਰੋਇਨ ਤਲਾਸੀ ਲੈਣ ’ਤੇ ਬਰਾਮਦ ਹੋਈ।

# ਸੀਟੀ ਇੰਸਟੀਚਿਊਟ ਆਫ਼ ਹਾਇਰ ਸਟੱਡੀਜ਼ ਨੇ ਕੀਤੀ ਕੱਪਿੰਗ ਥੈਰੇਪੀ ਵਰਕਸ਼ਾਪ ਦੀ ਮੇਜ਼ਬਾਨੀ



**ਜਲੰਧਰ (ਸ਼ੈਲੀ ਅਲਬਰਟ)**

ਸੀਟੀ ਇੰਸਟੀਚਿਊਟ ਆਫ਼ ਹਾਇਰ ਸਟੱਡੀਜ਼ ਦੇ ਫਿਜ਼ੀਓਥੈਰੇਪੀ ਵਿਭਾਗ ਵੱਲੋਂ ਡਾ. ਰਿਸ਼ਭ ਅਰੋੜਾ ਦੇ ਸਹਿਯੋਗ ਨਾਲ ਹਾਲ ਹੀ ਵਿੱਚ ਕੱਪਿੰਗ ਥੈਰੇਪੀ ਬਾਰੇ ਇੱਕ ਖਾਸ ਵਰਕਸ਼ਾਪ ਦਾ ਆਯੋਜਨ ਕੀਤਾ । ਡਾ. ਅਰੋੜਾ ਨੇ ਆਪਣਾ ਅਨੁਭਵ ਸਾਂਝਾ ਕੀਤਾ। ਸੀਟੀ ਯੂਨੀਵਰਸਿਟੀ ਲੁਧਿਆਣਾ, ਡੀਏਵੀ, ਲਾਇਲਪੁਰ ਖਾਲਸਾ ਕਾਲਜ ਅਤੇ ਕੈਂਪਸ ਵਿੱਚ ਮੌਜੂਦ ਵਿਦਿਆਰਥੀਆਂ ਸਮੇਤ ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਭਾਗੀਆਂ ਨੇ ਹਿੱਸਾ ਲਿਆ । ਵਰਕਸ਼ਾਪ ਦੀ ਸ਼ੁਰੂਆਤ ਸ਼ਮਾ ਰੋਸ਼ਨ ਕਰਕੇ ਕੀਤੀ ਗਈ, ਜਿਸ ਵਿੱਚ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਸਮੇਤ ਮਾਣਯੋਗ ਪਤਵੰਤਿਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸੀਟੀ ਗਰੁੱਪ ਦੀ ਕੋਰ ਟੀਮ ਮੈਂਬਰ ਤਨਿਕਾ ਚੰਨੀ, ਡੀਨ ਅਕਾਦਮਿਕਸ ਗੁਰਪ੍ਰੀਤ ਸਿੰਘ, ਸ਼ਾਹਪੁਰ ਕੈਂਪਸ ਦੇ ਡਾਇਰੈਕਟਰ ਡਾ. ਪਰਮਿੰਦਰ ਸਿੰਘ ਨੈਨ, ਜੀਐਨਡੀਯੂ ਕਾਲਜਾਂ ਦੇ ਡਾਇਰੈਕਟਰ ਡਾ. ਕੁਲਦੀਪ ਕੌਰ ਗਰੇਵਾਲ, ਸੀਟੀ ਗਰੁੱਪ ਦੀ ਖੋਜ ਅਤੇ ਯੋਜਨਾ ਦੇ ਨਿਰਦੇਸ਼ਕ ਡਾ. ਜਸਦੀਪ ਕੌਰ ਧਾਮੀ, ਸੀ.ਟੀ.ਆਈ.ਐਚ.ਐਸ ਦੀ ਪ੍ਰਿੰਸੀਪਲ ਡਾ.ਸੀਮਾ ਅਰੋੜਾ ਅਤੇ ਫਿਜ਼ੀਓਥੈਰੇਪੀ ਵਿਭਾਗ ਦੇ ਮੁਖੀ ਡਾ. ਅਰੁਣ ਅਤੇ ਫਿਜ਼ੀਓਥੈਰੇਪੀ ਫੈਕਲਟੀ ਮੈਂਬਰ ਮੌਜੂਦ ਰਹੇ। ਡਾ. ਅਰੋੜਾ ਨੇ ਕੁਪਿੰਗ ਥੈਰੇਪੀ ਦੇ ਵੱਖ-ਵੱਖ ਪਹਿਲੂਆਂ ਨਾਲ ਜਾਣੂ ਕਰਵਾਇਆ ਅਤੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਕੀਤਾ। ਜਿਸ ਵਿੱਚ ਫਾਇਰ ਕਪਿੰਗ, ਡਾਇਨਾਮਿਕ ਕਪਿੰਗ, ਗਲਾਈਡਿੰਗ ਕਪਿੰਗ ਅਤੇ ਰਵਾਇਤੀ ਬਾਂਸ ਕੱਪਿੰਗ ਸ਼ਾਮਲ ਹਨ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਅਤੇ ਸ਼੍ਰੀਮਤੀ ਤਨਿਕਾ ਨੇ ਉਤਸੁਕ ਸਿਖਿਆਰਥੀਆਂ ਨੂੰ ਆਪਣੇ ਗਿਆਨ ਅਤੇ ਹੁਨਰ ਦੀ ਖੋਜ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਡਾ. ਅਰੋੜਾ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਅਤੇ ਮਾਨਵਤਾ ਲਈ ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦੇ ਹੋਏ, ਉਨ੍ਹਾਂ ਦਾ ਧੰਨਵਾਦ ਕੀਤਾ।

## ਕਸਬਾ ਸੜੋਆ ਵਿਖੇ ਸ਼੍ਰੀ ਰਾਮ ਲੀਲਾ ਦਾ ਮੰਚਨ 15 ਤੋਂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਕਸਬਾ ਸੜੋਆ ਵਿਖੇ ਸ੍ਰੀ ਰਾਮ ਲੀਲਾ ਦਾ ਮੰਚਨ ਅਤੇ ਦੁਸ਼ਹਿਰਾ ਉਤਸਵ ਕਰਵਾਉਣ ਲਈ ਸ੍ਰੀ ਸ਼ਿਵ ਮੰਦਿਰ ਸੜੋਆ ਵਿਖੇ ਰਾਮ ਲੀਲਾ ਕਮੇਟੀ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ ਅਤੇ ਦੁਸਹਿਰਾ ਉਤਸਵ ਮੌਕੇ ਰਾਮ ਲੀਲਾ ਕਰਵਾਏ ਜਾਣ ਦਾ ਫੈਸਲਾ ਕੀਤਾ ਗਿਆ। ਸਰਵਸੰਮਤੀ ਨਾਲ ਲਏ ਗਏ ਫੈਸਲੇ ਨੂੰ ਮੰਜੂਰੀ ਦਿੱਤੀ ਗਈ ।ਇਸ ਮੌਕੇ ਕਮੇਟੀ ਦੇ ਸੀਨੀਅਰ ਮੈਂਬਰ ਤਰਸੇਮ ਲਾਲ ਜੱਲ੍ਹਣ, ਸੰਜੇ ਮਲਹੋਤਰਾ, ਇੰਦਰਮੋਹਨ ਸ਼ਰਮਾ, ਸੁੱਚਾ ਸਿੰਘ, ਪ੍ਰਵੀਨ ਵਸ਼ਿਸ਼ਟ, ਦੀਪਕ ਕੌਸ਼ਲ, ਰਾਜੀਵ ਕੁਮਾਰ ਸਹਿਜਪਾਲ, ਸੇਮਾ ਰਾਣਾ, ਮੁਕੇਸ਼ ਕੌਸ਼ਲ, ਸੰਨੀ ਭੱਲਾ, ਵਿਪਨ ਜਗੋਤਾ, ਰਾਕੇਸ਼ ਕੁਮਾਰ ਦੇਸਾ, ਸੰਨੀ ਜੱਲ੍ਹਣ, ਅਮਰਜੀਤ ਮੰਧੀ, ਬੀਰਾ, ਵਿਨੋਦ ਕੁਮਾਰ, ਸੰਦੀਪ ਦੱਤਾ, ਵਿਜੇ ਸਹਿਗਲ, ਬਲਬੀਰ ਮਿਨਹਾਸ, ਰਵਿੰਦਰ ਪੁਰੀ, ਅਸ਼ਵਨੀ ਹੰਸ, ਸੁਖਦੇਵ ਕੁਮਾਰ, ਵਿਸ਼ਾਲ ਕੁਮਾਰ, ਨਿਤਿਨ ਗਾਂਧੀ, ਮੋਹਿਤ ਰਾਣਾ, ਅਮਿਤ ਕੁਮਾਰ, ਜਸਵਿੰਦਰ ਸੈਕਟਰੀ, ਦੇਸ ਰਾਜ, ਭੋਲੂ, ਗੈਰੀ ਸ਼ਰਮਾ, ਰਾਜੀਵ ਕੁਮਾਰ ਪੁੰਨੂ, ਕੁਲਵਿੰਦਰ ਕੁਮਾਰ ਆਦਿ ਹਾਜਰ ਸਨ।

## ਹਰਪ੍ਰੀਤ ਸਿੰਘ ’ਤੇ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਦੀ ਨਿਖੇਧੀ

**ਗੁਰਦਾਸਪੁਰ, ਧਾਰੀਵਾਲ, (ਜਨਕ ਮਹਾਜਨ, ਮਨਦੀਪ ਸਿੰਘ ਵਿੱਕੀ)**

ਸੰਯੁਕਤ ਕਿਸਾਨ ਮੋਰਚਾ ਜ਼ਿਲਾ ਗੁਰਦਾਸਪੁਰ ਦੀ ਇੱਕ ਹੰਗਾਮੀ ਮੀਟਿੰਗ 30 ਸਤੰਬਰ ਨੂੰ ਕਲਾਨੌਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੋਸ ਰੇਲੀ ਦੀ ਤਿਆਰੀ ਵਾਸਤੇ ਸਤਬੀਰ ਸਿੰਘ ਸੁਲਤਾਨੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਹਿੱਸਾ ਲਿਆ।ਮੀਟਿੰਗ ਵਿੱਚ ਬਲਵਿੰਦਰ ਸਿੰਘ ਰਾਜੂ ਔਲਖ, ਮੱਖਣ ਸਿੰਘ ਕੋਹਾੜ, ਰਾਜਗੁਰਵਿੰਦਰ ਸਿੰਘ ਲਾਡੀ, ਲਖਵਿੰਦਰ ਸਿੰਘ ਮਰੜ, ਬਲਬੀਰ ਸਿੰਘ ਕੱਤੋਵਾਲ, ਗੁਰਵਿੰਦਰ ਸਿੰਘ ਜੀਵਨਚੱਕ,ਹਰਜੀਤ ਸਿੰਘ ਕਾਹਲੋਂ, ਸੁਖਦੇਵ ਸਿੰਘ ਭਾਗੋਕਾਵਾਂ, ਤਰਲੋਕ ਸਿੰਘ ਬਹਿਰਾਮਪੁਰ, ਸੁਰਿੰਦਰ ਕੋਠੇ, ਅਸ਼ਵਨੀ ਕੁਮਾਰ ਲੱਖਣ ਕਲਾਂ, ਜਗਜੀਤ ਸਿੰਘ ਕਲਾਨੌਰ, ਕਸ਼ਮੀਰ ਸਿੰਘ ਤੁਗਲਵਾਲ ਆਦਿ ਨੇ 30 ਸਤੰਬਰ ਦੀ ਕਲਾਨੌਰ ਸ਼ਿਵ ਮੰਦਰ ਪਾਰਕ ਵਿਖੇ ਕੀਤੀ ਜਾ ਰਹੀ ਰੈਲੀ ਨੂੰ ਹਰ ਪੱਖੋਂ ਸਫਲ ਕਰਨ ਹਿੱਤ ਆਪਣੇ ਵਿਚਾਰ ਰੱਖੇ। ਆਗੂਆਂ ਨੇ ਦੱਸਿਆ ਕਿ ਇਹ ਰੈਲੀ ਵਿਆਪਕ ਫੈਲ ਰਹੇ ਨਸ਼ਿਆਂ, ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ, ਗੰਡਾ ਗਰਦੀ , ਲੁਟਾਂ ਖੋਹਾਂ, ਡਕੈਤੀਆਂ ਤੇ ਗੋਲੀ ਬਾਰੀ ਦੀਆਂ ਵੱਧ ਰਹੀਆਂ ਘਟਨਾਵਾਂ, ਕਿਸਾਨ ਆਗੂ ਹਰਜੀਤ ਸਿੰਘ ਦੇ ਭਰਾ ਹਰਪ੍ਰੀਤ ਸਿੰਘ ‘ਤੇ ਹੋਏ ਕਾਤਲਾਨਾ ਹਮਲੇ ਅਤੇ ਵਿਆਪਕ ਫੈਲੇ ਦਹਿਸ਼ਤ ਦੇ ਮਾਹੌਲ ਵਿਰੁੱਧ ਕੀਤੀ ਜਾ ਰਹੀ ਹੈ। ਆਗੂਆਂ ਨੇ ਪੁਲਸ ਵੱਲੋਂ ਅਜੇ ਤੱਕ ਕਿਸਾਨ ਆਗੂ ਹਰਜੀਤ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਤੇ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰ ਸਕਨ ਦੀ ਨਿਖੇਧੀ ਕੀਤੀ ਗਈ ਅਤੇ ਚਿਤਾਵਨੀ ਦਿੱਤੀ ਕਿ ਅਗਰ ਦੋਸ਼ੀ ਨਾ ਫੜੇ ਗਏ ਤਾਂ ਅਗਲਾ ਐਕਸ਼ਨ ਐੱਸਐੱਸਪੀ ਦਫਤਰ ਦਾ ਘਿਰਾਓ ਵੀ ਕੀਤਾ ਜਾ ਸਕਦਾ ਹੈ।



## ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ’ਚ ਮਾਰੀਆਂ ਮੱਲਾਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਵਿਭਾਗ ਅਧੀਨ ਜ਼ਿਲ੍ਹਾ ਟੂਰਨਾਂਮੈਂਟ ਕਮੇਟੀ ਦੁਆਰਾ ਦਿੱਲੀ ਪਬਲਿਕ ਸਕੂਲ ਗੁਰਦਾਸਪੁਰ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਕੇਟਿੰਗ ਮੁਕਾਬਲਿਆਂ ਵਿੱਚ ਅੰਡਰ -14 ਅਤੇ ਅੰਡਰ 17 ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਪਰਮਵੀਰ ਸਿੰਘ ਪਿੰਡ ਔਲਖ ਨੇ ਅੰਡਰ -14 (500 ਮੀ:) ਸਕੇਟਿੰਗ ਵਿੱਚ ਸਿਲਵਰ ਮੈਡਲ ਅਤੇ ਅੰਡਰ 17 (1000 ਮੀ:) ਵਿੱਚ ਗੋਲਡ ਮੈਡਲ ਹਾਸਲ ਕਰਕੇ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਆਪਣੀ ਥਾਂ ਬਣਾਈ। ਅੰਸਦੀਪ ਸਿੰਘ ਪਿੰਡ ਭਾਮੜੀ ਨੇ ਅੰਡਰ -14 (500 ਮੀਟਰ) ਵਿੱਚ ਬਰੋਜ਼ ਮੈਡਲ ਹਾਸਲ ਕੀਤਾ। ਗੁਰਕੀਰਤ ਸਿੰਘ ਪਿੰਡ ਤੁਗਲਵਾਲਾ ਨੇ ਅੰਡਰ -17 (500 ਮੀਟਰ) ਸਕੇਟਿੰਗ ਅਤੇ 1000 ਮੀਟਰ ਸਕੇਟਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਵਿਖਾਉਂਦੇ ਹੋਏ ਕ੍ਰਮਵਾਰ ਸਿਲਵਰ ਅਤੇ ਬਰੋਂਜ਼ ਤਮਗਾ ਹਾਸਲ ਕੀਤਾ ਅਤੇ ਉਸ ਨੇ 1000 ਮੀਟਰ ਸਕੇਟਿੰਗ ਵਿੱਚ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਆਪਣੀ ਜਗ੍ਹਾ ਬਣਾਈ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਅਤੇ ਡਾਇਰੈਕਟਰ ਪ੍ਰਿੰ. ਮਨਪ੍ਰੀਤ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਹ ਸ਼ਾਨਦਾਰ ਜਿੱਤ ਉਨ੍ਹਾਂ ਦੀ ਲਗਾਤਾਰ ਅਣਥੱਕ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਪ੍ਰਿੰ. ਇੰਦਰਜੀਤ ਕੌਰ ਦੇ ਨਾਲ ਪ੍ਰਬੰਧਕਾਂ ਵੱਲੋਂ ਜੇਤੂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕੋਚ ਜਤਿੰਦਰ ਕੁਮਾਰ, ਕੋਚ ਮਨਪ੍ਰੀਤ ਕੌਰ, ਕੋਆਰਡੀਨੇਟਰ ਸੁਖਦੀਪ ਕੌਰ, ਸੁਮਨਦੀਪ ਕੌਰ ਔਲਖ, ਸੁਰਜੀਤ ਕੌਰ ਰਿਆੜ, ਬਲਜੀਤ ਕੌਰ, ਪਵਨਦੀਪ ਕੌਰ, ਹਰਕਿੰਦਰਬੀਰ ਸਿੰਘ, ਰੁਪਿੰਦਰ ਕੌਰ ਅਤੇ ਸਮੂਹ ਸੀਨੀਅਰ ਅਧਿਆਪਕ ਸਹਿਬਾਨ ਹਾਜ਼ਰ ਸਨ।



# ਹਲਕਾ ਖੇਮਕਰਨ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਵੱਡਾ ਝਟਕਾ

## ਗਾਇਕ ਸੁਰਜੀਤ ਭੁੱਲਰ ਦੀ ਅਗਵਾਈ ’ਚ 15 ਪਰਵਾਰਾਂ ਨੇ ਫੜਿਆ ‘ਆਪ’ ਦਾ ਪੱਲਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-2024 ’ਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਹਲਕਾ ਖੇਮਕਰਨ ਅੰਦਰ ਮੀਟਿੰਗਾਂ ਆਯੋਜਿਤ ਕਰਕੇ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਜਾ ਰਿਹਾ ਹੈ। ਇਸੇ ਲੜੀ ਤਹਿਤ ਅੱਜ ਪਾਰਟੀ ਦੀ ਇੱਕ ਹੰਗਾਮੀ ਮੀਟਿੰਗ ਪਾਰਟੀ ਦੇ ਸੀਨੀਅਰ ਆਗੂ ਅਤੇ ਮਸ਼ਹੂਰ ਪੰਜਾਬੀ ਗਾਇਕ ਸੁਰਜੀਤ ਸਿੰਘ ਭੁੱਲਰ ਦੇ ਗ੍ਰਹਿ ਪਿੰਡ ਚੇਲਾ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿੱਚ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਣ ਸਿੰਘ ਧੁੰਨ ਵਿਸ਼ੇਸ਼ ਤੌਰ ’ਤੇ ਪਹੁੰਚੇ। ਦੱਸਣਯੋਗ ਹੈ ਕਿ ਇਸ ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 15 ਪਰਿਵਾਰ ਸੁਰਜੀਤ ਭੁੱਲਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਹਲਕਾ ਵਿਧਾਇਕ ਸਰਵਣ ਸਿੰਘ ਧੁੰਨ ਵੱਲੋਂ ਪਾਰਟੀ ’ਚ ਸ਼ਾਮਲ ਹੋਣ ਵਾਲੇ ਆਗੂਆਂ ਅਤੇ ਵਰਕਰਾਂ ਨੂੰ ਜੀ ਆਇਆਂ ਆਖਿਆ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਹਲਕਾ ਵਿਧਾਇਕ ਸਰਵਣ ਸਿੰਘ ਧੁੰਨ ਨੇ ਕਿਹਾ ਕਿ ਆਮ ਆਦਮੀ ਪਾਰਟੀ ’ਚ ਸ਼ਾਮਲ ਹੋਣ ਵਾਲੇ ਹਰ ਵਰਕਰ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਮੈਂਬਰ ਪੰਚਾਇਤ ਕਸ਼ਮੀਰ ਸਿੰਘ, ਮੈਂਬਰ ਪੰਚਾਇਤ ਲਖਬੀਰ ਸਿੰਘ, ਆਤਮਾ ਸਿੰਘ ਸੂਬੇਦਾਰ, ਪ੍ਰਗਟ ਸਿੰਘ, ਮੈਂਬਰ ਬਾਜ ਸਿੰਘ, ਮਨਪ੍ਰੀਤ ਸਿੰਘ, ਰਣਯੋਧ ਸਿੰਘ, ਕਰਮ ਸਿੰਘ, ਗੁਰਬੀਰ ਸਿੰਘ, ਮਹਿਲ ਸਿੰਘ, ਸਰਬਜੀਤ ਸਿੰਘ, ਮੇਜਰ ਸਿੰਘ, ਸਾਹਬ ਸਿੰਘ ਅਤੇ ਗੁਰਭਿੰਦਰ ਸਿੰਘ ਪਾਰਟੀ ’ਚ ਸ਼ਾਮਲ ਹੋਏ। ਇਸ ਮੌਕੇ ਪ੍ਰਧਾਨ ਸਕੱਤਰ ਸਿੰਘ, ਸੁਖਰਾਜ ਸਿੰਘ ਬੀਏ, ਪੀਏ ਹਰਜਿੰਦਰ ਸਿੰਘ ਬੁਰਜ, ਗੁਰਲਾਲ ਭਗਵਾਨਪੁਰ, ਲਵਿਸ਼ ਜੁਲਕਾ, ਚੇਅਰਮੈਨ ਸੰਦੀਪ ਸਿੰਘ, ਗੁਰਮੁਖ ਸਿੰਘ ਜਗੀਰਦਾਰ, ਦਿਲਬਾਗ ਸੁਰਸਿੰਘ, ਪ੍ਰਭ ਭੁੱਲਰ, ਸੈਕਟਰੀ ਗੁਰਪ੍ਰੀਤ ਸਿੰਘ, ਸੁਖਚੈਨ ਸਿੰਘ, ਰੇਸ਼ਮ ਧੁੰਨ ਆਦਿ ਹਾਜ਼ਰ ਸਨ।

# ਰੇਤ ਦੀ ਨਜਾਇਜ਼ ਮਾਈਨਿੰਗ ਦਾ ਪਰਦਾਫ਼ਾਸ਼, ਕੇਸ ਦਰਜ

**ਸ੍ਰੀ ਗੋਇੰਦਵਾਲ ਸਾਹਿਬ,(ਕਾਬਲ ਸਿੰਘ ਮੱਲ੍ਹੀ)**

ਹਲਕਾ ਖਡੂਰ ਸਾਹਿਬ ਵਿੱਚ ਪੁਲਸ ਨੇ ਵੱਡੇ ਪੱਧਰ ’ਤੇ ਹੋ ਰਹੀ ਰੇਤੇ ਦੀ ਨਜਾਇਜ਼ ਮਾਇਨਿੰਗ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਥਾਣਾ ਗੋਇੰਦਵਾਲ ਸਾਹਿਬ ਵਿੱਚ ਐਫ ਆਰ ਆਈ ਨੰਬਰ 415 ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਦੇ ਚੱਲਦਿਆਂ ਇਸ ਕਾਰਵਾਈ ’ਚ ਗੋਇੰਦਵਾਲ ਪੁਲਸ ਨੇ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਕਰੀਬੀ ਰਿਸ਼ਤੇਦਾਰ ਵੀ ਕਾਬੂ ਕੀਤਾ। ਪੁਲਸ ਦੀ ਇਸ ਕਾਰਵਾਈ ’ਤੇ ਸਵਾਲ ਖੜ੍ਹੇ ਕਰਦਿਆਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਇਸ ਕਾਰਵਾਈ ਨੂੰ ਝੂਠੀ ਦੱਸਦਿਆਂ ਜ਼ਿਲ੍ਹਾ ਪੁਲਸ ਮੁਖੀ ਖਿਲਾਫ਼ ਫੇਸਬੁੱਕ ’ਤੇ ਪੋਸਟ ਸਾਂਝੀ ਕਰਦਿਆਂ ਐਮ ਐਲ ਏ ਨੇ ਕਿਹਾ ਕਿ ਜੇ ਦੁਸ਼ਮਣੀ ਕੱਢਣੀ ਤਾਂ ਐਸ ਐਸ ਪੀ ਤੂੰ ਆਪਣੀ ਵਰਦੀ ਪਾਸੇ ਰੱਖ ਤੇ ਮੈਂ ਆਪਣੀ ਐਮ ਐਲ ਏ ਦੀ ਕੁਰਸੀ ਪਾਸੇ ਰੱਖਦਾ ਦੀ ਖੁੱਲ੍ਹੀ ਚੁਣੌਤੀ ਦਿੱਤੀ ਹੈ। ਇਸ ਪੋਸਟ ਵਿੱਚ ਐਮ ਐਲ ਏ ਲਾਲਪੁਰਾ ਨੇ ਐਸ ਐਸ ਪੀ ਦੀ ਕਾਰਗੁਜ਼ਾਰੀ ’ਤੇ ਕਈ ਤਰ੍ਹਾਂ ਦੇ ਦੋਸ਼ ਲਗਾਉਂਦੇ ਹੋਏ ਤਰਨਤਾਰਨ ਦੇ ਸੀ ਆਈ ਏ ਸਟਾਫ ਦੇ ਇੰਚਾਰਜ ਨੂੰ ਨਸ਼ੇੜੀ ਤੱਕ ਕਹਿ ਦਿੱਤਾ ਹੈ। ਇਸ ਪੋਸਟ ਤੋਂ ਬਾਅਦ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਅਤੇ ਐਸ ਐਸ ਪੀ ਗੁਰਮੀਤ ਸਿੰਘ ਚੌਹਾਨ ਦੀ ਆਪਸੀ ਕੁੜੱਤਣ ਖੁੱਲ੍ਹ ਕੇ ਸਾਹਮਣੇ ਆਈ ਹੈ। ਉੱਥੇ ਹੀ ਹਲਕੇ ਵਿੱਚ ਧੜੱਲੇ ਨਾਲ ਹੋ ਰਹੀ ਰੇਤੇ ਦੀ ਨਜਾਇਜ਼ ਮਾਇਨਿੰਗ ਦੇ ਮਾਮਲੇ ਵਿੱਚ ਗੋਇੰਦਵਾਲ ਪੁਲਸ ਨੇ ਨਜਾਇਜ਼ ਮਾਇਨਿੰਗ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਦਸ ਦੇ ਕਰੀਬ ਰੇਤਾ ਦੀ ਢੋਆ ਢੁਆਈ ਕਰਨ ਵਾਲੇ ਟਿੱਪਰ ਜ਼ਬਤ ਕੀਤੇ ਹਨ। ਡੀ ਐਸ ਪੀ ਰਵੀਸ਼ੇਰ ਸਿੰਘ ਨੇ ਦੱਸਿਆ ਕਿ ਇਸ ਨਜਾਇਜ਼ ਮਾਇਨਿੰਗ ਦੇ ਮਾਮਲੇ ’ਚ ਇਸ ਗੋਰਖ ਧੰਦੇ ਦਾ ਮੁੱਖ ਸਰਗਣੇ ਨਿਸ਼ਾਨ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਖਵਾਸਪੁਰ ਸਮੇਤ ਕੁੱਲ ਦਸ ਵਿਅਕਤੀ ਕਾਬੂ ਕੀਤੇ ਗਏ ਹਨ। ਇਸ ਤੋਂ ਇਲਾਵਾ ਰੇਤਾ ਦੀ ਢੋਆ ਢੁਆਈ ਲਈ ਵਰਤੇ ਜਾਣ ਵਾਲੀ ਪੋਕਲਾਈਨ ਮਸ਼ੀਨ ਅਤੇ ਦਸ ਟਿੱਪਰ, ਦੋ ਮੋਟਰਸਾਈਕਲ ਅਤੇ ਇਕ ਇਨੋਵਾ ਕਾਰ ਕਬਜ਼ੇ ’ਚ ਲਏ ਗਏ ਹਨ। ਪੁਲਸ ਨੇ ਦੱਸਿਆ ਕਿ ਨਿਸ਼ਾਨ ਸਿੰਘ ਖਵਾਸਪੁਰ ਸਾਬਕਾ ਸਰਪੰਚ ਸੁਲੱਖਣ ਸਿੰਘ ਭੈਲ ਢਾਏਵਾਲਾ ਦੀ ਜ਼ਮੀਨ ਤੋਂ ਨਜਾਇਜ਼ ਮਾਇਨਿੰਗ ਕਰਵਾ ਰਿਹਾ ਹੈ। ਗੋਇੰਦਵਾਲ ਪੁਲਸ ਵੱਲੋਂ ਕਾਬੂ ਕੀਤੇ ਵਿਅਕਤੀਆਂ ਖਿਲਾਫ਼ ਨਜਾਇਜ਼ ਮਾਇਨਿੰਗ ਸਬੰਧੀ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ। ਐਸ ਐਸ ਪੀ ਗੁਰਮੀਤ ਸਿੰਘ ਚੌਹਾਨ ਨੇ ਐਮ ਐਲ ਏ ਵੱਲੋਂ ਲਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੇ ਆਖਿਆ ਕਿ ਸਾਨੂੰ ਖਡੂਰ ਸਾਹਿਬ ਹਲਕੇ ’ਚ ਨਜਾਇਜ਼ ਮਾਇਨਿੰਗ ਸਬੰਧੀ ਸ਼ਿਕਾਇਤ ਆਈ ਸੀ ਜਿਸ ਦੇ ਚੱਲਦਿਆਂ ਗੋਇੰਦਵਾਲ ਪੁਲਸ ਵੱਲੋਂ ਵੱਡੇ ਪੱਧਰ ’ਤੇ ਹੋ ਰਹੀ ਨਜਾਇਜ਼ ਮਾਇਨਿੰਗ ਦਾ ਪਰਦਾਫਾਸ਼ ਕੀਤਾ ਗਿਆ ਹੈ। ਵਿਧਾਇਕ ਦੇ ਜੀਜੇ ਨੂੰ ਮਾਇਨਿੰਗ ਕਰਵਾਉਂਦੇ ਮੌਕੇ ਤੋਂ ਕਾਬੂ ਕੀਤਾ ਗਿਆ ਹੈ। ਜਿਸ ਤੋਂ ਵਿਧਾਇਕ ਸਾਹਿਬ ਨਰਾਜ਼ ਹਨ।

## ਸੀ ਟੀ ਯੂ ਪੰਜਾਬ ਦੇ ਆਗੂਆਂ ਦੀ ਅਹਿਮ ਮੀਟਿੰਗ

**ਗੁਰਦਾਸਪੁਰ, (ਜਨਕ ਮਹਾਜਨ)**- ਸੀ. ਟੀ. ਯੂ. ਪੰਜਾਬ ਦੇ ਆਗੂਆਂ ਕਾਮਰੇਡ ਸ਼ਿਵ ਕੁਮਾਰ, ਠਾਕੁਰ ਧਿਆਨ ਸਿੰਘ, ਜਸਵੰਤ ਸਿੰਘ ਬੁੱਟਰ ਬਾਗਰਾਜ ਅਤੇ ਮਨਹਰਨ ਨੇ ਪ੍ਰੈੱਸ ਨੂੰ ਦਿੱਤੇ ਬਿਆਨਾਂ ਵਿਚ ਕਿਹਾ ਕਿ ਪੰਜਾਬ ਸਰਕਾਰ ਨੇ ਲੇਬਰ ਵਿਭਾਗ ਦੁਆਰਾ 20 ਸਤੰਬਰ 2023 ਨੂੰ ਇੱਕ ਮਜ਼ਦੂਰ ਵਿਰੋਧੀ ਨੋਟੀਫਿਕੇਸ਼ਨ ਜਾਰੀ ਕਰਕੇ ਕੰਮ ਦਿਹਾੜੀ ਦਾ ਸਮਾਂ ਅੱਠ ਘੰਟੇ ਤੋਂ ਵਧਾ ਕੇ ਬਾਰਾਂ ਘੰਟੇ ਕਰਨ ਨਾਲ ਮਜ਼ਦੂਰਾਂ ਦੀ ਆਰਥਿਕ ਤੇ ਜਿਸਮਾਨੀ ਲੁਟ ਕਰਨ ਪੂੰਜੀਪਤੀਆਂ ਖੁੱਲ ਦੇ ਦਿੱਤੀ ਹੈ। ਮਜ਼ਦੂਰ ਜਮਾਤ ਦੀ ਲੰਮੀ ਜੱਦੋ-ਜਹਿਦ ਤੇ ਅਨੇਕਾਂ ਕੁਰਬਾਨੀਆਂ ਤੋਂ ਬਾਅਦ ਪ੍ਰਾਪਤ ਕੀਤੇ ਮਜ਼ਦੂਰ ਪੱਖੀ ਕਾਨੂੰਨ ਬਣਵਾਏ ਸਨ ਜੋ ਕੇਂਦਰ ਦੀ ਮੋਦੀ ਸਰਕਾਰ ਨੇ ਇੱਕ ਝਟਕੇ ਵਿੱਚ ਖਤਮ ਕਰਕੇ ਕਾਰਪੋਰੇਟ ਘਰਾਣਿਆਂ ਪੱਖੀ ਚਾਰ ਲੇਬਰ ਕੋਡ ਬਣਾ ਦਿੱਤੇ ਹਨ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਨ ਵਾਲੀ ਪੰਜਾਬ ਦੀ ਮਾਨ ਸਰਕਾਰ ਨੇ ਵੀ ਮੋਦੀ ਸਰਕਾਰ ਦੇ ਮਜ਼ਦੂਰ ਵਿਰੋਧੀ ਕਦਮਾਂ ’ਚ ਕਦਮ ਮਿਲਾ ਕੇ ਮਈ ਦਿਵਸ ਦੇ ਮਹਾਨ ਸ਼ਹੀਦਾਂ ਦਾ ਅਪਮਾਨ ਕੀਤਾ ਹੈ। ਸੀ. ਟੀ. ਯੂ. ਪੰਜਾਬ ਮਾਨ ਸਰਕਾਰ ਦੇ ਫੈਸਲੇ ਦੀ ਨਿੰਦਾ ਕਰਦੀ ਹੈ ਅਤੇ ਹੋਰ ਜਥੇਬੰਦੀਆਂ ਨਾਲ ਮਿਲ ਕੇ ਮਾਨ ਸਰਕਾਰ ਦਾ ਜਬਰ ਦਸਤ ਵਿਰੋਧ ਕਰੇਗੀ। ਆਗੂਆਂ ਨੇ ਅੱਗੇ ਕਿਹਾ ਕਿ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰੋਫੈਸਰ ਹਰਜੀਤ ਸਿੰਘ ਕਾਹਲੋਂ ਦੇ ਛੋਟੇ ਭਰਾ ਹਰਪ੍ਰੀਤ ਸਿੰਘ ਕਾਹਲੋਂ ਨੂੰ ਜਾਨ ਲੇਵਾ ਹਮਲਾ ਕਰਦਿਆਂ ਗੋਲੀ ਮਾਰ ਕੇ ਜਖਮੀ ਕਰ ਦਿੱਤਾ ਸੀ, ਨਸ਼ਿਆਂ ਵਿਰੁੱਧ ਅਤੇ ਪੰਜਾਬ ਪੁਲਿਸ ਦੀ ਢਿੱਲੀ ਕਾਰਜ਼ਗੁਜਾਰੀ ਦੇ ਖਿਲਾਫ 30 ਸਤੰਬਰ ਕਲਾਨੌਰ ਰੈਲੀ ਵਿੱਚ ਸੀ. ਟੀ. ਯੂ. ਪੰਜਾਬ ਦੇ ਮੈਂਬਰ ਵੱਡੀ ਗਿਣਤੀ ਵਿੱਚ ਪਹੁੰਚਣਗੇ।

# ਈਸ਼ਵਰ ਚੰਦਰ ਵਿਦਿਆ ਸਾਗਰ ਦਾ ਜਨਮ ਦਿਨ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਈਸ਼ਵਰ ਚੰਦਰ ਵਿਦਿਆ ਸਾਗਰ ਦਾ ਜਨਮ ਦਿਨ ਮਨਾਇਆ ਗਿਆ। ਈਸ਼ਵਰ ਚੰਦਰ ਵਿਦਿਆ ਸਾਗਰ ਇਕ ਮਹਾਨ ਦਾਰਸ਼ਨਿਕ, ਸਿੱਖਿਆ ਸ਼ਾਸਤਰੀ, ਕਵੀ, ਅਨੁਵਾਦਕ ਅਤੇ ਸਮਾਜ ਸੁਧਾਰਕ ਸਨ। ਜਿਨ੍ਹਾ ਨੇ ਵਿਧਵਾ ਵਿਆਹ ਦਾ ਸਮਰਥਨ ਕੀਤਾ। ਉਨ੍ਹਾਂ ਦੇ ਯਤਨਾਂ ਸਦਕਾ 1856 ਈ: ਵਿੱਚ ਵਿਧਵਾ ਪੁਨਰ- ਵਿਆਹ ਬਿੱਲ ਪਾਸ ਹੋਇਆ। ਵਿਧਵਾ ਵਿਆਹ ਦਾ ਸਮਰਥਨ ਕਰਦੇ ਹੋਏ ਉਨ੍ਹਾ ਨੇ ਆਪਣੇ ਇਕਲੌਤੇ ਪੁੱਤਰ ਦਾ ਵਿਆਹ ਇੱਕ ਵਿਧਵਾ ਨਾਲ ਕਰਵਾਇਆ। ਸੰਸਕ੍ਰਿਤ ਭਾਸ਼ਾ ਅਤੇ ਦਰਸ਼ਨ ਵਿੱਚ ਸ੍ਰੇਸ਼ਟ ਹੋਣ ਕਾਰਨ ਉਨ੍ਹਾਂ ਨੂੰ ਵਿਦਿਆ ਸਾਗਰ ਦੀ ਉਪਾਧੀ ਮਿਲੀ। 2004 ਨੂੰ ਉਨ੍ਹਾਂ ਨੂੰ ਸ੍ਰੇਸ਼ਟ ਬੰਗਾਲੀ ਹੋਣ ਦਾ ਖਿਤਾਬ ਮਿਲਿਆ। ਪਦਮ ਸ੍ਰੀ ਅਵਾਰਡ ਨਾਲ ਨਿਵਾਜੇ ਆਰਿਆ ਰਤਨ ਡਾਕਟਰ ਪੂਨਮ ਸੂਰੀ ਪ੍ਰਧਾਨ ਡੀ ਏ ਵੀ ਕਾਲਜ ਪ੍ਰਬੰਧਕ ਕਮੇਟੀ, ਆਰਿਆ ਪ੍ਰਦੇਸ਼ਕ ਪ੍ਰਤੀਨਿਧੀ ਸਭਾ ਨਵੀਂ ਦਿੱਲੀ ਅਤੇ ਆਰਿਆ ਪ੍ਰਦੇਸ਼ਕ ਉਪ-ਸਭਾ ਪੰਜਾਬ ਦੇ ਪ੍ਰਧਾਨ ਡਾਕਟਰ ਜੇ ਪੀ ਸੂਰ ਜੀ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ, ਪੰਜਾਬ ਜ਼ੋਨ-ਏ ਦੇ ਖੇਤਰੀ ਅਧਿਕਾਰੀ ਡਾਕਟਰ ਨੀਲਮ ਕਾਮਰਾ, ਸਕੂਲ ਦੇ ਮੈਨੇਜਰ ਨੀਰਾ ਸ਼ਰਮਾ ਅਤੇ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ 26 ਸਤੰਬਰ ਦਿਨ ਮੰਗਲਵਾਰ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਈਸ਼ਵਰ ਚੰਦਰ ਵਿਦਿਆ ਸਾਗਰ ਜੀ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਮੈਡਮ ਰੰਜੂ ਸਚਦੇਵਾ ਨੇ ਉਨ੍ਹਾਂ ਦੇ ਜੀਵਨ ਤੇ ਝਾਤ ਪਾਈ। ਇਸ ਤੋਂ ਇਲਾਵਾ ਸਕੂਲ ਵਿੱਚ ‘ਵਰਲਡ ਇਨਵਾਇਰਮੈਂਟ ਹੈਲਥ ਡੇਅ’ ਮਨਾਇਆ ਗਿਆ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਨੇ ਵਾਤਾਵਰਨ ਨੂੰ ਬਚਾਉਣ ਲਈ ਪਲਾਸਟਿਕ ਦੀ ਵਰਤੋਂ ’ਤੇ ਰੋਕ ਲਗਾਉਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਬੱਚਿਆਂ ਨੂੰ ਪ੍ਰੇਰਿਤ ਕੀਤਾ।



## ਸਕੋਡਾ ਆਟੋ ਨੇ ਅੰਤਰਰਾਸ਼ਟਰੀਕਰਨ ਦੇ ਵੱਡੇ ਮੀਲ ਪੱਥਰ ਦਾ ਜਸ਼ਨ ਮਨਾਇਆ

**ਅੰਮ੍ਰਿਤਸਰ**-ਸਕੋਡਾ ਆਟੋ ਨੇ ਵੀਅਤਨਾਮੀ ਬਾਜ਼ਾਰ ਵਿੱਚ ਆਪਣੀ ਐਂਟਰੀ ਦੇ ਨਾਲ ਆਪਣੀ ਅੰਤਰਰਾਸ਼ਟਰੀਕਰਨ ਦੀ ਰਣਨੀਤੀ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਸਕੋਡਾ ਦੇ ਸਥਾਨਕ ਡਿਸਟ੍ਰੀਬਿਊਸ਼ਨ ਅਤੇ ਪ੍ਰੋਡਕਸ਼ਨ ਪਾਰਟਨਰ, ਟੀਸੀ ਗਰੁੱਪ ਦੇ ਨਾਲ ਵੀਅਤਨਾਮੀ ਅਤੇ ਚੈੱਕ ਸਰਕਾਰਾਂ ਦੇ ਪ੍ਰਤੀਨਿਧਾਂ ਦੇ ਨਾਲ ਇੱਕ ਜਸ਼ਨ ਮਨਾਉਣ ਵਾਲਾ ਸਮਾਗਮ ਹੋਇਆ। ਸਕੋਡਾ ਆਟੋ 30 ਭਾਈਵਾਲਾਂ ਤੱਕ ਡੀਲਰ ਨੈੱਟਵਰਕ ਦੇ ਤੇਜ਼ੀ ਨਾਲ ਵਿਸਤਾਰ ਅਤੇ 2030 ਤੋਂ ਬਾਅਦ 40,000 ਤੋਂ ਵੱਧ ਯੂਨਿਟਾਂ ਦੀ ਸਾਲਾਨਾ ਵਿਕਰੀ ਸੰਭਾਵਨਾ ਦੀ ਕਲਪਨਾ ਕਰਦੀ ਹੈ। ਅਸੀਂ ਵੀਅਤਨਾਮ ਦੀ ਗਤੀਸ਼ੀਲ ਅਰਥਵਿਵਸਥਾ ਅਤੇ ਇਸ ਤੇਜ਼ੀ ਨਾਲ ਵਧ ਰਹੇ ਬਾਜ਼ਾਰ ਵਿੱਚ ਗਾਹਕਾਂ ਦੇ ਇੱਕ ਨਵੇਂ ਸਮੂਹ ਨਾਲ ਜੁੜਨ ਲਈ ਉਤਸ਼ਾਹਿਤ ਹਾਂ। ਇਹ ਆਸੀਆਨ ਖੇਤਰ ਵਿੱਚ ਸਾਡੇ ਬ੍ਰਾਂਡ ਨੂੰ ਮਜ਼ਬੂਤ ਕਰਨ ਅਤੇ ਭਾਰਤ ਅਤੇ ਯੂਰਪ ਦੇ ਸਾਡੇ ਦੋ ਪ੍ਰਮੁੱਖ ਬਾਜ਼ਾਰਾਂ ਵਿਚਕਾਰ ਤਾਲਮੇਲ ਨੂੰ ਤੇਜ਼ ਕਰਨ ਲਈ ਸਾਡੀ ਤੇਜ਼ ਅੰਤਰਰਾਸ਼ਟਰੀਕਰਨ ਰਣਨੀਤੀ ਦਾ ਅਗਲਾ ਕਦਮ ਵੀ ਹੈ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਕੱਢੀ ਜਾ ਰਹੀ ਬੱਸ ਰੈਲੀ ਦਾ ਜੰਡਿਆਲਾ ਗੁਰੂ ਪਹੁੰਚਣ ’ਤੇ ਨਿੱਘਾ ਸਵਾਗਤ



**ਅੰਮ੍ਰਿਤਸਰ,(ਨਰਿੰਦਰਜੀਤ ਸਿੰਘ)**

ਪੰਜਾਬ ਸਰਕਾਰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਿਆ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਪੰਜਾਬ ਨੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਕੱਢੀ ਜਾ ਰਹੀ ਬੱਸ ਰੈਲੀ ਦਾ ਜੰਡਿਆਲਾ ਗੁਰੂ ਵਿਖੇ ਪੁੱਜਣ ਤੇ ਨਿੱਘਾ ਸਵਾਗਤ ਕਰਦੇ ਸਮੇਂ ਕੀਤਾ ਅਤੇ ਬੱਸ ਨੂੰ ਜੰਡਿਆਲਾ ਗੁਰੂ ਤੋਂ ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਖਡੂਰ ਸਾਹਿਬ ਤਰਨਤਾਰਨ ਵਿਖੇ ਝੰਡੀ ਦੇ ਕੇ ਰਵਾਨਾ ਕੀਤਾ। ਸ. ਈਟੀਓ ਨੇ ਕਿਹਾ ਕਿ ਪੰਜਾਬ ਰਾਜ ਵਿੱਚ ਕੱਢੀ ਜਾ ਰਹੀ 5 ਰੋਜ਼ਾ ਭਾਸ਼ਾ ਜਾਗਰੂਕਤਾ ਰੈਲੀ ਆਪਣੇ ਆਪ ਵਿੱਚ ਇਕ ਇਤਿਹਾਸਕ ਕਾਰਜ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਕੱਢੀ ਜਾ ਰਹੀ ਇਸ ਰੈਲੀ ਦਾ ਮਨੋਰਥ ਪੰਜਾਬ ਵਾਸੀਆਂ ਨੂੰ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ ਅਤੇ ਇਸ ਨੂੰ ਰੁਜ਼ਗਾਰ ਦੀ ਭਾਸ਼ਾ ਬਣਾ ਕੇ ਆਪਣੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਪਹਿਲੀ ਵਾਰ ਪੰਜਾਬ ਦੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਪ੍ਰਾਈਵੇਟ ਦੁਕਾਨਾਂ ਤੇ ਹਰ ਤਰ੍ਹਾਂ ਦੇ ਵਪਾਰਕ ਕਾਰੋਬਾਰੀਆਂ ਅਦਾਰਿਆਂ ਦੇ ਬੋਰਡਾਂ ਦੇ ਨਾਮ ਪੰਜਾਬੀ ਭਾਸ਼ਾ ਵਿੱਚ ਲਿਖਣੇ ਲਾਜ਼ਮੀ ਕਰ ਦਿੱਤੇ ਗਏ ਹਨ, ਜਿਸ ਲਈ ਪੰਜਾਬ ਸਰਕਾਰ ਵੱਲੋਂ 31 ਮਾਰਚ 2023 ਨੂੰ ਵਪਾਰਕ ਅਦਾਰਿਆਂ ਨਾਲ ਸਬੰਧਤ ਐਕਟ ਵਿੱਚ ਬਕਾਇਦਾ ਸੋਧ ਕਰਕੇ ਸਜ਼ਾ ਵੀ ਨਿਰਧਾਰਤ ਕਰ ਦਿੱਤੀ ਗਈ ਹੈ। ਈਟੀਓ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਕੈਨੇਡਾ ਜਿਸ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਹਨ, ਜੰਡਿਆਲਾ ਗੁਰੂ ਦੇ ਜੰਮਪਲ ਹਨ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਈਟੀਓ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ ਮੰਡੀ ਸੂਬੇਦਾਰ ਛਨਾਖ ਸਿੰਘ, ਸਰਬਜੀਤ ਸਿੰਘ ਡਿੰਪੀ, ਸਤਿੰਦਰ ਸਿੰਘ, ਸੁਨੈਨਾ ਰੰਧਾਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

## ਵਿਆਹੁਤਾ ਵੱਲੋਂ ਆਤਮ ਹੱਤਿਆ, ਪਤੀ ਤੇ ਜੇਠ ਗ੍ਰਿਫਤਾਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਿੰਡ ਤਾਰੀਜਾ ਨਗਰ ਵਿੱਚ ਸਹੁਰਾ ਪਰਿਵਾਰ ਤੋਂ ਦੁਖੀ ਹੋ ਕੇ ਇਕ ਵਿਆਹੁਤਾ ਨੇ ਕੋਈ ਜ਼ਹਿਰੀਲੀ ਚੀਜ਼ ਖਾ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕਾ ਦੀ ਪਛਾਣ ਰੀਟਾ ਉਰਫ ਪਿੰਕੀ (28 ਸਾਲ) ਪਤਨੀ ਅਲਬਖਸ਼ ਪੁੱਤਰ ਕਸ਼ਮੀਰ ਮਸੀਹ ਵਾਸੀ ਤਰੀਜਾ ਨਗਰ ਵਜੋਂ ਹੋਈ। ਮ੍ਰਿਤਕਾ ਆਪਣੇ ਪਿੱਛੇ ਇਕ 5 ਸਾਲ ਦੀ ਬੇਟੀ ਅਤੇ ਡੇਢ ਸਾਲ ਦਾ ਬੇਟਾ ਛੱਡ ਗਈ। ਮ੍ਰਿਤਕਾ ਦੇ ਪਿਤਾ ਗੁਰਜੀਤ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਢੇਸੀਆਂ ਥਾਣਾ ਕਾਹਨੂੰਵਾਨ ਨੇ ਥਾਣਾ ਧਾਰੀਵਾਲ ਦੀ ਪੁਲੀਸ ਨੂੰ ਦੱਸਿਆ ਕਿ ਉਸਦੀ ਲੜਕੀ ਰੀਟਾ ਉਰਫ ਪਿੰਕੀ ਦੀ ਸ਼ਾਦੀ ਸਾਲ 2016 ਵਿੱਚ ਅਲਬਖਸ਼ ਪੁੱਤਰ ਕਸ਼ਮੀਰ ਮਸੀਹ ਵਾਸੀ ਤਰੀਜਾ ਨਗਰ ਨਾਲ ਹੋਈ ਸੀ। ਉਸ (ਗੁਰਜੀਤ ਸਿੰਘ) ਦੀ ਲੜਕੀ ਦਾ ਪਤੀ ਅਲਬਖਸ, ਜੇਠ ਸੈਮ ਮਸੀਹ ਅਤੇ ਸੱਸ ਦੀਪੋ ਉਸ (ਰੀਟਾ ਉਰਫ ਪਿੰਕੀ) ਨੂੰ ਦਾਜ ਦਹੇਜ ਲਈ ਤੰਗ ਪਰੇਸ਼ਾਨ ਕਰਦੇ ਅਤੇ ਮਾਰ ਕੁਟਾਈ ਕਰਦੇ ਸਨ। ਇਨ੍ਹਾਂ ਤੋਂ ਤੰਗ ਆ ਕੇ ਰੀਟਾ ਉਰਫ ਪਿੰਕੀ ਨੇ ਜ਼ਹਿਰਲੀ ਦਵਾਈ ਖਾ ਕੇ ਆਤਮ ਹੱਤਿਆ ਕੀਤੀ ਹੈ। ਥਾਣਾ ਧਾਰੀਵਾਲ ਦੇ ਮੁਖੀ ਸਬ ਇੰਸਪੈਕਟਰ ਰਜਿੰਦਰ ਕੌਰ ਨੇ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਗੁਰਜੀਤ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਮ੍ਰਿਤਕਾ ਦੇ ਪਤੀ.ਅਲਬਖਸ਼, ਜੇਠ ਸੈਮ ਮਸੀਹ ਅਤੇ ਸੱਸ ਦੀਪੋ ਵਿਰੁੱਧ ਧਾਰਾ 306 ਭ.ਦ ਤਹਿਤ ਮੁਕੱਦਮਾ ਦਰਜ ਕਰਕੇ ਮ੍ਰਿਤਕਾ ਦੇ ਪਤੀ.ਅਲਬਖਸ਼ ਅਤੇ ਜੇਠ ਸੈਮ ਮਸੀਹ ਨੂੰ ਗ੍ਰਿਫਤਾਰ ਕਰ ਲਿਆ ਹੈ। ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀ ਹੈ।

## 1 ਅਕਤੂਬਰ ਨੂੰ ਚੋਣ ਕਮਿਸ਼ਨ ਵੱਲੋਂ 80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਕੀਤਾ ਜਾਵੇਗਾ ਸਨਮਾਨਤ

**ਗੁਰਦਾਸਪੁਰ, (ਜਨਕ ਮਹਾਜਨ)**-ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ 1 ਅਕਤੂਬਰ ਨੂੰ ਇੰਟਰਨੈਸ਼ਨਲ ਡੇਅ ਫਾਰ ਓਲਡਰ ਪਰਸਨਜ਼ ਵਜੋਂ ਮਨਾਇਆ ਜਾਵੇਗਾ। ਇਸ ਮੌਕੇ ਭਾਰਤ ਚੋਣ ਕਮਿਸ਼ਨ ਵਲੋਂ 80 ਸਾਲ ਤੋਂ ਵੱਧ ਉਮਰ ਦੇ ਸਾਰੇ ਸੀਨੀਅਰ ਸਿਟੀਜ਼ਨ ਵੋਟਰਾਂ ਨੂੰ ਚੋਣ ਪਰਕਿਰਿਆ ਅਤੇ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਪਾਏ ਗਏ ਲਗਾਤਾਰ ਯੋਗਦਾਨ ਲਈ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ 1 ਅਕਤੂਬਰ ਨੂੰ ਇੰਟਰਨੈਸ਼ਨਲ ਡੇਅ ਫਾਰ ਓਲਡਰ ਪਰਸਨਜ਼ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਬਿਰਧ ਆਸ਼ਰਮ (ਨੇੜੇ ਸਿਵਲ ਹਸਪਤਾਲ, ਬੱਬਰੀ) ਗੁਰਦਾਸਪੁਰ ਵਿਖੇ ਸਵੇਰੇ 10 ਵਜੇ ਹੋਵੇਗਾ। ਉਨ੍ਹਾਂ ਦੱਸਿਆ ਕਿ ਬੂਥ ਪੱਧਰ ’ਤੇ ਹਰੇਕ ਬੀਐੱਲਓ ਘਰ-ਘਰ ਜਾ ਕੇ 80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨਗੇ। ਜ਼ਿਲ੍ਹਾ ਚੋਣ ਅਧਿਕਾਰੀ ਨੇ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਧਿਕਾਰੀਆਂ, ਸੈਕਟਰ ਅਫ਼ਸਰਾਂ ਅਤੇ ਬੀਐੱਲਓਜ਼ ਨੂੰ ਇਸ ਸਮਾਗਮ ਨੂੰ ਸਫਲ਼ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

# ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਕਿਸਾਨਾਂ ਨੂੰ ਪਰਾਲੀ ਦਾ ਸੁਚੱਜਾ ਪ੍ਰਬੰਧ ਕਰਨ ਦਾ ਸੱਦਾ

**ਗੁਰਦਾਸਪੁਰ, (ਜਨਕ ਮਹਾਜਨ)**

ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀ ਬਜਾਏ ਸਰਕਾਰ ਵੱਲੋਂ ਸਬਸਿਡੀ ’ਤੇ ਮੁਹੱਈਆ ਕਰਵਾਈ ਜਾਂਦੀ ਮਸ਼ੀਨਰੀ ਨਾਲ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਦਾ ਸੱਦਾ ਦਿੱਤਾ ਹੈ। ਜ਼ਮੀਨ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਿਸਾਨਾਂ ਨੂੰ ਫ਼ਸਲੀ ਰਹਿੰਦ ਖੂਹੰਦ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿਮਘ ਢਿੱਲੋਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਵੱਲੋਂ 50 ਤੋਂ 80 ਫੀਸਦੀ ਸਬਸਿਡੀ ’ਤੇ ਮੁਹੱਈਆ ਕਰਵਾਈ ਜਾਂਦੀ ਮਸ਼ੀਨਰੀ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਵਾਲੇ ਜ਼ਿਲ੍ਹੇ ਦੇ ਕਿਸਾਨਾਂ ਦਾ ‘ਵਾਤਾਵਰਨ ਦੇ ਰਾਖੇ’ ਵਜੋਂ ਸਨਮਾਨ ਕੀਤਾ ਜਾਵੇਗਾ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਪਰਾਲੀ ਨੂੰ ਅੱਗ ਲਗਾਉਣ ਹਰ ਪੱਖ ਤੋਂ ਬਹੁਤ ਨੁਕਸਾਨਦਾਇਕ ਹੈ। ਉਨ੍ਹਾਂ ਕਿਹਾ ਕਿ ਅੱਗ ਲਗਾਉਣ ਨਾਲ ਖੇਤਾਂ ਵਿਚਲੇ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਘੱਟ ਜਾਂਦੀ ਹੈ। ਪਰਾਲੀ ਦੇ ਧੂੰਏ ਨਾਲ ਸੜਕੀ ਹਾਦਸੇ ਵੀ ਵਾਪਰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਭ ਤੋਂ ਬਚਣ ਲਈ ਫਸਲੀ ਰਹਿੰਦ-ਖੂੰਹਦ ਦਾ ਨਿਪਟਾਰਾ ਖੇਤੀ ਮਸ਼ੀਨਰੀ ਰਾਹੀਂ ਵਿਗਿਆਨਿਕ ਢੰਗ ਨਾਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਫਸਲੀ ਰਹਿੰਦ-ਖੂੰਹਦ ਦੇ ਨਿਪਟਾਰੇ ਸਬੰਧੀ ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਨੇੜੇ ਦੇ ਖੇਤੀਬਾੜੀ ਦਫ਼ਤਰ ਸੰਪਰਕ ਕਰ ਸਕਦੇ ਹਨ।

# 5 ਅਕਤੂਬਰ ਤੱਕ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ: ਡਿਪਟੀ ਕਮਿਸ਼ਨਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਸੀਜ਼ਨ-2 ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ 28 ਸਤੰਬਰ ਤੋਂ 5 ਅਕਤੂਬਰ 2023 ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਵੱਖ-ਵੱਖ ਉਮਰ, ਵਰਗ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਐਥਲੈਟਿਕਸ, ਜੂਡੋ, ਖੋ-ਖੋ, ਬੈਡਮਿੰਟਨ, ਵਾਲੀਬਾਲ (ਸ਼ੂਟਿੰਗ ਅਤੇ ਸਮੈਸਿੰਗ), ਫੁੱਟਬਾਲ, ਹਾਕੀ, ਹੈਂਡਬਾਲ, ਵੇਟਲਿਫਟਿੰਗ, ਪਾਵਰਲਿਫਟਿੰਗ, ਸ਼ੂਟਿੰਗ, ਬਾਸਕਿਟਬਾਲ, ਕੁਸ਼ਤੀ, ਕਬੱਡੀ (ਨੈਸ਼ਨਲ ਅਤੇ ਸਰਕਲ ਸਟਾਇਲ) ਕਿੱਕ ਬਾਕਸਿੰਗ, ਬਾਕਸਿੰਗ, ਗੱਤਕਾ, ਟੇਬਲ ਟੈਨਿਸ, ਚੈੱਸ, ਸਾਫਟਬਾਲ, ਸਵਿਮਿੰਗ, ਲਾਅਨ ਟੈਨਿਸ ਅਤੇ ਨੈੱਟਬਾਲ ਦੇ ਮੁਕਾਬਲੇ ਹੋਣਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ 28 ਤੋਂ 30 ਸਤੰਬਰ ਨੂੰ ਐਥਲੈਟਿਕਸ ਮੁਕਾਬਲੇ ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਵਿਖੇ ਹੋਣਗੇ। ਸਾਫਟਬਾਲ ਦੇ ਮੁਕਾਬਲੇ 28 ਤੇ 29 ਸਤੰਬਰ ਨੂੰ ਸ੍ਰੀ ਗੁਰੂ ਅਰਜਨ ਦੇਵ ਸ. ਸ. ਖ਼ਾਲਸਾ ਸਕੂਲ ਧਾਰੀਵਾਲ, ਸਵਿਮਿੰਗ ਦੇ ਮੁਕਾਬਲੇ 29 ਤੇ 30 ਸਤੰਬਰ ਨੂੰ ਵਿਸ਼ਾਲ ਫਿਟਨੈੱਸ ਕਲੱਬ, ਕਾਹਨੂੰਵਾਨ ਰੋਡ ਗੁਰਦਾਸਪੁਰ, ਜੂਡੋ ਦੇ ਮੁਕਾਬਲੇ 28 ਤੇ 30 ਸਤੰਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗੁਰਦਾਸਪੁਰ ਵਿਖੇ, ਬੈਡਮਿੰਟਨ (ਲੜਕੇ) ਦੇ ਮੁਕਾਬਲੇ 28 ਤੋਂ 30 ਸਤੰਬਰ ਤੱਕ ਬੈਡਮਿੰਟਨ ਹਾਲ ਗੁਰਦਾਸਪੁਰ, ਅਤੇ ਬੈਡਮਿੰਟਨ (ਲੜਕੀਆਂ) 29 ਤੋਂ 30 ਸਤੰਬਰ ਵਿਸ਼ਾਲ ਫਿਟਨੈੱਸ ਕਲੱਬ ਗੁਰਦਾਸਪੁਰ ਵਿਖੇ ਹੋਣਗੇ। ਉਨ੍ਹਾਂ ਦੱਸਿਆ ਕਿ ਵਾਲੀਬਾਲ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਐੱਸਐੱਸਐੱਮ ਕਾਲਜ ਦੀਨਾਨਗਰ, ਫੁੱਟਬਾਲ ਦੇ ਮੁਕਾਬਲੇ 2 ਤੋਂ 5 ਅਕਤੂਬਰ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਅਫ਼ਗਾਨਾ ਆਜ਼ਮਪੁਰ, ਹਾਕੀ ਦੇ ਮੁਕਾਬਲੇ 2 ਤੋਂ 5 ਅਕਤੂਬਰ ਤੱਕ ਸਰਕਾਰੀ ਕਾਲਜ ਗੁਰਦਾਸਪੁਰ, ਹੈਂਡਬਾਲ ਦੇ ਮੁਕਾਬਲੇ 3 ਤੋਂ 4 ਅਕਤੂਬਰ ਨੂੰ ਚੀਮਾ ਪਬਲਿਕ ਸਕੂਲ ਕਿਸ਼ਨਕੋਟ (ਨੇੜੇ ਘੁਮਾਣ), ਨੈੱਟਬਾਲ ਦੇ ਮੁਕਾਬਲੇ 4 ਅਕਤੂਬਰ ਨੂੰ ਐੱਸਐੱਸਐੱਮ ਕਾਲਜ ਦੀਨਾਨਗਰ, ਵੇਟਲਿਫਟਿੰਗ ਦੇ ਮੁਕਾਬਲੇ 3 ਅਕਤੂਬਰ ਨੂੰ ਦਵਿੰਦਰ ਫਿਟਨੈੱਸ ਸੈਂਟਰ ਨੇੜੇ ਪਾਣੀ ਦੀ ਟੈਂਕੀ ਹਰਚੋਵਾਲ ਅਤੇ ਪਾਵਰ ਲਿਫਟਿੰਗ ਦੇ ਮੁਕਾਬਲੇ 4 ਅਕਤੂਬਰ ਨੂੰ ਦਵਿੰਦਰ ਫਿਟਨੈੱਸ ਸੈਂਟਰ ਨੇੜੇ ਪਾਣੀ ਦੀ ਟੈਂਕੀ ਹਰਚੋਵਾਲ ਵਿਖੇ, ਕਰਵਾਏ ਜਾਣਗੇ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸ਼ੂਟਿੰਗ ਦੇ ਮੁਕਾਬਲੇ 5 ਅਕਤੂਬਰ ਨੂੰ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਵਿਖੇ, ਬਾਸਕਿਟਬਾਲ ਦੇ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਐੱਸਐੱਸਐੱਮ ਕਾਲਜ ਦੀਨਾਨਗਰ ਵਿਖੇ, ਕੁਸ਼ਤੀ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਐੱਸਐੱਸਐੱਮ ਕਾਲਜ ਦੀਨਾਨਗਰ ਵਿਖੇ, ਖੋ-ਖੋ ਲੜਕੀਆਂ ਦੇ ਮੁਕਾਬਲੇ 2 ਤੋਂ 4 ਅਕਤੂਬਰ ਤੱਕ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਵਿਖੇ, ਖੋ-ਖੋ (ਲੜਕੇ) ਦੇ ਮੁਕਾਬਲੇ 3 ਤੋਂ 4 ਅਕਤੂਬਰ ਨੂੰ ਚੀਮਾ ਪਬਲਿਕ ਸਕੂਲ ਕਿਸ਼ਨਕੋਟ, ਕਬੱਡੀ ਨੈਸ਼ਨਲ ਸਟਾਈਲ ਦੇ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ, ਕਬੱਡੀ ਸਰਕਲ ਸਟਾਈਲ ਦੇ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਸਰਕਾਰੀ ਕਾਲਜ ਗੁਰਦਾਸਪੁਰ, ਲਾਅਨ ਟੈਨਿਸ ਦੇ ਮੁਕਾਬਲੇ 5 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਨਿਆੜ ਵਿਖੇ, ਕਿੱਕ ਬਾਕਸਿੰਗ ਦੇ 3 ਅਕਤੂਬਰ ਨੂੰ ਮੁਕਾਬਲੇ ਸਿੱਧੂ ਜਿਮ ਮਾਰਸ਼ਲ ਆਰਟ ਸਪੋਰਟਸ ਅਕੈਡਮੀ ਅੱਡਾ ਸ਼ਾਹਬਾਦ ਕਾਦੀਆਂ ਰੋਡ ਬਟਾਲਾ ਵਿਖੇ, ਬਾਕਸਿੰਗ ਦੇ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਬਾਬਾ ਅਜੇ ਸਿੰਘ ਖ਼ਾਲਸਾ ਕਾਲਜ ਗੁਰਦਾਸਨੰਗਲ ਵਿਖੇ, ਗੱਤਕਾ ਦੇ ਮੁਕਾਬਲੇ 3 ਤੋਂ 5 ਅਕਤੂਬਰ ਨੂੰ ਬਾਬਾ ਅਜੇ ਸਿੰਘ ਖ਼ਾਲਸਾ ਕਾਲਜ ਗੁਰਦਾਸਨੰਗਲ ਵਿਖੇ, ਟੇਬਲ ਟੈਨਿਸ ਦੇ ਮੁਕਾਬਲੇ 3 ਤੋਂ 4 ਅਕਤੂਬਰ ਨੂੰ ਆਰ. ਡੀ. ਖੋਸਲਾ ਸਕੂਲ ਬਟਾਲਾ ਅਤੇ ਚੈੱਸ ਦੇ ਮੁਕਾਬਲੇ 3 ਤੇ 4 ਅਕਤੂਬਰ ਨੂੰ ਦਿੱਲੀ ਪਬਲਿਕ ਸਕੂਲ ਗੁਰਦਾਸਪੁਰ ਵਿਖੇ ਹੋਣਗੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਪੂਰੇ ਉਤਸ਼ਾਹ ਅਤੇ ਖੇਡ ਭਾਵਨਾ ਨਾਲ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਖੇਡ ਮੈਦਾਨਾਂ ਵਿੱਚ ਆ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਵੀ ਜ਼ਰੂਰ ਕਰਨ।

## ਜਸਪਾਲ ਪੰਧੇਰ ਤੇ ਮੋਹਨ ਸਿੰਘ ਦੀ ਚੇਅਰਮੈਨਾਂ ਵਜੋਂ ਹੋਈ ਤਾਜਪੋਸ਼ੀ

**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**-ਮਾਰਕੀਟ ਕਮੇਟੀ ਕਾਹਨੂੰਵਾਨ ਅਤੇ ਕਾਦੀਆਂ ਦੇ ਚੇਅਰਮੈਨ ਦੀ ਤਾਜਪੋਸ਼ੀ ਹੋਈ। ਮਾਰਕੀਟ ਕਮੇਟੀ ਦਫਤਰ ਕਾਹਨੂੰਵਾਨ ਵਿਖੇ ਆਯੋਜਿਤ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ ਹਾਜ਼ਰ ਹੋਏ ਅਤੇ ਡਾ. ਜਸਪਾਲ ਸਿੰਘ ਪੰਧੇਰ ਨੂੰ ਮਾਰਕੀਟ ਕਮੇਟੀ ਕਾਹਨੂੰਵਾਨ ਦੇ ਚੇਅਰਮੈਨ ਦੀ ਕੁਰਸੀ ’ਤੇ ਬਿਠਾ ਕੇ ਮੂੰਹ ਮਿੱਠਾ ਕਰਵਾਇਆ। ਇਸੇ ਸਮਾਗਮ ਦੌਰਾਨ ਮੋਹਨ ਸਿੰਘ ਵਾਸੀ ਜਾਗੋਵਾਲ ਬੇਟ ਨੂੰ ਮਾਰਕੀਟ ਕਮੇਟੀ ਕਾਦੀਆਂ ਦੇ ਚੇਅਰਮੈਨ ਵਜੋਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਜਗਰੂਪ ਸਿੰਘ ਨੇ ਕਿਹਾ ਕਿ ਮਾਰਕੀਟ ਕਮੇਟੀ ਕਾਹਨੂੰਵਾਨ ਅਤੇ ਕਾਦੀਆਂ ਚੇਅਰਮੈਨ ਵਜੋਂ ਨਿਯੁਕਤੀ ਡਾਕਟਰ ਜਸਪਾਲ ਸਿੰਘ ਅਤੇ ਮੋਹਨ ਸਿੰਘ ਦੀ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰਖਦਿਆਂ ਹੋਇਆਂ ਕੀਤੀ ਗਈ ਹੈ। ਇਸ ਮੌਕੇ ਡਾ. ਜਸਪਾਲ ਸਿੰਘ ਤੇ ਮੋਹਨ ਸਿੰਘ ਨੇ ਕਿਹਾ ਉਹ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਕਿਸਾਨਾਂ ਦੀਆਂ ਹਰ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਆਪਣੀ ਜਿਨਸ ਵੇਚਣ ਆਏ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦੇਣਗੇ। ਇਸ ਮੌਕੇ ਚੰਚਲ ਸਿੰਘ ਸਿੰਘ ਬਾਗੜੀਆਂ ਸਾਬਕਾ ਚੇਅਰਮੈਨ, ਸੋਹਣ ਸਿੰਘ, ਜੋਗਾ ਸਿੰਘ, ਮਨਿੰਦਰ ਪਾਲ ਸਿੰਘ ਘੁੰਮਣ, ਮਨਪ੍ਰੀਤ ਸਿੰਘ ਲਾਧੂਪੁਰ, ਰਘਬੀਰ ਸਿੰਘ ਸਰਪੰਚ ਲਾਧੂਪੁਰ, ਸਰਪੰਚ ਮਲਕੀਤ ਸਿੰਘ ਬਿੱਲਾ ਹਾਜ਼ਰ ਸਨ ।

29-Sep-PAGE-4-2.qxd 9/28/2023 10:36 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 29 ਸਤੰਬਰ 2023

# ਧਨਖੜ ਦੇ ਗੇੜੇ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਸੰਬਲੀ ਚੋਣਾਂ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨ ਦੀ ਨਵੀਂ ਪਿਰਤ ਪਾਈ ਹੈ, ਕਿਉਂਕਿ ਪਹਿਲੇ ਪ੍ਰਧਾਨ ਮੰਤਰੀ ਜ਼ਿਆਦਾਤਰ ਗੁਰੇਜ਼ ਹੀ ਕਰਦੇ ਸਨ, ਪਰ ਉਪ-ਰਾਸ਼ਟਰਪਤੀ ਨੂੰ ਇਸ ਕੰਮ ਲਈ ਕਦੇ ਨਹੀਂ ਵਰਤਿਆ ਗਿਆ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀਆਂ ਅਸੰਬਲੀ ਚੋਣਾਂ ਮੌਕੇ ਗੇੜੀਆਂ 'ਤੇ ਸਖਤ ਇਤਰਾਜ਼ ਕੀਤਾ ਹੈ। ਗਹਿਲੋਤ ਨੇ ਕਿਹਾ ਹੈ—ਅਭੀ ਜੋ ਬਾਰ ਬਾਰ ਸੁਬਹ ਸ਼ਾਮ ਆ ਰਹੇ ਹੈਂ, ਦੌਰੇ ਕਰ ਰਹੇ ਹੈਂ, ਕੋਈ ਤੁਕ ਨਹੀਂ। ਕਯਾ ਤੁਕ ਹੈ? ਚੁਨਾਵ ਚਲ ਰਹੇ ਹੈਂ ਰਾਜਸਥਾਨ ਕੇ ਅੰਦਰ, ਆਪ ਬਾਰ ਬਾਰ ਆਓਗੇ, ਕਯਾ ਲੋਗ ਸਮਝੇਂਗੇ ਆਪਕੇ ਬਾਰੇ ਮੇਂ? ਆਪ ਚਾਹਤੇ ਕਯਾ ਹੋ।*

*ਧਨਖੜ ਦਾ ਕਹਿਣਾ ਹੈ ਕਿ ਰਾਜਸਥਾਨ ਉਨ੍ਹਾ ਦਾ ਜੱਦੀ ਸੂਬਾ ਹੈ। ਗਹਿਲੋਤ ਇਸ ਕਰਕੇ ਖਿਝੇ ਹਨ ਕਿ ਉਹ ਜਨਤਕ ਪ੍ਰੋਗਰਾਮਾਂ ਵਿਚ ਜਾ ਰਹੇ ਹਨ ਤੇ ਅਜਿਹੀਆਂ ਤਕਰੀਰਾਂ ਕਰ ਰਹੇ, ਜਿਨ੍ਹਾਂ ਵਿੱਚੋਂ ਸਿਆਸੀ ਚਲਾਕੀਆਂ ਝਲਕਦੀਆਂ ਹਨ। ਸਥਾਨਕ ਮੀਡੀਆ ਵੀ ਵਿਸ਼ਲੇਸ਼ਣ ਕਰ ਰਿਹਾ ਹੈ ਕਿ ਧਨਖੜ ਦੇ ਦੌਰਿਆਂ ਨਾਲ ਜਾਟ ਵੋਟਰ ਭਾਜਪਾ ਵੱਲ ਝੁਕ ਸਕਦੇ ਹਨ। ਪਿਛਲੇ 30 ਦਿਨਾਂ ਦੌਰਾਨ ਧਨਖੜ 27 ਅਗਸਤ, 4,5,12,14,23 ਤੇ 27 ਸਤੰਬਰ ਨੂੰ ਰਾਜਸਥਾਨ ਦੌਰੇ 'ਤੇ ਰਹੇ ਅਤੇ ਜੈਪੁਰ, ਝੁਨਝੁਨੂ, ਚੁਰੂ, ਭਰਤਪੁਰ, ਟੋਂਕ, ਕੋਟਾ, ਅਜਮੇਰ, ਉਦੈਪੁਰ, ਚਿਤੌੜਗੜ੍ਹ ਤੇ ਬੀਕਾਨੇਰ ਵਿਚ ਕਈ ਸਰਕਾਰੀ ਪ੍ਰੋਗਰਾਮਾਂ ਵਿਚ ਸ਼ਿਰਕਤ ਕੀਤੀ। ਕਾਂਗਰਸ ਦਾ ਕਹਿਣਾ ਹੈ ਕਿ ਧਨਖੜ ਤਾਂ ਭਾਜਪਾ ਦੇ ਸਟਾਰ ਪ੍ਰਚਾਰਕਾਂ ਨਾਲੋਂ ਵੀ ਵੱਧ ਪ੍ਰਚਾਰ ਮੁਹਿੰਮ ਚਲਾ ਰਹੇ ਹਨ। ਬੁੱਧਵਾਰ ਧਨਖੜ ਨੇ ਇਕ ਥਾਂ ਕਿਹਾ ਕਿ ਪਾਰਲੀਮੈਂਟ ਵਿਚ ਪਾਸ ਕੀਤਾ ਗਿਆ ਮਹਿਲਾ ਰਿਜ਼ਰਵੇਸ਼ਨ ਬਿੱਲ ਗੇਮ-ਚੇਂਜਰ ਹੈ, ਜਦਕਿ ਆਪੋਜ਼ੀਸ਼ਨ ਦਾ ਕਹਿਣਾ ਹੈ ਕਿ ਮੋਦੀ ਨੇ ਮਹਿਲਾ ਰਿਜ਼ਰਵੇਸ਼ਨ ਰਾਇਸ਼ੁਮਾਰੀ ਤੇ ਹਲਕਾਬੰਦੀ ਤੋਂ ਬਾਅਦ ਲਾਗੂ ਕਰਨ ਦੀ ਗੱਲ ਕਹਿ ਕੇ ਛਲਾਵਾ ਕੀਤਾ ਹੈ। ਧਨਖੜ ਨੇ ਇਕ ਹੋਰ ਥਾਂ ਕਿਹਾ ਕਿ ਕੁਰੱਪਸ਼ਨ ਵਿਕਾਸ ਤੇ ਜਮਹੂਰੀਅਤ ਦੀ ਕਾਤਲ ਹੈ ਅਤੇ ਐਲਾਨਿਆ ਕਿ ਪਿਛਲੇ 10 ਸਾਲਾਂ ਵਿਚ ਸੱਤਾ ਦੇ ਦਲਾਲਾਂ ਨੂੰ ਨਿੱਸਲ ਕਰ ਦਿੱਤਾ ਗਿਆ ਹੈ। ਉਨ੍ਹਾ ਲੋਕਾਂ ਨੂੰ ਭਾਰਤ-ਵਿਰੋਧੀ ਸਰਗਰਮੀਆਂ ਤੇ ਅਦਾਰਿਆਂ ਨੂੰ ਬਦਨਾਮ ਤੇ ਕਮਜ਼ੋਰ ਕਰਨ ਦੇ ਯਤਨਾਂ ਦਾ ਡਟਵਾਂ ਵਿਰੋਧ ਕਰਨ ਦਾ ਵੀ ਸੱਦਾ ਦਿੱਤਾ। ਰਾਹੁਲ ਗਾਂਧੀ ਅਕਸਰ ਕਹਿੰਦੇ ਹਨ ਕਿ ਭਾਜਪਾ ਨੇ ਅਦਾਰਿਆਂ 'ਤੇ ਕਬਜ਼ੇ ਕਰਕੇ ਉਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਕੋਟਾ ਵਿਚ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਧਨਖੜ ਨੇ ਚੰਦਰਯਾਨ-3 ਮਿਸ਼ਨ ਦੀ ਸਫਲਤਾ ਦਾ ਸਿਹਰਾ ਮੋਦੀ ਸਿਰ ਬੰਨ੍ਹਿਆ। ਉਨ੍ਹਾ ਵਿਦਿਆਰਥੀਆਂ ਨੂੰ ਇਹ ਵੀ ਕਿਹਾ ਕਿ ਤੁਸੀਂ ਭਾਰਤ ਦੇ ਖੁਸ਼ਕਿਸਮਤ ਬੱਚੇ ਹੋ, ਜਿਨ੍ਹਾਂ ਨੂੰ ਟੇਲੈਂਟ ਸ਼ੋਅ ਕਰਨ ਦਾ ਮਾਹੌਲ ਮਿਲਿਆ ਹੈ, ਜਦਕਿ ਪਹਿਲਾਂ ਅਜਿਹਾ ਨਹੀਂ ਸੀ। ਇਹ ਵੀ ਕਿਹਾ ਕਿ ਪਹਿਲਾਂ ਲੋਕ ਬਿੱਲ ਦੇਣ ਲਈ ਲਾਈਨਾਂ ਵਿਚ ਲੱਗਦੇ ਸਨ, ਪਰ ਹੁਣ ਇਸ ਦੀ ਲੋੜ ਨਹੀਂ ਰਹੀ। ਇਹ ਆਪਣੇ-ਆਪ ਨਹੀਂ ਹੋਇਆ, ਸਰਕਾਰ ਨੇ ਕੀਤਾ। ਧਨਖੜ ਨੇ ਇੱਥੋਂ ਤੱਕ ਕਿਹਾ ਕਿ ਮਨਮੋਹਨ ਸਿੰਘ ਦੇ ਰਾਜ ਵਿਚ ਆਰਥਕਤਾ ਮੰਦੇ ਹਾਲ ਸੀ ਤੇ ਪਿਛਲੀਆਂ ਸਰਕਾਰਾਂ ਵਿਚ ਸੱਤਾ ਦੇ ਦਲਾਲਾਂ ਤੇ ਠੱਗਾਂ ਦੀ ਚਲਦੀ ਸੀ। ਸਰਕਾਰੀ ਫੈਸਲੇ ਬਾਹਰੋਂ (ਸੋਨੀਆ ਗਾਂਧੀ ਵੱਲ ਇਸ਼ਾਰਾ) ਹੁੰਦੇ ਸਨ। ਉਪ ਰਾਸ਼ਟਰਪਤੀ ਨੇ ਆਪੋਜ਼ੀਸ਼ਨ ਆਗੂਆਂ 'ਤੇ ਛਾਪੇਮਾਰੀ ਨੂੰ ਇਕ ਤਰ੍ਹਾਂ ਨਾਲ ਜਾਇਜ਼ ਠਹਿਰਾਉਂਦਿਆਂ ਕਿਹਾ—ਜੇ ਕਿਸੇ ਨੂੰ ਈ ਡੀ, ਸੀ ਬੀ ਆਈ ਜਾਂ ਇਨਕਮ ਟੈਕਸ ਦਾ ਨੋਟਿਸ ਮਿਲਦਾ ਹੈ ਤਾਂ ਉਹ ਗਲੀਆਂ ਵਿਚ ਰੌਲਾ ਪਾਉਂਦਾ ਹੈ। ਕੀ ਇਹ ਵਾਜਬ ਹੈ? ਅਦਾਲਤ ਵਿਚ ਜਾਓ ਤੇ ਰਾਹਤ ਮੰਗੋ।*

*ਰਾਜਸਥਾਨ ਵਿਚ ਅਜੀਬ ਸਥਿਤੀ ਬਣ ਗਈ ਹੈ। ਉਪ ਰਾਸ਼ਟਰਪਤੀ ਦਾ ਅਹੁਦਾ ਸੰਵਿਧਾਨਕ ਹੈ ਤੇ ਉਨ੍ਹਾ ਦੇ ਕਿਤੇ ਵੀ ਪੁੱਜਣ 'ਤੇ ਨਿਯਮਾਂ ਮੁਤਾਬਕ ਉਨ੍ਹਾ ਦਾ ਮੁੱਖ ਮੰਤਰੀ ਤੇ ਮੰਤਰੀਆਂ ਨੇ ਸਵਾਗਤ ਕਰਨਾ ਹੁੰਦਾ ਹੈ। ਹਾਲਾਂਕਿ ਧਨਖੜ ਨੇ ਕਿਹਾ ਹੈ ਕਿ ਰਾਜਸਥਾਨ ਉਨ੍ਹਾ ਦਾ ਜੱਦੀ ਸੂਬਾ ਹੈ ਤੇ ਖਾਸ ਆਓ-ਭਗਤ ਕਰਨ ਦੀ ਲੋੜ ਨਹੀਂ, ਪਰ ਸੂਬਾ ਸਰਕਾਰ ਨੂੰ ਨਿਯਮਾਂ ਦੀ ਪਾਲਣਾ ਤਾਂ ਕਰਨੀ ਪੈਣੀ ਹੈ। ਉਪ ਰਾਸ਼ਟਰਪਤੀ ਚੋਣਾਂ ਮੌਕੇ ਰਾਜਸਥਾਨ ਦਾ ਗੇੜੇ 'ਤੇ ਗੇੜਾ ਲਾ ਕੇ ਜਿੱਥੇ ਗਲਤ ਪਿਰਤ ਪਾ ਰਹੇ ਹਨ, ਉਥੇ ਸਿਆਸੀ ਸੁਰਾਂ ਵਾਲੀਆਂ ਤਕਰੀਰਾਂ ਕਰਕੇ ਦੇਸ਼ ਦੇ ਦੂਜੇ ਸਭ ਤੋਂ ਵੱਡੇ ਅਹੁਦੇ ਦੀ ਕਦਰ-ਘਟਾਈ ਵੀ ਕਰ ਰਹੇ ਹਨ।*

# ਭਾਜਪਾ ਵੱਲੋਂ ਧਾਰਮਿਕ ਮੁੱਦਾ ਉਭਾਰਨ ਦਾ ਯਤਨ



ਜਗੀਰ ਸਿੰਘ ਜਗਤਾਰ

ਭਾਰਤੀ ਜਨਤਾ ਪਾਰਟੀ (ਭਾਜਪਾ) ਜੋ ਨੀਤੀਆਂ ਪੱਖੋਂ ਜਨਤਾ ਤੋਂ ਦੂਰ ਹੈ, ਉਹ 2024 ਵਿਚ ਲੋਕ ਸਭਾ ਦੀ ਹੋਣ ਵਾਲੀ ਚੋਣ ਜਿੱਤਣ ਲਈ ਆਪਣੀ ਬਲ-ਛਲ ਵਾਲੀ ਨੀਤੀ ਦਾ ਸਰਗਰਮੀ ਨਾਲ ਪਸਾਰ ਕਰਨ ਵਿਚ ਰੁਝੀ ਹੋਈ ਹੈ। ਉੱਚ ਅਹੁਦਿਆਂ 'ਤੇ ਬੈਠੇ ਆਗੂ ਜੋ ਕਹਿੰਦੇ ਹਨ, ਜ਼ਰੂਰੀ ਨਹੀਂ ਕਿ ਉਸ ਦੇ ਉਹੋ ਹੀ ਅਰਥ ਹਨ, ਉਸ ਤੋਂ ਪੂਰੀ ਤਰ੍ਹਾਂ ਬਿਪਰੀਤ ਵੀ ਹੋ ਸਕਦੇ ਹਨ। ਸਭ ਨੇ ਸੁਣਿਆਂ ਤੇ ਵੇਖਿਆ ਕਿ ਨੋਟਬੰਦੀ ਦੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਤਿੰਨ ਲਾਭ ਗਿਣਾਏ, ਕਾਲਾ ਧਨ ਬਾਹਰ ਆਏਗਾ, ਜੋ ਭਾਰਤੀ ਕਰੰਸੀ ਅੱਤਵਾਦੀਆਂ ਪਾਸ ਹੈ, ਉਹ ਨਕਾਰਾ ਹੋ ਜਾਏਗੀ, ਆਮ ਲੋਕਾਂ ਨੂੰ ਕੰਮਕਾਜ ਵਿਚ ਸਹੂਲਤਾਂ ਮਿਲਣਗੀਆਂ। ਹੋਇਆ ਇਸ ਤੋਂ ਉਲਟ, ਪੁਰਾਣੇ ਜਿੰਨੇ ਨੋਟ ਸਨ ਬੈਂਕਾਂ ਰਾਹੀਂ ਨਵਿਆਂ ਨਾਲ ਬਣਾਏ ਗਏ, ਵਧੇਰੇ ਜਮ੍ਹਾਂ ਕਰੰਸੀ ਬਾਹਰ ਨਹੀਂ ਆਈ। ਨਵੇਂ ਨੋਟ ਆਮ ਲੋਕਾਂ ਤੱਕ ਪੁੱਜਣ ਤੋਂ ਪਹਿਲਾਂ ਹੀ ਅੱਤਵਾਦੀਆਂ ਪਾਸ ਪੁੱਜ ਗਏ ਸਨ। ਛੋਟੇ ਕਾਰੋਬਾਰੀਆਂ ਨੂੰ ਇਸ ਉਥਲ-ਪੁਥਲ ਕਾਰਨ ਮੰਦੀ ਦਾ ਸਾਹਮਣਾ ਕਰਨਾ ਪਿਆ। ਸਧਾਰਨ ਲੋਕਾਂ ਨੂੰ ਆਪਣੇ ਨੋਟ ਬਦਲਾਉਣ ਲਈ ਬੈਂਕਾਂ ਅੱਗੇ ਲੰਮੀਆਂ ਕਤਾਰਾਂ ਵਿਚ ਖੜ੍ਹਨਾ ਪਿਆ, ਜਿਹਨਾਂ ਵਿਚੋਂ ਡੇਢ ਸੌ ਮਰਦ, ਔਰਤਾਂ ਦੀ ਬੈਂਕਾਂ ਅੱਗੇ ਹੀ ਮੌਤ ਹੋ ਗਈ।

ਇਸ ਤਰ੍ਹਾਂ ਖੇਤੀ ਬਾਰੇ ਤਿੰਨ ਕਾਨੂੰਨ ਪਾਸ ਕਰਕੇ ਇਹ ਧੁਮਾਇਆ ਗਿਆ ਕਿ ਇਹਨਾਂ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਕਿਸਾਨ ਜਥੇਬੰਦੀਆਂ ਜੋ ਹਕੀਕਤ ਸਮਝਦੀਆਂ ਸਨ, ਨੇ ਕਿਸਾਨ ਅੰਦੋਲਨ ਆਰੰਭ ਦਿੱਤਾ ਅਤੇ ਦੱਸਿਆ ਕਿ ਇਹ ਕਾਨੂੰਨ ਕਿਸਾਨਾਂ ਤੋਂ ਜ਼ਮੀਨ ਲੈ ਕੇ ਧਨ ਕੁਬੇਰਾਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੀ ਝੋਲੀ ਪਾ ਦੇਣਗੇ। ਫਿਰ ਵੀ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਭਾਈਵਾਲ ਅਕਾਲੀ ਦਲ ਦੇ ਆਗੂ ਛੇ ਮਹੀਨਿਆਂ ਤੱਕ 'ਦੁੱਗਣੀ ਆਮਦਨ' ਹੋਣ ਦਾ ਝੂਠ ਦੁਹਰਾਉਂਦੇ ਰਹੇ। ਰਾਜ ਸੱਤਾ ਵਿਚ ਆਉਣ ਤੋਂ ਪਹਿਲਾਂ ਇਹ ਕਿਹਾ ਗਿਆ ਕਿ ਭਾਜਪਾ ਦੀ ਸਰਕਾਰ ਬਣਨ ਉਪਰੰਤ ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਅਸਲ ਤਸਵੀਰ ਇਹ ਹੈ ਕਿ ਭਾਜਪਾ ਸਰਕਾਰ ਦੇ ਨੌਂ ਸਾਲ ਦੇ ਸਮੇਂ ਵਿਚ ਵੀ ਦੋ ਕਰੋੜ ਨੌਕਰੀਆਂ ਨਹੀਂ ਦਿੱਤੀਆਂ ਗਈਆਂ। ਹਰ ਪਾਸੇ ਠੇਕਾ ਭਰਤੀ ਦਾ ਪਸਾਰ ਕੀਤਾ ਗਿਆ। ਸੁਰੱਖਿਆ ਫੋਰਸਾਂ ਵਿਚ ਸਦੀਆਂ ਤੋਂ ਚੱਲੀ ਆ ਰਹੀ ਨੌਜਵਾਨਾਂ ਦੀ ਭਰਤੀ ਨੂੰ ਵੀ ਚਾਰ ਸਾਲਾਂ ਦੀ ਠੇਕਾ ਭਰਤੀ ਦਾ ਰੂਪ ਦੇ ਦਿੱਤਾ ਹੈ, ਜਿਸ ਦੇ ਨਾਂਹ-ਪੱਖੀ ਨਤੀਜੇ ਪੰਜ, ਸੱਤ ਸਾਲਾਂ ਬਾਅਦ ਸਾਹਮਣੇ ਆਉਣਗੇ। ਅਜਿਹਾ ਇਸ ਲਈ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦਾ ਉਦੇਸ ਧਨ ਕੁਬੇਰਾਂ ਨੂੰ ਮਾਲਾ-ਮਾਲ ਕਰਨਾ, ਦੇਸ਼ ਦੇ ਸਾਰੇ ਬਹੁਕੌਮੀ ਕਾਰਪੋਰੇਸ਼ਨਾਂ ਤੇ ਸਾਮਰਾਜੀਆਂ ਦੀ ਝੋਲੀ ਪਾਉਣ ਦਾ ਹੈ। ਦੇਸ਼ ਦੇ ਜਨ ਸਧਾਰਨ ਦੀ ਰੋਜ਼ੀ-ਰੋਟੀ, ਮਕਾਨ ਦੀ ਲੋੜ ਪੂਰੀ ਕਰਨ ਦੀ ਥਾਂ ਉਸ ਦੇ ਪੱਲੇ ਬੇਰੁਜ਼ਗਾਰੀ ਤੇ ਮਹਿੰਗਾਈ ਪਾਈ ਗਈ ਹੈ।

ਹੁਣ ਜਦੋਂ ਸੰਸਦ ਦੀ ਚੋਣ ਦਾ ਸਮਾਂ ਨੇੜੇ ਆ ਗਿਆ ਤਾਂ ਜਿਸ ਗੈਸ ਸਿਲੰਡਰ ਦੀ ਕੀਮਤ 'ਚ ਆਪਣੇ ਰਾਜ ਦੇ ਸਮੇਂ ਵਿਚ ਵਧਾਏ ਪੰਜ, ਸੱਤ ਸੌ ਵਿਚੋਂ 200 ਰੁਪਏ ਘੱਟ ਕਰਨ, ਗੈਸ ਦੀ ਵਰਤੋਂ ਨਾ ਕਰਨ ਵਾਲੇ ਕੁਝ ਪਰਵਾਰਾਂ ਨੂੰ ਇੱਕ-ਇੱਕ ਸਿਲੰਡਰ ਦੇਣ ਅਤੇ ਇਸੇ ਤਰ੍ਹਾਂ ਕੁਝ ਹੋਰ ਚੋਗੇ ਪਾਉਣ ਦੇ ਐਲਾਨ ਤਾਂ ਵਿਰੋਧੀ ਰਾਜਸੀ ਧਿਰਾਂ ਦੀ ਆਲੋਚਨਾ ਨੂੰ ਠੱਲ੍ਹਣ ਹਿੱਤ ਹਨ। ਚੋਣ 'ਚ ਸਫਲਤਾ ਦੀ ਅਸਲ ਟੇਕ ਧਾਰਮਿਕ ਵਾਅਦਿਆਂ 'ਤੇ ਰੱਖੀ ਹੋਈ ਹੈ। ਭਾਜਪਾ ਜੋ ਆਪਣੀ 'ਪਾੜੋ ਤੇ ਰਾਜ ਕਰੋ' ਦੀ ਪਹੁੰਚ ਨੂੰ ਇੱਕ ਵਿਅਕਤੀ ਵੱਲੋਂ ਸਨਾਤਨ ਧਰਮ ਬਾਰੇ ਕੀਤੀ ਟਿੱਪਣੀ ਨੂੰ ਆਪਣੇ ਚੋਣ ਦਾਅ ਦਾ ਮੁੱਦਾ ਬਣਾਇਆ ਹੈ। ਸੰਭਵ ਹੈ ਕਿ ਉਸ ਨੂੰ ਅਜਿਹਾ ਬਿਆਨ ਦੇਣ ਲਈ ਅੰਦਰਖਾਤੇ ਹਾਕਮ ਧਿਰ ਦੀ ਪ੍ਰੇਰਨਾ ਹੋਵੇ। ਪੰਜਾਬ ਵਿਚ ਵੀ ਵੇਖਿਆ ਜਾ ਰਿਹਾ ਹੈ ਕਿਸੇ ਵੀ ਪਾਰਟੀ, ਧਿਰ ਵੱਲੋਂ ਕਦੇ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਗਈ। ਵਿਦੇਸ਼ਾਂ ਵਿਚ ਜੋ ਇਹ ਨਾਹਰੇ ਲਾ ਰਹੇ ਅਤੇ ਰਾਇਸ਼ੁਮਾਰੀ ਦੇ ਡਰਾਮੇ ਰਚ ਰਹੇ ਹਨ, ਉਹਨਾਂ ਨੂੰ ਵੀ ਸਰਕਾਰੀ ਸ਼ਹਿ ਅਨੁਮਾਨੀ ਜਾ ਰਹੀ ਹੈ। ਭਾਜਪਾ ਪੰਜਾਬ ਵਿਚ ਪੈਰ ਪਸਾਰਨ ਲਈ ਅਜਿਹੇ ਮਾਹੌਲ ਨੂੰ ਵਰਤਣ ਦੀ ਇਛੁੱਕ ਹੈ।

'ਇੰਡੀਆ' ਗਠਜੋੜ ਵਿਚ ਇਕੱਤਰ ਹੋਈਆਂ ਧਿਰਾਂ ਨੂੰ ਕੌਣ ਪ੍ਰਧਾਨ ਮੰਤਰੀ ਹੋਏਗਾ, ਸੋਚ ਅਤੇ ਵੱਧ ਸੀਟਾਂ ਲੈਣ ਦੀ ਹੋੜ ਤੋਂ ਉੱਪਰ ਉੱਠ ਕੇ ਨਿਰਣੇ ਕਰਨੇ ਚਾਹੀਦੇ ਹਨ। ਇੱਕ-ਦੂਜੇ ਆਗੂ ਦੇ ਭਾਸ਼ਣਾਂ ਦੀ ਨਿਖੇਧੀ 'ਚ ਉਲਝਣ ਦੀ ਥਾਂ ਦੇਸ਼ ਦੇ ਸਮੂਹ ਮਿਹਨਤਕਸ਼ਾਂ, ਵਿਸ਼ੇਸ਼ ਤੌਰ 'ਤੇ ਕਿਸਾਨਾਂ ਨੂੰ ਚੌਕਸ ਕਰਨ ਦੀ ਲੋੜ ਹੈ, ਤਾਂ ਕਿ ਉਹ ਆਪਣੀ ਵੋਟ ਦੀ ਸਹੀ ਵਰਤੋਂ ਕਰ ਸਕਣ ।

**ਟਿੱਪਣੀਆਂ**

**ਸਰਕਾਰ ਇਸਰੋ ਦੇ ਵਿਗਿਆਨੀਆਂ ਦੀ ਸਾਰ ਲਵੇ**

ਜਿਸ ਸਮੇਂ ਇਸਰੋ ਨੇ ਚੰਦਰਯਾਨ ਦੇ ਚੰਦ 'ਤੇ ਸਫਲਤਾਪੂਰਵਕ ਉਤਾਰ ਜਾਣ ਦਾ ਐਲਾਨ ਕੀਤਾ ਅਤੇ ਕੁਝ ਤਸਵੀਰਾਂ ਜਨਤਕ ਕੀਤੀਆਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਤੋਂ ਬਾਹਰ ਬੈਠਿਆਂ ਵੀ ਤਿਰੰਗਾ ਲਹਿਰਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਵਧਾਈਆਂ ਦਿੱਤੀਆਂ। ਇਸਰੋ ਦੇ ਵਿਗਿਆਨਕ ਕੇਂਦਰ ਨੇ ਇਸ ਪ੍ਰੋਜੈਕਟ ਦੀਆਂ ਸਰਗਰਮੀਆਂ ਦੀ ਰਿਪੋਰਟਾਂ ਤੇ ਫੋਟੋਆਂ ਸਾਂਝੀਆਂ ਕੀਤੀਆਂ। ਇਸ ਤੋਂ ਹਫਤਾ ਪਿੱਛੋਂ ਇਸ ਵਿਗਿਆਨਕ ਕੇਂਦਰ ਨੇ ਸੂਰਜ ਦੀ ਖੋਜ ਲਈ ਆਪਣਾ ਰਾਕਟ ਭੇਜਿਆ, ਜੋ ਭਾਵੇਂ ਨਿਰਧਾਰਤ ਸੀਮਾ 'ਤੇ ਚਾਰ ਮਹੀਨਿਆਂ ਨੂੰ ਅਪੜੇਗਾ, ਉਸ ਦੇ ਸਫਰ ਦੀ ਸ਼ੁਰੂਆਤ ਠੀਕ ਹੋਈ ਤੇ ਉਸ ਪੰਧ ਬਾਰੇ ਲਗਾਤਾਰ ਵੇਰਵੇ ਅਤੇ ਫੋਟੋਆਂ ਸਾਂਝੀਆਂ ਹੋ ਰਹੀਆਂ ਹਨ। ਇਸ ਤੋਂ ਅਗਲੇ ਕਦਮ ਵਜੋਂ ਭਾਰਤ ਦੇ ਇਸ ਵਿਗਿਆਨਕ ਕੇਂਦਰ ਨੇ ਸਮੁੰਦਰ ਦਾ ਤਲ ਗਾਹਣ ਦੀ ਯੋਜਨਾ ਬਣਾਈ ਹੈ। ਇਸਰੋ ਦੇ ਇਸ ਕੇਂਦਰ ਵੱਲੋਂ ਕੁਝ ਵਰ੍ਹੇ ਪਹਿਲਾਂ ਚੰਦ ਵੱਲ ਕੀਤੀ ਉਠਾਣ ਅਸਫਲ ਰਹੀ ਸੀ। ਉਸ ਅਸਫਲਤਾ ਦੇ ਕਾਰਨ ਜਾਣ ਕੇ ਜੋ ਆਪਣੇ ਕਾਰਜ ਵਿਚ ਇੱਥੋਂ ਦੇ ਵਿਗਿਆਨੀਆਂ ਨੇ ਸੁਧਾਰ ਲਿਆਂਦੇ, ਉਸ ਨੇ ਇਸ ਵਾਰ ਸਫਲਤਾ ਨਾਲ ਝੋਲੀਆਂ ਭਰ ਕੇ ਦੇਸ ਦਾ ਨਾਂਅ ਉੱਚਾ ਕੀਤਾ ਹੈ ਅਤੇ ਸੰਸਾਰ ਦੀ ਵਿਗਿਆਨਕ ਪਾਲ ਵਿਚ ਚੌਥੀ ਥਾਂ ਲਿਆ ਖੜ੍ਹਾ ਕੀਤਾ ਹੈ। ਬੈਂਗਲੂਰੂ ਸਥਿਤ ਇਸ ਵਿਗਿਆਨਕ ਕੇਂਦਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਛੋਟੇ ਵਿਗਿਆਨੀ ਕੰਮ ਕਰਦੇ ਹਨ, ਜਿਹਨਾਂ ਵਿਚੋਂ ਬਹੁਤਿਆਂ ਦੀਆਂ ਤਨਖਾਹਾਂ ਬਹੁਤ ਘੱਟ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਾਹੀਦਾ ਤਾਂ ਇਹ ਸੀ ਕਿ ਚੰਦਰਯਾਨ ਦੀ ਸਫਲਤਾ ਦੇ ਥਾਪੜੇ ਵਜੋਂ ਸਭ ਦੀਆਂ ਤਨਖਾਹਾਂ ਵਿਚ ਵਾਧਾ ਕਰਦੇ। ਮੌਜੂਦਾ ਸਰਕਾਰ ਦੀ ਪਹੁੰਚ ਹੀ ਠੇਕਾ ਭਰਤੀ ਦੀ ਹੈ। ਇਸ ਨੇ ਤਾਂ ਸਰਹੱਦਾਂ ਦੀ ਰਾਖੀ ਕਰਨ ਵਾਲਿਆਂ ਨੂੰ ਵੀ ਠੇਕਾ ਭਰਤੀ ਦੀ ਪ੍ਰਣਾਲੀ ਵਿਚ ਪਾ ਦਿੱਤਾ ਹੈ। ਇਸ ਭਾਂਤ ਦੀ ਪਹੁੰਚ ਤਹਿਤ ਚਾਹੀਦਾ ਸੀ ਕਿ ਕੇਂਦਰ ਸਰਕਾਰ ਹਰ ਵਿਗਿਆਨੀ ਨੂੰ ਕੁਝ ਰਕਮ ਭੇਟ ਕਰਦੀ, ਜੋ ਅਜੇ ਤੱਕ ਨਹੀਂ ਕੀਤੀ ਗਈ। ਉਹਨਾਂ ਵਿਗਿਆਨੀਆਂ ਵਿਚ ਪੰਜਾਬ ਤੋਂ ਵੀ 6 ਨੌਜਵਾਨ ਸ਼ਾਮਲ ਹਨ। ਹੁਣ ਤੱਕ ਮਿਲੇ ਵੇਰਵਿਆਂ ਅਨੁਸਾਰ 2 ਪਟਿਆਲਾ ਜ਼ਿਲ੍ਹੇ ਤੋਂ, ਤਿੰਨ ਫਾਜ਼ਿਲਕਾ, ਇੱਕ ਮੋਗਾ ਤੋਂ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜ਼ਿਲ੍ਹਾ ਅਧਿਕਾਰੀਆਂ ਤੋਂ ਜਾਂਚ ਕਰਵਾ ਕੇ ਉਹਨਾਂ ਨੂੰ ਜਨਤਕ ਕਰੇ ਅਤੇ ਪੰਜਾਬ ਦੇ ਹਰ ਵਿਗਿਆਨੀ ਨੂੰ ਕੁਝ ਲੱਖ ਰੁਪਏ ਭੇਟ ਕਰਕੇ ਸਾਬਾਸ਼ ਦੇਵੇ। ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਨੌਜਵਾਨਾਂ ਨੂੰ ਇਸ ਨਵੇਂ ਮਾਰਗ ਵੱਲ ਰੁਚਿਤ ਕਰਨ ਲਈ ਢੁਕਵੇਂ ਕਦਮ ਲੈਣ।

**ਫਿਲਮ ਸਿਟੀ ਵਜੀਦਕੇ 'ਚ ਬਣਾਇਆ ਜਾਵੇ**

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਨੂੰ ਸੈਰਗਾਹ ਵਜੋਂ ਵਿਕਸਤ ਕਰਨ ਲਈ ਉਲੀਕੀਆਂ ਯੋਜਨਾਵਾਂ ਦੀ ਚਰਚਾ ਕਰਦਿਆਂ ਇੱਕ ਫਿਲਮ ਸਿਟੀ ਬਣਾਉਣ ਦਾ ਵੀ ਪ੍ਰਗਟਾਵਾ ਕੀਤਾ ਹੈ। ਇਸ ਕਾਰਜ ਲਈ ਜ਼ਿਲ੍ਹਾ ਬਰਨਾਲਾ ਦਾ ਪਿੰਡ ਵਜੀਦਕੇ ਢੁਕਵਾਂ ਸਥਾਨ ਹੈ। ਬਰਨਾਲਾ ਜੋ ਬੀਤੇ 7 ਦਹਾਕਿਆਂ ਦੀਆਂ ਸਰਗਰਮੀਆਂ ਕਾਰਨ 'ਸਾਹਿਤ ਦਾ ਮੱਕਾ' ਕਿਹਾ ਜਾਂਦਾ ਹੈ, ਇੱਥੇ ਮਹਾਂ ਸ਼ਕਤੀ ਕਲਾ ਮੰਦਰ ਵਿਚ 44 ਸਾਲਾਂ ਤੋਂ ਲਗਾਤਾਰ ਤਿੰਨ ਰੋਜ਼ਾਂ ਨਾਟਕ ਮੇਲਾ ਕਰਵਾਇਆ ਜਾਂਦਾ ਹੈ, ਜਿਸ 'ਚ ਦਿਨ 'ਚ ਸ਼ਹਿਰ ਦੀਆਂ ਵੱਖ ਵੱਖ ਥਾਵਾਂ 'ਤੇ ਨੁੱਕੜ ਨਾਟਕ ਹੁੰਦੇ ਹਨ, ਰਾਤ ਨੂੰ ਮੰਚ 'ਤੇ ਨਾਟਕ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ । ਇਸ ਪ੍ਰੋਗਰਾਮ ਵਿਚ ਪੰਜਾਬ, ਹਰਿਆਣਾ, ਦਿੱਲੀ ਸਮੇਤ ਕਈ ਰਾਜਾਂ ਤੋਂ ਨਾਟਕ ਮੰਡਲੀਆਂ ਹਿੱਸਾ ਲੈਣ ਪੁੱਜਦੀਆਂ ਹਨ। ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਵੀ ਚਾਰ ਦਹਾਕਿਆਂ ਤੋਂ ਵੱਧ ਵਾਰਸ਼ਕ ਨਾਟਕ ਮੇਲਾ ਨਹੀਂ ਹੁੰਦਾ। ਇਸ ਉਦੇਸ਼ ਲਈ ਪਿੰਡ ਵਜੀਦਕੇ, ਦੋ ਪੱਖਾਂ ਤੋਂ ਢੁਕਵਾਂ ਹੈ। ਇੱਕ ਤਾਂ ਇਹ ਪਿੰਡ ਨਾਮਵਰ ਗਦਰੀ ਸ਼ਹੀਦ ਰਹਿਮਤ ਅਲੀ ਦੀ ਜਨਮ ਭੂਮੀ ਹੈ, ਉਸ ਨੂੰ ਸਿਜਦਾ ਹੋਵੇਗਾ। ਦੂਜੇ ਬਰਨਾਲਾ ਦੇ ਜੰਮਪਲ ਐੱਸ. ਪੀ. ਕਾਲਜ 'ਚ ਵਿਦਿਆਰਥੀ ਰਹੇ ਕਲਾਕਾਰ ਵਰਿਆਮ ਮਸਤ, ਜੋ ਸਾਲਾਂਬੱਧੀ ਦਿੱਲੀ, ਮੁੰਬਈ 'ਚ ਸਰਗਰਮ ਰਿਹਾ ਹੈ, ਨੇ ਆਪਣੇ ਤੌਰ 'ਤੇ ਵਜੀਦਕੇ ਵਿਖੇ 'ਫਿਲਮ ਸਿਟੀ' ਬਣਾਉਣ ਲਈ ਕੁਝ ਕੰਮ ਕੀਤਾ ਹੈ। ਪੰਜਾਬ ਸਰਕਾਰ ਉਸ ਦੇ ਕੰਮ ਨੂੰ ਆਪਣੇ ਟੀਚੇ ਦੀ ਨੀਂਹ ਵਜੋਂ ਮਸਤ ਨੂੰ ਨਾਲ ਲੈ ਕੇ ਵਿਕਸਤ ਕਰੇ।

**ਨਸ਼ਾ ਤਸਕਰ ਰੋਕੂ ਪਹਿਰੇਦਾਰ ਦਾ ਕਤਲ**

ਇਹਨਾਂ ਦਿਨਾਂ ਵਿਚ ਪਿੰਡਾਂ ਦੇ ਵਸਨੀਕਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਹੋਈ ਹੈ। ਬਾਹਰੋਂ ਆ ਕੇ ਨਸ਼ਾ ਵੇਚਣ ਵਾਲਿਆਂ ਨੂੰ ਰੋਕਣ ਲਈ ਉਹ ਬਾਕਾਇਦਾ ਪਹਿਰੇ ਲਾ ਰਹੇ ਹਨ। ਰਾਮਪੁਰਾ ਫੂਲ (ਬਠਿੰਡਾ) ਖੇਤਰ ਦੇ ਪਿੰਡ ਸਿਧਾਣਾ ਦੇ ਵਸਨੀਕਾਂ ਨੇ ਵੀ ਪਿੰਡ ਦੇ ਰਸਤਿਆਂ 'ਤੇ ਦੋ, ਤਿੰਨ ਥਾਵਾਂ 'ਤੇ ਪਹਿਰੇ ਲਾਏ ਹੋਏ ਸਨ। ਦੋ ਵਿਅਕਤੀ ਜੋ ਮੋਟਰਸਾਇਕਲ ਸਵਾਰ ਸਨ, ਇੱਕ ਥਾਂ ਤੋਂ ਧੂਸ ਦੇ ਕੇ ਲੰਘ ਗਏ। ਇਹ ਸੂਚਨਾ ਅੱਗੇ ਖੜ੍ਹੇ ਪਹਿਰਾ ਦੇ ਰਹੇ ਜਵਾਨਾਂ ਨੂੰ ਮਿਲੀ ਤਾਂ ਉਹ ਚੁਕੰਨੇ ਹੋ ਗਏ ਅਤੇ ਅੱਗੇ ਹੋ ਕੇ ਮੋਟਰਸਾਇਕਲ ਰੋਕਿਆ ਤਾਂ ਉਸ ਦੇ ਸਵਾਰਾਂ, ਜਿਹਨਾਂ ਮੂੰਹ ਬੰਨ੍ਹੇ ਹੋਏ ਸਨ, ਨੇ ਪਹਿਰੇਦਾਰਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਵਾਰ ਨਾਲ ਜਸਬੀਰ ਸਿੰਘ (46) ਮਾਰਿਆ ਗਿਆ ਤੇ ਮੋਟਰਸਾਇਕਲ ਸਵਾਰ ਦੌੜ ਗਏ। ਪਿੰਡ ਤੇ ਇਲਾਕੇ ਦੇ ਵਸਨੀਕਾਂ ਨੇ ਇਸ ਕਤਲ ਵਿਰੁੱਧ ਧਰਨਾ ਦੇ ਕੇ ਰੋਸ ਪ੍ਰਗਟ ਕੀਤਾ। ਡੀ ਐੱਸ ਪੀ ਫੂਲ ਦਾ ਕਹਿਣਾ ਸੀ ਕਿ ਧਰਨਾਕਾਰੀਆਂ ਨਾਲ ਗੱਲਬਾਤ ਚੱਲ ਰਹੀ ਹੈ, ਛੇਤੀ ਹੀ ਮਸਲੇ ਦਾ ਹੱਲ ਕੀਤਾ ਜਾਵੇਗਾ। ਇਹ ਸਾਰਾ ਵਰਤਾਰਾ ਆਮ ਲੜਾਈ ਝਗੜੇ 'ਚ ਹੋਏ ਕਤਲ ਦੇ ਮਾਮਲੇ ਨੂੰ ਨਜਿੱਠਣ ਵਾਲਾ ਹੈ, ਜਦੋਂ ਕਿ ਇਹ ਕਤਲ 'ਆਪ' ਦੇ ਸੂਬੇ ਨੂੰ ਨਸ਼ਾ ਮੁਕਤ ਕਰਨ ਦੇ ਵਾਅਦੇ ਨੂੰ ਲਾਗੂ ਕਰਦਿਆਂ ਹੋਇਆ ਹੈ। ਜਸਬੀਰ ਸਿੰਘ ਇਸ ਸਰਵਜਨਕ ਹਿੱਤ ਦੇ ਕਾਰਜ ਦਾ ਸ਼ਹੀਦ ਹੈ। ਪੰਜਾਬ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ, ਜਦ ਕਿ ਚਾਹੀਦਾ ਇਹ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਆਪ ਉੱਥੇ ਪਹੁੰਚ ਕੇ ਮ੍ਰਿਤਕ ਦੇ ਪਰਵਾਰ ਅਤੇ ਨਸ਼ਾ ਰੋਕੂ ਵਲੰਟੀਅਰਾਂ ਨਾਲ ਹਮਦਰਦੀ ਪ੍ਰਗਟਾਉਂਦੇ। ਮ੍ਰਿਤਕ ਦੇ ਪਰਵਾਰ ਨੂੰ ਇੱਕ ਕਰੋੜ ਰੁਪਏ ਦੀ ਸਹਾਇਤਾ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕਰਦੇ।

*# ਸੰਪਰਕ : 94179-71600*

# ਚੰਗੀ ਸਿਹਤ ਲਈ ਜੈਵਿਕ ਸਬਜ਼ੀਆਂ ਦੀ ਵਰਤੋਂ

ਸੁਖਪਾਲ ਸਿੰਘ ਢਿੱਲੋਂ

ਇਸ ਵੇਲੇ ਜੋ ਹਰੀਆਂ ਸਬਜ਼ੀਆਂ ਮਨੁੱਖ ਖਾ ਰਹੇ ਹਨ, ਉਹਨਾਂ ਵਿਚੋਂ ਜ਼ਿਆਦਾ ਸਬਜ਼ੀਆਂ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਪਾ-ਪਾ ਕੇ ਹੀ ਤਿਆਰ ਕੀਤੀਆਂ ਜਾ ਰਹੀਆਂ ਹਨ ਤੇ ਇਹ ਨਿਰਾ ਜ਼ਹਿਰ ਹਨ । ਅਜਿਹੀਆਂ ਸਬਜ਼ੀਆਂ ਖਾਣ ਨਾਲ ਹੀ ਕੈਂਸਰ , ਕਾਲਾ ਪੀਲੀਆ, ਦਿਲ ਦੇ ਦੌਰੇ ਅਤੇ ਹੋਰ ਖਤਰਨਾਕ ਬਿਮਾਰੀਆਂ ਵਿੱਚ ਭਾਰੀ ਵਾਧਾ ਹੋ ਰਿਹਾ ਹੈ । ਸੀਵਰੇਜ ਦੇ ਗੰਦੇ ਅਤੇ ਜ਼ਹਿਰੀਲੇ ਪਾਣੀ ਨਾਲ ਤਿਆਰ ਕੀਤੀਆਂ ਜਾ ਰਹੀਆਂ ਹਰੀਆਂ ਸਬਜ਼ੀਆਂ ਵੀ ਮਨੁੱਖੀ ਸਿਹਤ ਲਈ ਵੱਡਾ ਖਤਰਾ ਬਣੀਆਂ ਹੋਇਆ ਹਨ ਤੇ ਇਹਨਾਂ ਤੋਂ ਬਚਣ ਅਤੇ ਸੁਚੇਤ ਹੋਣ ਦੀ ਲੋੜ ਹੈ ।

ਭਿਆਨਕ ਅਤੇ ਖਤਰਨਾਕ ਬਿਮਾਰੀਆਂ ਤੋਂ ਬਚਣ ਲਈ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਤੋਂ ਰਹਿਤ ਘਰਾਂ ਦੀਆਂ ਬਾਗ-ਬਗੀਚੀਆਂ ਵਿੱਚ ਹੀ ਹਰੀਆਂ ਸਬਜ਼ੀਆਂ ਤਿਆਰ ਕੀਤੀਆਂ ਜਾਣ, ਤਾਂ ਕਿ ਇਕ ਚੰਗੇ ਅਤੇ ਨਿਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ । ਜਿਹੜੀਆਂ ਹਰੀਆਂ ਸਬਜ਼ੀਆਂ ਘਰਾਂ ਦੀਆਂ ਬਾਗ-ਬਗੀਚੀਆਂ ਵਿੱਚ ਤਿਆਰ ਕੀਤੀਆਂ ਜਾਂਦੀਆਂ ਹਨ, ਉਹਨਾਂ ਨੂੰ ਪਾਣੀ ਵੀ ਚੰਗਾ ਲੱਗਦਾ ਹੈ ।

ਫਲ ਤੇ ਸਬਜ਼ੀਆਂ ਜ਼ਰੂਰੀ ਪੌਸ਼ਟਿਕ ਤੱਤਾਂ, ਵਿਟਾਮਿਨਜ਼, ਖਣਿਜ ਤੇ ਫਾਈਬਰ ਦੇ ਅਹਿਮ ਸਰੋਤ ਹੋਣ ਕਾਰਨ ਸਾਨੂੰ ਸਿਹਤਮੰਦ ਰੱਖਣ 'ਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਇਹ ਸਾਡੀ ਖ਼ੁਰਾਕ 'ਚ ਵੱਖ-ਵੱਖ ਵਿਟਾਮਿਨਜ਼ ਸੰਬੰਧੀ ਰੋਜ਼ਾਨਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੇ ਹਨ, ਜਿਵੇਂ ਵਿਟਾਮਿਨ-ਸੀ 91 ਫ਼ੀਸਦੀ, ਵਿਟਾਮਿਨ-ਏ 48 ਫ਼ੀਸਦੀ, ਫੋਲਿਕ ਐਸਿਡ 30 ਫ਼ੀਸਦੀ, ਵਿਟਾਮਿਨ-ਬੀ 6.17 ਫ਼ੀਸਦੀ ਤੇ ਵਿਟਾਮਿਨ-ਬੀ-3 (ਨਾਇਆਸਿਨ) 15 ਫ਼ੀਸਦੀ ਦੀ ਪੂਰਤੀ ਕਰਦੇ ਹਨ। ਫਲ ਅਤੇ ਸਬਜ਼ੀਆਂ ਖ਼ੁਰਾਕ 'ਚ ਮੈਗਨੀਸ਼ੀਅਮ ਦੀ 16 ਫ਼ੀਸਦੀ ਤੇ ਲੋਹੇ ਦੀ 19 ਫ਼ੀਸਦੀ ਪੂਰਤੀ ਕਰਦੇ ਹਨ। ਫਲਾਂ ਤੇ ਸਬਜ਼ੀਆਂ 'ਚ ਊਰਜਾ ਬਹੁਤ ਘੱਟ (9 ਫ਼ੀਸਦੀ) ਮਾਤਰਾ 'ਚ ਹੁੰਦੀ ਹੈ। ਇਸ ਕਰਕੇ ਇਹ ਮੋਟਾਪੇ ਤੇ ਇਸ ਤੋਂ ਹੋਣ ਵਾਲੇ ਰੋਗਾਂ, ਜਿਵੇਂ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਤੇ ਦਿਲ ਦੇ ਰੋਗਾਂ ਤੋਂ ਵੀ ਬਚਾਉਂਦੇ ਹਨ। ਇਨ੍ਹਾਂ ਤੋਂ ਮਿਲਣ ਵਾਲੇ ਫਾਈਟੋਕੈਮੀਕਲ ਸਰੀਰ 'ਚ ਆਕਸੀਜਨ ਦੀ ਪ੍ਰਤੀਕਿਰਿਆ ਨੂੰ ਸੁਚਾਰੂ ਬਣਾਉਂਦੇ ਹਨ ਤੇ ਜ਼ਹਿਰੀਲੇ ਮਾਦੇ ਨੂੰ ਸਰੀਰ 'ਚ ਜਮ੍ਹਾਂ ਨਹੀਂ ਹੋਣ ਦਿੰਦੇ। ਇਸ ਤਰ੍ਹਾਂ ਇਹ ਸਾਨੂੰ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ। ਫਲਾਂ ਤੇ ਸਬਜ਼ੀਆਂ 'ਚ ਫਲੇਵੋਨਾਇਡ ਤੇ ਕੈਰੋਟੀਨਾਇਡ ਨਾਂਅ ਦੇ ਤੱਤ ਹੁੰਦੇ ਹਨ, ਜੋ ਸਾਨੂੰ ਕਈ ਬਿਮਾਰੀਆਂ ਤੋਂ ਬਚਾਉਂਦੇ ਹਨ। ਇਨ੍ਹਾਂ ਨੂੰ ਰੋਜ਼ਾਨਾ ਖ਼ੁਰਾਕ 'ਚ ਸ਼ਾਮਲ ਕਰ ਕੇ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲਾ ਫਾਈਬਰ ਪਾਚਨ ਪ੍ਰਣਾਲੀ ਨੂੰ ਦਰੁਸਤ ਰੱਖਦਾ ਹੈ, ਕਬਜ਼ ਤੋਂ ਬਚਾਅ ਕਰਦਾ ਹੈ। ਲੰਮੇ ਸਮੇਂ ਤੱਕ ਰਹਿਣ ਵਾਲੀ ਕਬਜ਼ ਵੱਡੀ ਅੰਤੜੀ ਦੇ ਕੈਂਸਰ ਦਾ ਕਾਰਨ ਬਣਦੀ ਹੈ।

ਫਲਾਂ ਤੇ ਸਬਜ਼ੀਆਂ ਵਿਚ ਫੈਟ ਬਹੁਤ ਘੱਟ, ਪ੍ਰੰਤੂ ਵਿਟਾਮਿਨ ਤੇ ਖਣਿਜ ਭਰਪੂਰ ਮਾਤਰਾ 'ਚ ਹੁੰਦੇ ਹਨ। ਹਰੀਆਂ, ਪੀਲੀਆਂ ਤੇ ਸੰਤਰੀ ਰੰਗ ਦੀਆਂ ਸਬਜ਼ੀਆਂ ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸ਼ੀਅਮ, ਲੋਹਾ, ਬੀਟਾ ਕੈਰੋਟੀਨ, ਵਿਟਾਮਿਨ-ਬੀ ਸਮੂਹ, ਵਿਟਾਮਿਨ-ਸੀ, ਵਿਟਾਮਿਨ-ਏ ਤੇ ਵਿਟਾਮਿਨ-ਕੇ ਦੇ ਉੱਤਮ ਸੋਮੇ ਹਨ। ਫਲ ਤੇ ਸਬਜ਼ੀਆਂ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧਾਉਂਦੇ ਹਨ। ਸਬਜ਼ੀਆਂ ਵਿਚ ਵੱਖ-ਵੱਖ ਤਰ੍ਹਾਂ ਦੇ ਰੇਸ਼ੇ ਹੁੰਦੇ ਹਨ, ਜੋ ਪਾਣੀ ਨੂੰ ਆਪਣੇ ਅੰਦਰ ਜਜ਼ਬ ਕਰ ਕੇ ਕਬਜ਼ ਤੋਂ ਬਚਾਉਂਦੇ ਹਨ। ਇਸ ਤਰ੍ਹਾਂ ਇਹ ਕਬਜ਼ ਕਾਰਨ ਹੋਣ ਵਾਲੇ ਰੋਗਾਂ, ਜਿਵੇਂ ਹੀਮੋਰਾਇਡ, ਕੋਲਨ ਕੈਂਸਰ ਤੇ ਮਲ ਦੁਆਰ ਦੇ ਜ਼ਖ਼ਮਾਂ ਆਦਿ ਤੋਂ ਬਚਾਉਂਦੇ ਹਨ। ਵਿਸ਼ਵ ਸਿਹਤ ਸੰਸਥਾ ਵੱਲੋਂ ਰੋਜ਼ਾਨਾ ਖ਼ੁਰਾਕ 'ਚ 400 ਗ੍ਰਾਮ ਫਲ ਅਤੇ ਸਬਜ਼ੀਆਂ ਸ਼ਾਮਲ ਕੀਤੇ ਜਾਣ ਦੀ ਸਿਫ਼ਾਰਸ਼ ਕੀਤੀ ਗਈ ਹੈ।

* ਫਲਾਂ ਤੇ ਸਬਜ਼ੀਆਂ ਨੂੰ ਖ਼ਰੀਦਣ ਵੇਲੇ ਧਿਆਨ ਰੱਖੋ ਕਿ ਉਨ੍ਹਾਂ ਉਪਰ ਦਾਗ਼, ਧੱਬੇ, ਉੱਲੀ ਜਾਂ ਬਾਹਰਲੀ ਪਰਤ 'ਤੇ ਕੋਈ ਕੱਟ ਨਾ ਲੱਗਿਆ ਹੋਵੇ।

* ਫਲਾਂ ਤੇ ਸਬਜ਼ੀਆਂ ਨੂੰ ਕੱਟਣ ਅਤੇ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ।

* ਫਲਾਂ ਤੇ ਸਬਜ਼ੀਆਂ ਨੂੰ ਹਮੇਸ਼ਾ ਫਰਿੱਜ 'ਚ ਰੱਖੋ।

* ਸਲਾਦ ਦੇ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਸਬਜ਼ੀਆਂ ਤੇ ਫਲਾਂ ਨੂੰ ਖਾਣ ਸਮੇਂ ਹੀ ਕੱਟੋ।

* ਬਣਾਵਟੀ ਤੌਰ 'ਤੇ ਰੰਗ ਕੀਤੇ ਹੋਏ ਫਲ-ਸਬਜ਼ੀਆਂ ਕਦੇ ਨਾ ਖ਼ਰੀਦੋ, ਕੁਦਰਤੀ ਰੰਗਾਂ ਵਾਲੇ ਹੀ ਖ਼ਰੀਦੋ।

* ਤਾਜ਼ੇ ਫਲ ਤੇ ਸਬਜ਼ੀਆਂ ਹੀ ਖ਼ਰੀਦੋ। ਤਾਜ਼ਾ ਫਲ ਭਾਰਾ, ਝੁਰੜੀਆਂ ਰਹਿਤ ਤੇ ਸਖ਼ਤ ਹੁੰਦਾ ਹੈ।

* ਪਰਵਾਰ ਦੀ ਲੋੜ ਅਨੁਸਾਰ ਹੀ ਫਲ ਜਾਂ ਸਬਜ਼ੀ ਖ਼ਰੀਦੋ, ਤਾਂ ਜੋ ਉਹ ਤਾਜ਼ੇ ਹੀ ਵਰਤੇ ਜਾ ਸਕਣ ਤੇ ਉਨ੍ਹਾਂ ਨੂੰ ਲੰਮੇ ਸਮੇਂ ਲਈ ਸੰਭਾਲਣ ਦੀ ਲੋੜ ਨਾ ਪਵੇ।

* ਜ਼ਿਆਦਾਤਰ ਫਲਾਂ ਤੇ ਸਬਜ਼ੀਆਂ ਨੂੰ ਫਰਿੱਜ 'ਚ ਹੀ ਰੱਖਣਾ ਚਾਹੀਦਾ ਹੈ, ਕਿਉਂਕਿ ਗਰਮੀ, ਰੋਸ਼ਨੀ ਤੇ ਨਮੀ ਇਨ੍ਹਾਂ ਦੀ ਪੌਸ਼ਟਿਕਤਾ ਨੂੰ ਘਟਾਉਂਦੇ ਹਨ ਤੇ ਉਹ ਜਲਦੀ ਖ਼ਰਾਬ ਹੋ ਜਾਂਦੇ ਹਨ।

* ਪੱਤੇਦਾਰ ਸਬਜ਼ੀਆਂ ਨੂੰ ਸੰਭਾਲਣ ਲਈ ਧੋਣ ਤੋਂ ਪਹਿਲਾਂ ਗਲੇ-ਸੜੇ ਤੇ ਦਾਗੀ ਪੱਤੇ ਕੱਢ ਦੇਵੋ। ਫਿਰ ਉਨ੍ਹਾਂ ਨੂੰ ਸਾਫ਼ ਕੱਪੜੇ 'ਤੇ ਪਾ ਕੇ ਸੁਕਾ ਲਵੋ ਤੇ ਜਾਲੀਦਾਰ ਥੈਲੀ 'ਚ ਪਾ ਕੇ ਫਰਿੱਜ 'ਚ ਰੱਖੋ। ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਸੰਭਾਲਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋਣ ਨਾਲ ਉਹ ਲੰਮੇ ਸਮੇਂ ਤੱਕ ਤਾਜ਼ੀਆਂ ਰਹਿੰਦੀਆਂ ਹਨ।

* ਸਬਜ਼ੀਆਂ ਹਮੇਸ਼ਾ ਸਾਬਤ ਹੀ ਖਰੀਦੋ। ਪਹਿਲਾਂ ਕੱਟ ਕੇ ਰੱਖੀ ਹੋਈ ਸਬਜ਼ੀ ਨਾ ਖ਼ਰੀਦੋ।

* ਫਲ ਤੇ ਸਬਜ਼ੀਆਂ ਨੂੰ ਸਾਫ਼ ਤੇ ਖੁੱਲ੍ਹੇ ਪਾਣੀ ਵਿਚ ਧੋਵੋ ਤਾਂ ਕਿ ਉਨ੍ਹਾਂ ਉੱਪਰ ਲੱਗੀ ਧੂੜ-ਮਿੱਟੀ, ਕੀਟਾਣੂ, ਰਸਾਇਣ ਤੇ ਕੀਟ-ਨਾਸ਼ਕ ਦਵਾਈਆਂ ਕਾਫ਼ੀ ਹੱਦ ਤਕ ਧੋਤੇ ਜਾਣ। ਅੱਜ-ਕੱਲ੍ਹ ਬਾਜ਼ਾਰ ਵਿਚ ਮਿਲਣ ਵਾਲੇ ਵਧੇਰੇ ਫ਼ਲਾਂ-ਸਬਜ਼ੀਆਂ ਉੱਪਰ ਕੀਟ ਨਾਸ਼ਕ ਰਸਾਇਣਾਂ ਦਾ ਛਿੜਕਾਅ ਹੋਇਆ ਹੁੰਦਾ ਹੈ। ਪਰਵਾਰ ਦੀ ਸਿਹਤ ਨੂੰ ਬਚਾਉਣ ਲਈ ਇਨ੍ਹਾਂ ਨੂੰ ਰਸਾਇਣਾਂ ਤੋਂ ਰਹਿਤ ਕਰਨਾ ਅਤਿ ਜ਼ਰੂਰੀ ਹੈ।

ਫਲਾਂ ਤੇ ਸਬਜ਼ੀਆਂ ਨੂੰ ਵੱਡੇ-ਵੱਡੇ ਟੁਕੜਿਆਂ ਵਿਚ ਹੀ ਕੱਟਣਾ ਚਾਹੀਦਾ ਹੈ, ਕਿਉਂਕਿ ਛੋਟੇ ਟੁਕੜਿਆਂ 'ਚ ਕੱਟਣ ਨਾਲ ਵਿਟਾਮਿਨ-ਸੀ ਨਸ਼ਟ ਹੋ ਜਾਂਦਾ ਹੈ।

**ਤਾਜ਼ੀਆਂ ਸਬਜ਼ੀਆਂ ਕਰੋ ਪ੍ਰਾਪਤ**

ਆਪਣੇ ਪਰਵਾਰ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਘਰੇਲੂ ਬਗ਼ੀਚੀ ਲਗਾਉਣੀ ਚਾਹੀਦੀ ਹੈ, ਤਾਂ ਜੋ ਪਰਵਾਰ ਦੇ ਸਾਰੇ ਮੈਂਬਰਾਂ ਨੂੰ ਤਾਜ਼ੇ, ਕੀਟ ਨਾਸ਼ਕਾਂ ਤੋਂ ਰਹਿਤ ਤੇ ਪੌਸ਼ਟਿਕ ਫਲ ਅਤੇ ਸਬਜ਼ੀਆਂ ਪ੍ਰਾਪਤ ਹੋ ਸਕਣ ਤੇ ਉਹ ਬਿਮਾਰੀ ਰਹਿਤ ਸਿਹਤਮੰਦ ਜੀਵਨ ਦਾ ਆਨੰਦ ਮਾਣ ਸਕਣ। ਹਰੇ ਫਲਾਂ ਅਤੇ ਸਬਜ਼ੀਆਂ ਵਿਚ ਕਲੋਰੋਫਿਲ, ਫਾਈਬਰ, ਲੂਟਿਨ, ਜੇਕਸਾਂਥਿਨ, ਕੈਲਸੀਅਮ, ਫੋਲੇਟ, ਵਿਟਾਮਿਨ ਸੀ ਅਤੇ ਬੀਟਾ ਕੈਰੋਟੀਨ ਹੁੰਦੇ ਹਨ । ਇਨ੍ਹਾਂ ਸਬਜੀਆਂ ਵਿਚ ਪਾਏ ਜਾਣ ਵਾਲੇ ਪੌਸ਼ਟਿਕ ਤੱਤ ਕੈਂਸਰ ਦੇ ਖਤਰੇ ਨੂੰ ਘੱਟ ਕਰਦੇ ਹਨ, ਘੱਟ ਬਲੱਡ ਪ੍ਰੈਸ਼ਰ, ਘੱਟ ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਂਦੇ ਹਨ, ਭੋਜਨ ਦੀ ਬਿਹਤਰ ਪਾਚਨ ਵਿਚ ਮਦਦ ਕਰਦੇ ਹਨ ।

**ਹਰੀਆਂ ਸਬਜ਼ੀਆਂ ਤੇ ਫਲ ਖਾਣ ਦੇ ਇਹ ਫਾਇਦੇ ਹਨ -**

* ਹਰੀਆਂ ਸਬਜੀਆਂ ਕੋਲੈਸਟ੍ਰੋਲ ਨੂੰ ਘੱਟ ਕਰਦੀਆਂ ਹਨ।

* ਹਰੀਆਂ ਸਬਜ਼ੀਆਂ ਅਤੇ ਫਲਾਂ ਨਾਲ ਭਰਪੂਰ ਖ਼ੁਰਾਕ ਕੈਂਸਰ ਨੂੰ ਦੂਰ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ।

* ਹਰੀਆਂ ਪੱਤੇਦਾਰ ਸਬਜ਼ੀਆਂ ਦਾ ਸੇਵਨ ਤੁਹਾਡੀਆਂ ਅੱਖਾਂ ਨੂੰ ਤੰਦਰੁਸਤ ਰੱਖਣ ਵਿੱਚ ਸਹਾਇਤਾ ਕਰਦਾ ਹੈ ।

* ਹਰੀ ਮਿਰਚ ਅਤੇ ਪਾਲਕ ਪਾਚਕ ਕਿਰਿਆ ਨੂੰ ਬਿਹਤਰ ਬਣਾਉਂਦੇ ਹਨ । ਪਾਚਕ ਕਾਰਜਾਂ ਲਈ ਸਭ ਤੋਂ ਜ਼ਰੂਰੀ ਪੌਸ਼ਟਿਕ ਵਿਟਾਮਿਨ ਬੀ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਫਲ ਜਿਵੇਂ ਕਿ ਬਰੌਕਲੀ, ਹਰੀ ਬੀਨਜ਼, ਬਰੱਸਲਜ ਦੇ ਸਪਰੂਟਸ, ਐਵੋਕਾਡੋਸ, ਐਸਪੇਰਾਗਸ, ਪਾਲਕ, ਵਿਟਾਮਿਨ ਨਾਲ ਭਰਪੂਰ ਹੁੰਦੇ ਹਨ ।

*# ਸੰਪਰਕ : 98152-88208*

# ਮੈਡੀਕਲ ਬਿੱਲ ਤੇ ਪੈਨਸ਼ਨਰਾਂ ਦੀਆਂ ਮੁਸ਼ਕਲਾਂ

ਮੇਜਰ ਸਿੰਘ ਨਾਭਾ

ਪਿਛਲ਼ੇ ਸਾਲਾਂ ਤੋਂ ਆਯੁਰਵੈਦਿਕ ਅਤੇ ਹੋਮਿਉਪੈਥੀ ਇਲਾਜ ਕਰਾਉਣ ਲਈ ਮਰੀਜ਼ਾਂ ਦਾ ਰੁਝਾਣ ਵੱਧਦਾ ਜਾ ਰਿਹਾ ਹੈ । ਭਾਰਤ ਸਰਕਾਰ ਨੇ ਆਯੂਸ਼ ਅਧੀਨ 'ਆਯੂਰਵੈਦ , ਯੋਗਾ / ਨੇਚਰੋਪੈਥੀ , ਯੂਨਾਨੀ , ਸਿੱਧਾ , ਹੋਮਿਉਪੈਥੀ ਅਤੇ 'ਸੋਵਾ ਰਿਗਪਾ' ਦੇ ਇਲਾਜਾਂ ਨੂੰ ਸ਼ਾਮਲ ਕੀਤਾ ਹੈ । ਸਰਕਾਰ ਨੇ ਇਨ੍ਹਾਂ ਪ੍ਰਣਾਲੀਆਂ ਨੂੰ ਵਿਕਸਤ ਕਰਨ ਲਈ 'ਕੇਂਦਰੀ ਕਾਊਂਸਲ ਆਫ ਰਿਸਰਚ' ਹਰੇਕ ਪ੍ਰਣਾਲੀ ਲਈ ਖੋਜ ਕਾਰਜ ਕਰਨ ਲਈ ਵਿਵਸਥਾ ਕੀਤੀ ਹੋਈ ਹੈ । ਪੰਜਾਬ ਅੰਦਰ ਐਲੋਪੈਥੀ ਤੋਂ ਇਲਾਵਾ ਜ਼ਿਆਦਾਤਰ ਆਯੂਰਵੈਦਿਕ ਅਤੇ ਹੋਮਿਉਪੈਥੀ ਦਾ ਹੀ ਇਲਾਜ ਉਪਲੱਬਧ ਹੈ । ਆਯੂਰਵੈਦਿਕ ਪ੍ਰਣਾਲੀ ਅਤੇ ਹੋਮਿਉਪੈਥਿਕ ਨਾਲ ਕਰਵਾਏ ਇਲਾਜ 'ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਲਈ ਸਰਕਾਰ ਵਲੋਂ ਹੈੱਲਥ ਵਿਭਾਗ ਦੀ ਵੈੱਬਸਾਈਟ ਉੱਪਰ ਗਾਈਡਲਾਈਨਜ਼ ਨਹੀਂ ਮਿਲਦੀਆਂ, ਸੋ ਇਨ੍ਹਾਂ ਬਾਰੇ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ-ਕੀ ਦਸਤਾਵੇਜ਼ਾਂ ਦੀ ਜ਼ਰੂਰਤ ਪੈਂਦੀ ਹੈ, ਕਿਉਂ ਕਿ ਇਨ੍ਹਾਂ ਪ੍ਰਾਈਵੇਟ ਕਲੀਨਕਾਂ / ਹਸਪਤਾਲਾਂ ਕੋਲ ਮਰੀਜ਼ ਦਾਖਲ ਕਰਨ ਵਾਲੀ ਗੱਲ਼ ਨਹੀਂ ਹੁੰਦੀ । ਇਹ ਇਲਾਜ ਤਕਰੀਬਨ ਆਊਟ-ਡੋਰ ਹੀ ਕੀਤੇ ਜਾਂਦੇ ਹਨ । ਇਹ ਰਜਿਸਟਰਡ ਡਾਕਟਰ ਇਲਾਜ ਉੱਪਰ ਆਏ ਖਰਚੇ ਦੇ ਬਿੱਲ ਦੇਣ ਤੋਂ ਕੰਨੀ ਕਤਰਾਉਂਦੇ ਹਨ । ਕਈ ਵੈਦ /ਹਕੀਮ ਵੀ ਸੋਸ਼ਲ ਮੀਡੀਏ ਉੱਪਰ ਪੱਕੇ ਇਲਾਜਾਂ ਦੀ ਗਰੰਟੀ ਦਿੰਦੇ ਨਜ਼ਰ ਆਉਂਦੇ ਹਨ , ਕਈ ਮਰੀਜ਼ ਇਨ੍ਹਾਂ ਕੋਲ ਵੀ ਚਲੇ ਜਾਂਦੇ ਹਨ । ਇਨ੍ਹਾਂ ਨੇ ਤਾਂ ਬਿੱਲ ਦੇਣਾ ਹੀ ਕੀ ਹੈ। ਇਨ੍ਹਾਂ ਦਾ ਇਲਾਜ ਵੀ ਮਹਿੰਗਾ ਹੋਣ ਕਰਕੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ, ਪਰ ਸਰਕਾਰੀ ਡਿਸਪੈਂਸਰੀਆਂ ਵਿੱਚ ਫਰੀ ਇਲਾਜ ਹੁੰਦਾ ਹੈ, ਪਰ ਬਹੁਤੇ ਪ੍ਰਾਈਵੇਟ ਡਾਕਟਰ ਪਰਚੀ 'ਤੇ ਦਵਾਈਆਂ ਨਹੀਂ ਲਿਖਦੇ ਅਤੇ ਮਨਮਰਜ਼ੀ ਦੇ ਪੈਸੇ ਲੈਂਦੇ ਹਨ । ਇਸ ਵਿਸ਼ੇ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਬਣਦਾ ਹੈ । ਇਸ ਤਰ੍ਹਾਂ ਹੁਣ ਪੰਜਾਬ ਦੇ ਸਿਹਤ ਮੰਤਰੀ ਜੋ ਖੁਦ ਡਾਕਟਰੀ ਪੇਸ਼ੇ ਨਾਲ ਸਬੰਧਤ ਹਨ, ਆਸ ਹੈ ਇਸ ਬਾਰੇ ਵੀ ਮੁਲਾਜ਼ਮਾਂ ਦੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਕਰਨ ਲਈ ਲੋੜੀਂਦੀਆਂ ਸੋਧਾਂ ਕਰਕੇ ਮਰੀਜ਼ਾਂ ਦੀ ਸੌਖੀ ਪਹੁੰਚ ਤੱਕ ਕੋਈ ਫੈਸਲਾ ਕਰਨਗੇ । ਉਂਝ ਸਰਕਾਰ ਇਨ੍ਹਾਂ ਪੈਥੀਆਂ ਤੋਂ ਇਲਾਜ ਕਰਵਾਉਣ ਨੂੰ ਵੀ ਉਤਸ਼ਾਹਤ ਕਰਦੀ ਹੈ । ਐਲੋਪੈਥਿਕ ਇਲਾਜ ਤੋਂ ਲੋਕ ਹੁਣ ਝਿਜਕ ਰਹੇ ਹਨ ਅਤੇ ਮਹਿੰਗੇ ਹੋਣ ਕਾਰਨ ਵੀ ਅਸਮਰੱਥਾ ਪ੍ਰਗਟ ਕਰਦੇ ਹਨ । ਕਈ ਸੀਨੀਅਰ ਸਿਟੀਜ਼ਨ ਵੈਸੇ ਵੀ ਕਮਜ਼ੋਰ ਸਿਹਤ ਕਾਰਨ ਆਪਣਾ ਇਲਾਜ ਐਲੋਪੈਥੀ ਦੀ ਥਾਂ ਧੀਮੀ ਚਾਲ ਇਨ੍ਹਾਂ ਪੈਥੀਆਂ ਤੋਂ ਕਰਵਾਉਣ ਨੂੰ ਤਰਜੀਹ ਦਿੰਦੇ ਹਨ , ਜਿਨ੍ਹਾਂ ਦਾ ਸਰੀਰ ਨੂੰ ਕੋਈ ਹੋਰ ਮਾੜਾ ਪ੍ਰਭਾਵ ਨਾ ਪਵੇ । ਐਲੋਪੈਥੀ ਇਲਾਜ ਨਾਲ ਤੇਜ਼ ਦਵਾਈਆਂ ਦੇ ਸਾਈਡ ਤੇ ਮਾੜੇ ਪ੍ਰਭਾਵ ਪੈਣ ਦੀ ਅਕਸਰ ਸੰਭਾਵਨਾ ਹੁੰਦੀ ਹੈ ।

ਵਿੱਤ ਮੰਤਰੀ ਨੇ ਹੁਣੇ ਜ਼ਿਲ੍ਹਾ ਪੱਧਰ ਤੇ ਸਿਵਲ ਸਰਜਨ ਦਫਤਰ ਨੂੰ ਮੈਡੀਕਲ ਬਿੱਲ ਦੀ ਰਕਮ ਦੀ ਹੱਦ ਪੰਜਾਹ ਹਜ਼ਾਰ ਤੋਂ ਵਧਾ ਕੇ ਇੱਕ ਲੱਖ ਰੁਪਏ ਤੱਕ ਵੈਰੀਫਾਈ ਕਰਕੇ ਪ੍ਰਵਾਨਗੀ ਦੇਣ ਦੀ ਮਨਜ਼ੂਰੀ ਦਿੱਤੀ ਹੈ, ਜੋ ਕਿ ਵਧੀਆ ਫੈਸਲਾ ਹੈ। ਸਰਕਾਰੀ ਮੁਲਾਜ਼ਮਾਂ ਨੂੰ ਸਰਵਿਸ ਨਿਯਮਾਂ ਅਨੁਸਾਰ ਬਹੁਤ ਸਾਰੀਆਂ ਦਿੱਤੀਆਂ ਸਹੂਲਤਾਂ 'ਚ ਉਨ੍ਹਾਂ ਅਤੇ ਪਰਵਾਰ ਦੇ ਨਿਰਭਰ ਮੈਂਬਰਾਂ ਦੇ ਇਲਾਜ ਲਈ ਆਏ ਖਰਚ ਦੀ ਨਿਯਮਾਂ ਮੁਤਾਬਕ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ। ਇਨ੍ਹਾਂ ਮੁਲਾਜ਼ਮਾਂ ਨੂੰ ਕਿਸੇ ਵੀ ਹਸਪਤਾਲ ਤੋਂ ਇਲਾਜ ਕਰਾਉਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਲਈ ਵਿਵਸਥਾ ਕੀਤੀ ਹੋਈ ਹੈ। ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਏ ਇਲਾਜ ਦੇ ਖਰਚੇ ਜ਼ਿਆਦਾ ਹੁੰਦੇ ਹਨ, ਜੋ ਪੂਰੇ ਵੀ ਨਹੀਂ ਮਿਲਦੇ, ਇਹ ਸਾਰੇ ਬਿੱਲ ਮੈਡੀਕਲ ਬੋਰਡ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਬਜਟ ਦੀ ਮੰਗ ਨਹੀਂ ਕੀਤੀ ਜਾ ਸਕਦੀ ਇਸ ਪ੍ਰਕ੍ਰਿਆ ਨੂੰ ਕਾਫੀ ਸਮਾਂ ਲੱਗ ਜਾਂਦਾ ਹੈ । ਸਰਕਾਰੀ ਹਸਪਤਾਲ 'ਚੋਂ ਕਰਵਾਏ ਪੱਚੀ ਹਜ਼ਾਰ ਤੱਕ ਦੇ ਇਲਾਜ ਉੱਪਰ ਆਏ ਖਰਚੇ ਦਾ ਬਜਟ ਡੀ ਡੀ ਓ ਆਪਣੇ ਪੱਧਰ 'ਤੇ ਮੰਗ ਕਰ ਸਕਦਾ ਹੈ, ਇਸ ਦੀ ਹੱਦ ਵੀ ਸਰਕਾਰ ਨੂੰ ਵਧਾਉਣੀ ਚਾਹੀਦੀ ਹੈ । ਗੰਭੀਰ ਕਰੋਨਿਕ ਹਰਟ, ਕੈਂਸਰ ਆਦਿ ਵਰਗੀਆਂ ਬਿਮਾਰੀਆਂ ਉੱਪਰ ਲੱਖਾਂ ਰੁਪਏ ਖਰਚ ਆ ਰਿਹਾ ਹੈ । ਇਹ ਗੱਲ ਵੀ ਮਰੀਜ਼ਾਂ ਲਈ ਸਿਰਦਰਦੀ ਬਣਦੀ ਹੈ, ਏਨਾ ਪੈਸਾ ਖਰਚਣਾ ਹਰੇਕ ਲਈ ਔਖਾ ਹੈ । ਦੂਸਰਾ ਮੈਡੀਕਲ ਬਿੱਲਾਂ ਦੇ ਪਾਸ ਹੋਣ ਲਈ ਕੋਈ ਸਮਾਂ-ਬੱਧ ਵਿਵਸਥਾ ਦੇ ਨਾ ਹੋਣ ਕਾਰਨ ਬਹੁਤੇ ਮਰੀਜ਼ਾਂ ਦੇ ਬਿੱਲ ਦਫਤਰਾਂ 'ਚ ਰੁਲਦੇ-ਫਿਰਦੇ ਰਹਿੰਦੇ ਹਨ । ਲੰਮੇ ਸਮੇਂ ਬਾਅਦ ਇਤਰਾਜ਼ ਲਾ ਕੇ ਵਾਪਸ ਕਰ ਦਿੱਤੇ ਜਾਂਦੇ ਹਨ, ਉਹ ਵੀ ਸਿੱਖਿਆ ਵਿਭਾਗ ਵਿੱਚ ਤਾਂ ਕਿਸੇ ਦਫਤਰ ਕੰਮ ਜਾਣ ਵਾਲੇ ਜਾਂ ਕਿਸੇ ਨੇੜੇ ਦੇ ਸਕੂਲ ਦੇ ਕਰਮਚਾਰੀ ਨੂੰ ਦਸਤੀਂ ਦੇ ਦਿੱਤੇ ਜਾਂਦੇ ਹਨ । ਸ਼ਾਇਦ ਡਾਕ ਲਈ ਖਰਚਾ ਹੁਣ ਦਫਤਰਾਂ ਕੋਲ ਨਹੀਂ ਆਉਂਦਾ, ਕਿਉਂਕਿ ਬਹੁਤੇ ਹੋਰ ਡਾਕ ਭੇਜਣ ਦੇ ਕੰਮ ਤਾਂ ਆਨ ਲਾਈਨ ਹੋਣ ਲੱਗ ਪਏ ਹਨ । ਇਸ ਤਰ੍ਹਾਂ ਕਈ ਵਾਰੀ ਤਾਂ ਕਈ-ਕਈ ਸਾਲਾਂ ਤੋਂ ਵੱਧ ਦਾ ਸਮਾਂ ਮੈਡੀਕਲ ਬਿੱਲ ਪਾਸ ਹੋਣ ਨੂੰ ਲੱਗ ਜਾਂਦਾ ਹੈ। ਇਨ੍ਹਾਂ ਬਿੱਲਾਂ ਨੂੰ ਅਪਲਾਈ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ 'ਚ ਵੱਖ-ਵੱਖ ਫਾਰਮ ਦੁਕਾਨਾਂ ਵਾਲਿਆਂ ਨੇ ਛਾਪੇ ਹੋਏ ਹਨ, ਜਿਨ੍ਹਾਂ 'ਚ ਕਈ ਅਣਲੋੜੀਂਦੇ ਫਾਰਮ ਵੀ ਛਾਪ ਰੱਖੇ ਹਨ। ਕਈ ਜ਼ਿਲ੍ਹਿਆਂ 'ਚ ਅਸੈਂਟੀਲਿਟੀ ਸਰਟੀਫੀਕੇਟ ਮੰਗਿਆ ਜਾਂਦਾ ਹੈ, ਕਈਆਂ 'ਚ ਨਹੀਂ। ਹੈੱਲਥ ਵਿਭਾਗ ਵੱਲੋਂ ਸਮੇਂ-ਸਮੇਂ ਆਪਣੀ ਵੈਬਸਾਈਟ 'ਤੇ ਇਹ ਪੂਰੇ ਲੋੜੀਂਦੇ ਦਸਤਾਵੇਜ਼ ਡਾਊਨਲੋਡ ਕਰਨੇ ਚਾਹੀਦੇ ਹਨ, ਤਾਂ ਕਿ ਮਰੀਜ਼ਾਂ ਨੂੰ ਮੈਡੀਕਲ ਬਿੱਲ ਭੇਜਣ ਸਮੇਂ ਸ਼ੁਰੂਆਤ ਦੀ ਖੱਜਲ-ਖੁਆਰੀ ਤੋਂ ਛੁਟਕਾਰਾ ਮਿਲ ਸਕੇ।

ਹੁਣ ਗੱਲ ਆਉਂਦੀ ਹੈ ਬਿੱਲਾਂ ਦੇ ਪਾਸ ਹੋਣ ਦੇ ਸਮੇਂ ਦੀ, ਰੈਗੂਲਰ ਮੁਲਾਜ਼ਮ ਤਾਂ ਜਿਨ੍ਹਾਂ ਦੇ ਵੱਡੇ ਖਰਚੇ ਹੁੰਦੇ ਹਨ, ਤਨਖਾਹਾਂ ਕਰਕੇ ਲੰਮਾ ਸਮਾਂ ਇੰਤਜ਼ਾਰ ਕਰ ਲੈਂਦੇ ਹਨ, ਪਰ ਪੈਨਸ਼ਨਰ ਜਿਨ੍ਹਾਂ ਦੇ ਇਲਾਜ ਉੱਪਰ ਲੱਖਾਂ ਰੁਪਏ ਖਰਚੇ ਜਾਂਦੇ ਹਨ, ਉਨ੍ਹਾਂ ਲਈ ਪੈਨਸ਼ਨ 'ਚ ਗੁਜ਼ਾਰਾ ਕਰਨਾ ਔਖਾ ਜ਼ਰੂਰ ਹੈ। ਸਰਕਾਰ ਸੇਵਾ-ਮੁਕਤ ਹੋ ਚੁੱਕੇ ਮੁਲਾਜ਼ਮਾਂ ਦੇ ਪਿਛਲੇ ਬਕਾਏ ਦੇਣ ਲਈ ਵੀ ਤਿਆਰ ਨਹੀਂ, ਜੋ ਕਿ ਲੱਖਾਂ ਰੁਪਏ ਬਣਦਾ ਹੈ । ਉਨ੍ਹਾਂ ਨੇ ਇਧਰੋਂ-ਉਧਰੋਂ ਪੈਸੇ ਫੜ ਕੇ ਇਲਾਜ ਕਰਾਇਆ ਹੁੰਦਾ ਹੈ, ਜਿਸ ਕਰਕੇ ਵਾਅਦੇ ਮੁਤਾਬਕ ਪੈਸੇ ਮੋੜਨੇ ਸੌਖੇ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਸਰਕਾਰ ਨੇ ਬਿੱਲ ਪਾਸ ਕਰਨੇ ਹੀ ਹੁੰਦੇ ਹਨ ਤਾਂ ਇਨ੍ਹਾਂ ਦਾ ਨਿਪਟਾਰਾ ਜਲਦੀ ਕਿਉਂ ਨਹੀਂ ਕੀਤਾ ਜਾਂਦਾ। ਹੁਣ ਤਾਂ ਬਹੁਤ ਸਾਰੇ ਮਹਿਕਮੇ ਕੰਪਿਊਟਰਾਈਜ਼ਡ ਹੋ ਗਏ ਹਨ, ਇਹ ਵੀ ਹੋਣਾ ਚਾਹੀਦਾ ਹੈ । ਸਿਹਤ ਵਿਭਾਗ ਵਲੋਂ ਜ਼ਿਲ੍ਹਾ ਪੱਧਰ ਅਤੇ ਸਟੇਟ ਪੱਧਰ 'ਤੇ ਇਹ ਬਿੱਲ ਉਨ੍ਹਾਂ ਦੀਆਂ ਰਕਮਾਂ ਮੁਤਾਬਕ ਪਾਸ ਕਰਨ ਲਈ ਮੈਡੀਕਲ ਬੋਰਡ ਦੇ ਮੈਂਬਰਾਂ ਦਾ ਗਠਨ ਕੀਤਾ ਹੋਇਆ ਹੈ। ਕਈ ਮੁਲਾਜ਼ਮ ਇਨ੍ਹਾਂ ਮੈਂਬਰਾਂ ਨਾਲ ਗੰਢਤੁੱਪ ਕਰਕੇ ਦਿਨਾਂ 'ਚ ਹੀ ਆਪਣੇ ਬਿਲ ਪਾਸ ਕਰਵਾ ਲੈਂਦੇ ਹਨ । ਇਸ ਲਈ ਜਾਪਦਾ ਹੈ ਕਿ ਮਹਿਕਮੇ ਦਾ ਸਿਸਟਮ ਲੜੀਵਾਰ ਆਏ ਕੇਸਾਂ ਨੂੰ ਲੜੀ 'ਚ ਨਹੀਂ ਰੱਖਦਾ, ਜੇਕਰ ਕਿਸੇ ਮੈਡੀਕਲ ਬਿੱਲ ਸੰਬੰਧੀ ਜਾਣਕਾਰੀ ਲੈਣੀ ਹੋਵੇ ਤਾਂ ਸੰਬੰਧਤ ਕਰਮਚਾਰੀ ਜਾਂ ਤਾਂ ਫੋਨ ਨਹੀਂ ਚੁਕਦਾ ਜਾਂ ਇਹ ਕਹਿ ਦਿੰਦੇ ਨੇ ਜਦੋਂ ਆ ਗਿਆ, ਭੇਜ ਦੇਵਾਂਗੇ ਜਾਂ ਭੇਜ ਦਿੱਤੇ । ਇਸ ਸਬੰਧ 'ਚ ਉੱਚ ਅਧਿਕਾਰੀਆਂ ਨੂੰ ਇਸ ਸਿਸਟਮ ਨੂੰ ਸਮਾਂ-ਬੱਧ ਕਰਨਾ ਚਾਹੀਦਾ ਹੈ। ਸਿੱਖਿਆ ਵਿਭਾਗ ਨੇ ਆਪਣੇ ਮੁਲਾਜ਼ਮਾਂ ਲਈ ਆਨਲਾਈਨ ਸਿਹਤ ਵਿਭਾਗ ਵੱਲੋਂ ਪਾਸ ਹੋਏ ਬਿੱਲ ਭੇਜਣ ਲਈ ਹੇਠਲੇ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤਾ ਹੈ, ਪਰ ਇਹ ਕੰਮ ਵੀ ਢਿੱਲਾ ਹੈ, ਇਸ ਨੂੰ ਘੱਟੋ-ਘੱਟ ਸਮੇਂ 'ਚ ਕਰਨ ਦੀ ਲੋੜ ਹੈ। ਵੈਸੇ ਤਾਂ ਜ਼ਿਲ੍ਹਾ ਪੱਧਰ 'ਤੇ ਹੀ ਬਜਟ ਜਾਰੀ ਕਰਨ ਦੀ ਵਿਵਸਥਾ ਹੋਣੀ ਚਾਹੀਦੀ ਹੈ। ਸਕੂਲ ਵੱਲੋਂ ਵੀ ਡੀ.ਡੀ.ਓ. ਵੱਲੋਂ ਸਿਰਫ ਪਾਸ ਹੋਏ ਬਿਲ ਦੀ ਲੈਟਰ ਪੈਡ 'ਤੇ ਹੀ ਤਸਦੀਕ ਨੂੰ ਮੁੱਖ ਦਫਤਰ ਵਲੋਂ ਮੰਨ ਲੈਣਾ ਚਾਹੀਦਾ ਹੈ।

ਬਹੁਤ ਸਾਰੇ ਪੈਨਸ਼ਨਰ ਮਰੀਜ਼ ਤਾਂ ਬਿੱਲਾਂ ਦੇ ਪੈਸੇ ਉਡੀਕਦੇ ਇਸ ਜਹਾਨ ਤੋਂ ਵੀ ਚਲੇ ਜਾਂਦੇ ਹਨ । ਵਡੇਰੀਆਂ ਉਮਰਾਂ ਕਰਕੇ ਬਿਮਾਰੀਆਂ ਉਂਝ ਵੀ ਜ਼ਿਆਦਾ ਪਕੜ ਕਰ ਜਾਂਦੀਆਂ ਹਨ, ਜਿਸ ਕਰਕੇ ਪੈਨਸ਼ਨਰ ਖਰਚਿਆਂ ਦੀ ਚਿੰਤਾ ਕਰਕੇ ਕਈ ਵਾਰੀ ਐਵੇਂ ਹੀ ਦਿਲ ਨੂੰ ਲਾ ਕੇ ਨਵੀਂਆਂ ਬਿਮਾਰੀਆਂ ਤੋਂ ਗ੍ਰਸ਼ਤ ਹੋ ਕੇ ਹੋਰ ਉਲਝ ਜਾਂਦੇ ਹਨ। ਇਸ ਲਈ ਘੱਟੋ-ਘੱਟ ਪੈਨਸ਼ਨਰਾਂ ਦੇ ਇਲਾਜ ਦੇ ਖਰਚੇ ਨੂੰ ਨਾਲ ਦੀ ਨਾਲ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਰਕਾਰ ਨੂੰ ਪੈਨਸ਼ਨਰਾਂ ਲਈ ਬਜਟ ਪਹਿਲ ਦੇ ਆਧਾਰ 'ਤੇ ਜਾਰੀ ਕਰਨਾ ਚਾਹੀਦਾ ਹੈ, ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਮਾਣ ਸਕਣ। ਬਹੁਤ ਸਾਰੇ ਪ੍ਰਾਈਵੇਟ ਅਦਾਰੇ ਆਪਣੇ ਮੁਲਾਜ਼ਮਾਂ ਦਾ ਸਾਰਾ ਇਲਾਜ ਫਰੀ ਕਰਾਉਂਦੇ ਹਨ, ਡਿਫੈਂਸ ਕਰਮਚਾਰੀਆਂ ਲਈ ਨਿਸਚਤ ਕੀਤੇ ਪ੍ਰਾਈਵੇਟ ਹਸਪਤਾਲਾਂ 'ਚ ਉਨ੍ਹਾਂ ਦਾ ਪੂਰਾ ਫਰੀ ਇਲਾਜ ਕੀਤਾ ਜਾਂਦਾ ਹੈ, ਜੇ ਇਸ ਤਰ੍ਹਾਂ ਹੋ ਜਾਵੇ ਤਾਂ ਹੋਰ ਵੀ ਵਧੀਆ ਹੈ।

*# ਸੰਪਰਕ : 94635-53962*

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਵੱਖ ਵੱਖ ਥਾਈਂ ਉਤਸ਼ਾਹ ਨਾਲ ਮਨਾਇਆ


ਸਮਰਾਲਾ


ਮਲੋਟ


ਸੰਗਰੂਰ


ਚੀਮਾ ਮੰਡੀ

**ਸਮਰਾਲਾ (ਸੁਰਜੀਤ ਸਿੰਘ)**-ਅਜ਼ਾਦੀ ਦੀ ਮਸ਼ਾਲ ਦੇ ਝੰਡਾ ਬਰਦਾਰ ਦੇਸ਼ ਦੇ ਸ਼ਹੀਦਾਂ ਦੇ ਸਰਤਾਜ ਅਤੇ ਨੌਜਵਾਨਾਂ ਦੇ ਰੋਲ ਮਾਡਲ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜਨਮ ਦਿਨ ਵੀਰਵਾਰ ਇਥੇ ਵੱਖ ਵੱਖ ਸੰਸਥਾਵਾਂ ਤੇ ਟ੍ਰੇਡ ਯੂਨੀਅਨਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਥਾਨਕ ਲੇਬਰ ਚੌਕ ਵਿੱਚ ਲੇਖਕ ਤੇ ਅਧਿਆਪਕ ਕਾਮਰੇਡ ਬਿਹਾਰੀ ਲਾਲ ਸੱਦੀ ਦੀ ਅਗਵਾਈ ਵਿੱਚ ਮਜ਼ਦੂਰਾਂ ਤੇ ਟ੍ਰੇਡ ਯੂਨੀਅਨ ਆਗੂਆਂ ਵੱਲੋਂ ਸ੍ਰ. ਭਗਤ ਸਿੰਘ ਦੀ ਤਸਵੀਰ ਨੂੰ ਫੁੱਲ-ਮਾਲਾਵਾਂ ਅਰਪਣ ਕੀਤੀਆਂ ਗਈਆਂ ਅਤੇ ਲੱਡੂ ਵੰਡੇ ਗਏ। ਇਸ ਮੌਕੇ ਬਿਹਾਰੀ ਲਾਲ ਸੱਦੀ, ਕਾ. ਭਜਨ ਸਿੰਘ ਤੇ ਹਰਜਿੰਦਰਪਾਲ ਸਿੰਘ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰ. ਭਗਤ ਸਿੰਘ ਦੀ ਕੁਰਬਾਨੀ ਲਾ-ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਜਿਹੀ ਲਾ-ਮਿਸਾਲ ਸ਼ਹਾਦਤ ਨੂੰ ਦੇਸ਼ ਦੇ ਸੱਤਾਧਾਰੀਆਂ ਨੇ ਭੁਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰ. ਭਗਤ ਸਿੰਘ ਨੇ ਉਸ ਵੇਲੇ ਲੋਕਾਂ ਵਿੱਚ ਆਜ਼ਾਦੀ ਦੀ ਚਿਣੰਗ ਜਗਾਈ ਸੀ। ਉਨ੍ਹਾਂ ਕਿਹਾ ਕਿ ਅੱਜ ਜੋ ਅਸੀਂ ਦੇਸ਼ ਵਿੱਚ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ, ਇਹ ਉਨ੍ਹਾਂ ਆਜ਼ਾਦੀ ਦੇ ਪਰਵਾਨਿਆਂ ਦੀ ਬਦੌਲਤ ਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ੇ ਆਦਿ ਤਿਆਗ ਕੇ ਸ੍ਰ. ਭਗਤ ਸਿੰਘ ਦੇ ਸਿਧਾਂਤਾਂ ਨੂੰ ਅਪਣਾਉਣਾ ਚਾਹੀਦਾ ਹੈ। ਇਸੇ ਦੌਰਾਨ ਸਥਾਨਕ ਐੱਮ ਏ ਐੱਮ ਸਕੂਲ ਵਿੱਚ ਵੀ ਸ੍ਰ. ਭਗਤ ਸਿੰਘ ਦਾ ਜਨਮ ਦਿਵਸ ਮਨਾਇਆ ਗਿਆ। ਮਿਲੀ ਜਾਣਕਾਰੀ ਅਨੁਸਾਰ ਸਕੂਲੀ ਬੱਚਿਆਂ ਨੇ ਸ੍ਰ. ਭਗਤ ਸਿੰਘ ਵਰਗੀਆਂ ਪੌਸ਼ਾਕਾਂ ਪਹਿਨ ਕੇ ਸ੍ਰ. ਭਗਤ ਸਿੰਘ ਦੇ ਸਿਧਾਂਤਾਂ 'ਤੇ ਚੱਲਣ ਦਾ ਅਹਿਦ ਕੀਤਾ। ਸਕੂਲ ਪ੍ਰਿੰਸੀਪਲ ਮੋਨਿਕਾ ਮਲਹੋਤਰਾ ਨੇ ਬੱਚਿਆਂ ਨੂੰ ਸ੍ਰ. ਭਗਤ ਸਿੰਘ ਦੇ ਜੀਵਨ ਤੇ ਇਤਿਹਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਭਗਤ ਸਿੰਘ ਨੇ ਅੰਗ੍ਰੇਜ਼ਾਂ ਖਿਲਾਫ ਲੜਦਿਆਂ ਦੇਸ਼ ਦੀ ਆਜ਼ਾਦੀ ਲਈ, ਜੋ ਸ਼ਹਾਦਤ ਦਿੱਤੀ, ਉਸ ਦੀ ਮਿਸਾਲ ਇਸ ਦੁਨੀਆ ਵਿੱਚ ਹੋਰ ਕਿਤੇ ਨਹੀਂ ਮਿਲਦੀ। ਉਨ੍ਹਾ ਕਿਹਾ ਕਿ ਭਗਤ ਸਿੰਘ ਆਜ਼ਾਦੀ ਦਾ ਉਹ ਪਰਵਾਨਾ ਸੀ, ਜੋ ਮਹਿਜ 24 ਸਾਲ ਦੀ ਉਮਰ ਵਿੱਚ ਦੇਸ਼ ਲਈ ਫਾਂਸੀ 'ਤੇ ਚੜ੍ਹ ਗਿਆ ਸੀ। ਉਨ੍ਹਾਂ ਦੱਸਿਆ ਕਿ ਭਗਤ ਸਿੰਘ ਬਹੁਤ ਹੀ ਪੜ੍ਹਨ ਤੇ ਲਿਖਣ ਵਾਲਾ ਨੌਜਵਾਨ ਸੀ। ਉਸ ਦੇ ਸਿਧਾਂਤਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਇਸ ਮੌਕੇ ਸਾਰੇ ਸਕੂਲ ਦੇ ਬੱਚੇ ਤੇ ਸਟਾਫ ਹਾਜ਼ਰ ਸੀ।

**ਮਲੋਟ (ਗੁਰਮੀਤ ਸਿੰਘ ਮੱਕੜ)** : ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੈਪਰੇਟਰੀ ਸਕੂਲ ਵਿਖੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਪ੍ਰਿੰਸੀਪਲ ਮੀਨਾ ਅਰੋੜਾ ਦੀ ਅਗਵਾਈ ਵਿੱਚ ਸਮੂਹ ਸਟਾਫ਼ ਤੇ ਬੱਚਿਆਂ ਨੇ ਸ. ਭਗਤ ਸਿੰਘ ਜੀ ਦੀ ਤਸਵੀਰ 'ਤੇ ਫੁੱਲ ਮਲਾਵਾਂ ਭੇਟ ਕਰਕੇ ਕੀਤੀ। ਸਮਾਗਮ ਦੌਰਾਨ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਮੀਨਾ ਅਰੋੜਾ ਨੇ ਕਿਹਾ ਕਿ ਸਾਡੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਅਨੇਕਾਂ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਦਿੱਤੀਆਂ ਤੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਤਾਂ ਕਿ ਦੇਸ਼ ਦੇ ਦੇਸ਼ਵਾਸੀ ਅੰਗਰੇਜ਼ਾਂ ਤੋਂ ਆਜ਼ਾਦ ਹੋ ਸਕਣ ਅਤੇ ਚੰਗੀ ਜ਼ਿੰਦਗੀ ਬਤੀਤ ਕਰ ਸਕਣ, ਪ੍ਰੰਤੂ ਅੱਜ ਦੇਸ਼ ਅੰਦਰ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਾਬਰਾਬਰੀ, ਬੇਇੰਨਸਾਫ਼ੀ, ਫ਼ਿਰਕਾਪ੍ਰਸਤੀ ਦਾ ਬੋਲਬਾਲਾ ਹੈ। ਇਸ ਮੌਕੇ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ, ਸਕਿੱਟ, ਕੋਰੀਓਗ੍ਰਾਫ਼ੀ ਆਦਿ ਦੀ ਪੇਸ਼ਕਾਰੀ ਕੀਤੀ। ਸਮਾਗਮ ਦੇ ਅੰਤ ਵਿੱਚ ਨੰਨ੍ਹੇ ਮੁੰਨੇ ਬੱਚਿਆਂ ਨੂੰ ਟਾਫ਼ੀਆਂ ਵੰਡੀਆਂ ਗਈਆਂ। ਇਸ ਮੌਕੇ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਮੈਡਮ ਅਨੂੰ, ਆਰਤੀ, ਪ੍ਰਿਅੰਕਾ, ਨਿਸ਼ਾ ਆਦਿ ਸਮੂਹ ਸਟਾਫ਼ ਨੇ ਆਪਣਾ ਅਹਿਮ ਯੋਗਦਾਨ ਪਾਇਆ।

**ਸੰਗਰੂਰ (ਪ੍ਰਵੀਨ ਸਿੰਘ)**-ਸੈਂਟਰ ਆਫ ਟਰੇਡ ਯੂਨੀਅਨ (ਸੀਟੂ) ਦੇ ਸੂਬਾਈ ਫੈਸਲੇ ਮੁਤਾਬਿਕ ਸ਼ਹੀਦ ਭਗਤ ਸਿੰਘ ਦਾ 116ਵਾਂ ਜਨਮ ਦਿਹਾੜਾ ਬਨਾਸਰ ਬਾਗ ਸੰਗਰੂਰ ਵਿਖੇ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਆਂਗਣਵਾੜੀ ਆਗੂ ਭੈਣ ਤ੍ਰਿਸ਼ਨਜੀਤ ਕੌਰ ਨੇ ਕੀਤੀ। ਇਸ ਮੌਕੇ ਸੀਟੂ ਦੇ ਜ਼ਿਲ੍ਹਾ ਸਕੱਤਰ ਇੰਦਰਪਾਲ ਪੁੰਨਵਾਲ ਨੇ ਕਿਹਾ ਕਿ ਅੱਜ ਪੂਰੇ ਦੇਸ਼ ਵਿੱਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਸੀਟੂ ਵੱਲੋਂ ਮਨਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਰਕਾਰਾਂ ਸ਼ਹੀਦਾਂ ਨੂੰ ਵਿਸਾਰ ਰਹੀਆਂ ਹਨ, ਸ਼ਹੀਦਾਂ ਦੇ ਸੁਪਨੇ ਅਧੂਰੇ ਪਏ ਹਨ। ਕਿਰਤੀ ਲੋਕਾਂ ਨਾਲ ਕੋਝੇ ਮਜ਼ਾਕ ਕੀਤੇ ਜਾ ਰਹੇ ਹਨ। ਲਗਾਤਾਰ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੀ ਪੁਸ਼ਤਪਨਾਹੀ ਕਰ ਰਹੀਆਂ ਹਨ। ਇਸ ਮੌਕੇ ਨੌਜਵਾਨ ਆਗੂ ਵਰਿੰਦਰ ਕੌਸ਼ਿਕ ਤੇ ਸਤਵੀਰ ਤੁੰਗਾਂ ਨੇ ਕਿਹਾ ਕਿ ਅੱਜ ਦੇਸ਼ ਅੰਦਰ ਨੌਜਵਾਨ ਵਰਗ ਨੂੰ ਕੁਰਾਹੇ ਪਾਉਣ ਲਈ ਨਸ਼ਿਆਂ ਦੀ ਦਲਦਲ 'ਚ ਧੱਕਿਆ ਜਾ ਰਿਹਾ ਹੈ। ਇਸ ਮੌਕੇ ਸ਼ਿੰਗਾਰਾ ਸਿੰਘ ਬਲਿਆਲ, ਮਨਦੀਪ ਕੁਮਾਰੀ, ਦਰਸ਼ਨ ਸਿੰਘ ਆਈ ਏ ਐੱਲ ਆਗੂ, ਲਖਵਿੰਦਰ ਚਹਿਲ, ਗੁਰਬਚਨ ਲਿੱਦੜਾਂ ਤੇ ਵੱਡੀ ਗਿਣਤੀ 'ਚ ਆਂਗਣਵਾੜੀ ਭੈਣਾਂ ਤੇ ਸਾਥੀ ਹਾਜ਼ਰ ਸਨ।

**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਤੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਹੇਠ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਜਨਮ ਦਿਵਸ ਮੌਕੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪ੍ਰਿੰਸੀਪਲ ਨੇ ਮੌਜੂਦ ਸਮੂਹ ਵਿਦਿਆਰਥੀਆਂ ਨੂੰ ਭਗਤ ਸਿੰਘ ਦੀ ਜੀਵਨੀ ਬਾਰੇ ਜਾਣੂ ਕਰਵਾਇਆ। ਇਸ ਮੌਕੇ ਕਾਲਜ ਦੇ ਵਿਦਿਆਰਥਣ ਜਯੋਤੀ ਕੌਰ, ਅਮਨਦੀਪ ਕੌਰ, ਸਰਬਜੀਤ ਕੌਰ ਤੇ ਸਰਬਜੀਤ ਕੌਰ ਨੇ ਕਵਿਤਾ, ਜਸਪ੍ਰੀਤ ਕੌਰ ਤੇ ਜਸਲੀਨ ਕੌਰ ਨੇ ਸਪੀਚ, ਰਣਜੀਤ ਕੌਰ ਤੇ ਸਾਨੀਆ ਨਾਗਪਾਲ ਨੇ ਭਗਤ ਸਿੰਘ ਦੀ ਸ਼ਹਾਦਤ ਸਬੰਧੀ ਗੀਤ, ਗਜ਼ਲਾਂ ਪੇਸ਼ ਕੀਤੀਆਂ। ਸਮਾਗਮ ਦਾ ਮੰਚ ਸੰਚਾਲਨ ਜਸਲੀਨ ਕੌਰ ਤੇ ਗਗਨਦੀਪ ਕੌਰ ਨੇ ਕੀਤਾ। ਇਸ ਮੌਕੇ ਕਾਲਜ ਸਟਾਫ ਮੈਂਬਰ ਡਾ. ਨਵਜੋਤ ਕੌਰ, ਗੁਰਸੇਵਕ ਸਿੰਘ, ਰਾਜਿੰਦਰ ਕੌਰ, ਗਗਨਦੀਪ ਕੌਰ, ਕੁਲਵੰਤ ਕੌਰ, ਹਰਦੀਪ ਕੌਰ ਸਹਿਤ ਸਮੂਹ ਵਿਦਿਆਰਥੀ ਸ਼ਾਮਲ ਸਨ।

**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਸੀ ਪੀ ਆਈ ਐੱਮ ਦੀ ਬਰਾਂਚ ਮੁਕਤਸਰ ਨੇ ਬਠਿੰਡਾ ਰੋਡ ਮੁਕਤਸਰ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਪੈਂਫਲਿਟ "ਇਹੋ ਜਿਹਾ ਸੀ ਸਾਡਾ ਭਗਤ ਸਿੰਘ" ਤੇ ਲੱਡੂ ਵੰਡ ਕੇ ਇਸ ਦਿਹਾੜੇ ਨੂੰ ਮਨਾਇਆ। ਇਸ ਮੌਕੇ ਪਾਰਟੀ ਦੇ ਤਹਿਸੀਲ ਸੈਕਟਰੀ ਕਾਮਰੇਡ ਤਰਸੇਮ ਲਾਲ ਨੇ ਭਗਤ ਸਿੰਘ ਦੇ ਜੀਵਨ ਬਾਰੇ ਦੱਸਿਆ। ਇਸ ਮੌਕੇ ਗੁਰਦਾਸ ਸਿੰਘ ਨੇ ਕਿਹਾ ਕਿ ਸਾਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਨਾ ਚਾਹੀਦਾ ਹੈ। ਕਾਮਰੇਡ ਰਾਜ ਕੁਮਾਰ ਨੇ ਕਿਹਾ ਕਿ ਇਸ ਵੇਲੇ ਭਗਤ ਸਿੰਘ ਦੇ ਵਾਰਸਾਂ ਨੂੰ ਉਸ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਹਰਵਿੰਦਰ ਪਾਲ, ਰੁਕਮ ਦਾਸ, ਐਡਵੋਕੇਟ ਦਵਿੰਦਰ ਕੋਟਲੀ, ਸੁਰਜੀਤ ਸਿੰਘ, ਸੁਖਦੇਵ ਸਿੰਘ, ਬੱਬੂ ਸਿੰਘ, ਹਰਸਿਮਰਨ ਦੀਪ ਸਿੰਘ, ਗੁਰਮੀਤ ਸਿੰਘ, ਸੰਦੀਪ ਕੌਰ ਵੜਿੰਗ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ ਚੌਕ ਵਿਖੇ ਵੀਰਵਾਰ ਨੂੰ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦਾ 116ਵਾਂ ਜਨਮ ਦਿਵਸ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਸੰਜੇ ਵਾਲੀਆ ਦੀ ਅਗਵਾਈ 'ਚ ਹੋਏ ਇਸ ਸਮਾਗਮ 'ਚ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਹੋਏ ਤੇ ਸ਼ਹੀਦ ਭਗਤ ਸਿੰਘ ਦੇ ਨਾਲ-ਨਾਲ ਸ਼ਹੀਦ ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ ਨੂੰ ਹਾਰ ਪਵਾ ਕੇ ਨਮਨ ਕੀਤਾ। ਇਸ ਦੌਰਾਨ ਪ੍ਰਧਾਨ ਸੰਜੇ ਵਾਲੀਆ ਨੇ ਲੋਕਾਂ ਨੂੰ ਭਗਤ ਸਿੰਘ ਦੀਆਂ ਕੁਰਬਾਨੀਆਂ ਤੋਂ ਜਾਣੂੰ ਕਰਵਾਉਂਦਿਆਂ ਸਰਕਾਰਾਂ 'ਤੇ ਕਰਾਰਾ ਵਿਅੰਗ ਕੱਸਿਆ। ਉਨ੍ਹਾ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ। ਹੁਣ ਆਪ ਸਰਕਾਰ ਆਈ ਹੈ, ਜਿਹੜੀ ਭਗਤ ਸਿੰਘ ਦੀ ਸੋਚ 'ਤੇ ਚੱਲਣ ਦੀ ਗੱਲ ਤਾਂ ਆਖਦੀ ਹੈ, ਪਰ ਇਸ ਗੱਲ 'ਤੇ ਖਰੀ ਉਤਰਦੀ ਨਹੀਂ ਜਾਪਦੀ। ਸੰਜੇ ਵਾਲੀਆ ਤੇ ਸਮੂਹ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਫਿਰੋਜ਼ਪੁਰ ਦਾ ਤੂੜੀ ਬਜ਼ਾਰ ਵਾਲੇ ਭਗਤ ਸਿੰਘ ਤੇ ਹੋਰ ਕ੍ਰਾਂਤੀਕਾਰੀਆਂ ਦੇ ਠਿਕਾਣੇ ਨੂੰ ਮਿਊਜ਼ੀਅਮ ਤੇ ਲਾਇਬ੍ਰੇਰੀ ਵਜੋਂ ਤਬਦੀਲ ਕਰਕੇ ਯਾਦਗਾਰ ਵਜੋਂ ਸਰਕਾਰ ਸਾਂਭੇ। ਇਸ ਮੌਕੇ ਵਿਦਿਆਰਥੀਆਂ ਦੇ ਭਗਤ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਤ ਕਵਿਤਾਵਾਂ, ਗੀਤ ਮੁਕਾਬਲੇ ਵੀ ਹੋਏ। ਇਸ ਮੌਕੇ ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ ਦੇ ਬਲਦੇਵ ਸਿੰਘ, ਮੰਗਾ ਸਿੰਘ, ਪਾਲਾ ਸਿੰਘ, ਫ੍ਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ, ਜ਼ੋਨਲ ਇੰਚਾਰਜ ਰਾਮ ਸਿੰਘ ਮਿੱਢਾ, ਗੁਰਮੀਤ ਸਿੰਘ ਸੰਧੂ, ਜਗਪ੍ਰੀਤ ਛਾਬੜਾ, ਟੀ ਐੱਸ ਯੂ ਦੇ ਮੀਤ ਪ੍ਰਧਾਨ ਬਰਜਿੰਦਰ ਸ਼ਰਮਾ, ਪ੍ਰੇਮ ਸਿੰਘ, ਗੁਰਸੇਵਕ ਸਿੰਘ, ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਦੇ ਬਸੰਤ ਸਿੰਘ, ਮਨਿੰਦਰ ਸਿੰਘ, ਮਨਦੀਪ ਸਿੰਘ ਤੋਂ ਇਲਾਵਾ ਕਲੱਬ ਵੱਲੋਂ ਸੁਰਿੰਦਰ ਕੁਮਾਰ, ਡਾ. ਤਿਰਲੋਕ ਸਿੰਘ, ਜਵਾਲਾ ਪ੍ਰਤਾਪ ਸਿੰਘ ਵਾਲੀਆ, ਜਗਦੀਸ਼ ਜੋਸ਼ੀ, ਜਸਵੀਰ ਸਿੰਘ, ਭਾਨ ਚੰਦ, ਸੋਨੂੰ ਖੁੰਗਰ, ਭੱਪਾ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ।

**ਜ਼ੀਰਾ (ਨਰਿੰਦਰ ਅਨੇਜਾ)**-ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਸਕੂਲ ਪੱਧਰੀ ਵਿੱਦਿਅਕ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਿਰੋਜ਼ਪੁਰ ਚਮਕੌਰ ਸਿੰਘ ਸਰਾਂ ਦੀ ਦੇਖ-ਰੇਖ ਹੇਠ ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਕਰਵਾਏ ਗਏ। ਸਕੂਲ ਦੇ ਪ੍ਰਿੰਸੀਪਲ ਕਰਮਜੀਤ ਸਿੰਘ ਜੋਸਨ ਤੇ ਅਧਿਆਪਕਾਂ ਵੱਲੋਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਨੂੰ ਫੁੱਲ ਮਾਲਾ ਪਹਿਨਾ ਕੇ ਜਨਮ ਦਿਹਾੜਾ ਮਨਾਇਆ ਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਸਾਡੇ ਸਾਰਿਆਂ ਦੇ ਪ੍ਰੇਰਮਾ ਸਰੋਤ ਹਨ। ਸ਼ਹੀਦ ਭਗਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ, ਜਿਸ ਕਰਕੇ ਸਾਨੂੰ ਸਾਰਿਆਂ ਨੂੰ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ ਤਾਂ ਹੀ ਅਸੀਂ ਚੰਗੇ ਸਾਹਿਤ ਤੇ ਚੰਗੇ ਵਿਚਾਰਾਂ ਨਾਲ ਜੁੜ ਸਕਦੇ ਹਾਂ। ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸਕੂਲ ਪੱਧਰੀ ਵਿੱਦਿਅਕ ਮੁਕਾਬਲਿਆਂ ਵਿੱਚ ਸੁੰਦਰ ਲਿਖਾਈ, ਕਵਿਤਾ ਤੇ ਪੇਂਟਿੰਗ ਮੁਕਾਬਲੇ ਆਦਿ ਕਰਵਾਏ ਗਏ, ਜਿਸ ਵਿਚ ਵਿਦਿਆਰਥੀਆਂ 'ਚ ਭਾਰੀ ਉਤਸ਼ਾਹ ਵੇਖਿਆ ਗਿਆ। ਨਵੀਨ ਕੁਮਾਰ ਸਚਦੇਵਾ ਤੇ ਗੁਰਮੀਤ ਸਿੰਘ ਸੰਧੂ ਨੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚ ਜੱਜ ਦੀ ਭੂਮਿਕਾ ਅਜੇ ਮੈਡਮ ਕੁਲਵੰਤ ਕੌਰ ਨੇ ਬਾਖੂਬ ਨਿਭਾਈ। ਪ੍ਰਿੰਸੀਪਲ ਕਰਮਜੀਤ ਸਿੰਘ ਜੋਸਨ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹਾਜ਼ਰ ਅਧਿਆਪਕਾਂ ਵਿੱਚ ਗੁਰਸ਼ਾਮ ਸਿੰਘ, ਸੁਨੀਤਾ ਸਚਦੇਵਾ, ਮਮਤਾ ਪੁਰੀ, ਸੁਨੀਤਾ ਅਗਰਵਾਲ, ਮੈਡਮ ਰੀਚਾ, ਅਜੈ ਕੁਮਾਰ, ਅਮਰਜੀਤ ਸਿੰਘ ਸੰਧੂ, ਦਰਸ਼ਨ ਲਾਲ, ਮਾਨ ਸਿੰਘ, ਜਗਤਾਰ ਸਿੰਘ, ਸੰਦੀਪ ਕੌਰ ਆਦਿ ਹਾਜ਼ਰ ਸਨ।

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਥਾਨਕ ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ-ਦਿਨ ਬਹੁਤ ਹੀ ਉਤਸ਼ਾਹ ਤੇ ਪ੍ਰੇਰਣਾਦਾਇਕ ਢੰਗ ਨਾਲ ਮਨਾਇਆ ਗਿਆ। ਸੰਸਥਾ ਦੇ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਮੌਕੇ ਸੰਸਥਾ ਦੇ ਕੋਆਰਡੀਨੇਟਰਜ਼ ਤੇ ਸਮੂਹ ਅਧਿਆਪਕ ਸਾਹਿਬਾਨਾਂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸ੍ਰ. ਭਗਤ ਸਿੰਘ ਦੀ ਵਿਚਾਰਧਾਰਾ ਤੇ ਸੋਚ ਉੱਤੇ ਅਮਲ ਕਰਨ ਦੇ ਅਹਿਦ ਨਾਲ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਵੱਖ-ਵੱਖ ਅਧਿਆਪਕਾਂ ਨੇ ਸ੍ਰ. ਭਗਤ ਸਿੰਘ ਦੇ ਜੀਵਨ ਤੇ ਕੁਰਬਾਨੀਆਂ ਨੂੰ ਯਾਦ ਕਰਦਿਆਂ ਭਾਸ਼ਣ, ਕਵਿਤਾਵਾਂ, ਗੀਤ ਆਦਿ ਪੇਸ਼ ਕੀਤੇ। ਉਪਰੰਤ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਸ੍ਰ. ਭਗਤ ਸਿੰਘ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਕਿਹਾ ਕਿ ਸ. ਭਗਤ ਸਿੰਘ ਇੱਕ ਅਜਿਹਾ ਕ੍ਰਾਂਤੀਕਾਰੀ ਨਾਇਕ ਹੈ, ਜੋ ਆਪਣੀ ਸੋਚ ਤੇ ਵਿਚਾਰਧਾਰਾ ਨਾਲ ਅੱਜ ਵੀ ਸਾਡੇ ਮਨਾਂ ਅੰਦਰ ਜਿਉਂਦਾ ਹੈ। ਅੰਤ ਵਿੱਚ ਬਾਬਾ ਫਰੀਦ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸ੍ਰ. ਇੰਦਰਜੀਤ ਸਿੰਘ ਖਾਲਸਾ ਨੇ ਵੀ ਆਪਣੇ ਸੁਨੇਹੇ ਵਿੱਚ ਸ਼ਹੀਦੇ-ਆਜ਼ਮ ਸ੍ਰ. ਭਗਤ ਸਿੰਘ ਦੀ ਕੁਰਬਾਨੀ ਨੂੰ ਸਲਾਮ ਕਰਦਿਆਂ ਕਿਹਾ ਕਿ ਸਾਨੂੰ ਦੇਸ਼-ਭਗਤਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦੀ ਬੇਹੱਦ ਜ਼ਰੂਰਤ ਹੈ। ਦੇਸ਼ ਦੀ ਆਜ਼ਾਦੀ ਲਈ ਮਰ-ਮਿਟਣ ਵਾਲੇ ਅਜਿਹੇ ਦੇਸ਼-ਭਗਤ ਸਾਡੇ ਮਨਾਂ ਵਿੱਚ ਸਦਾ ਲਈ ਅਮਰ ਰਹਿਣਗੇ।

**ਮਾਨਸਾ (ਆਤਮਾ ਸਿੰਘ ਪਮਾਰ)**-ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਸੀ ਪੀ ਆਈ ਵੱਲੋਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੱਕ ਮਾਰਚ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜਵਾਦੀ ਭਾਰਤ ਸਿਰਜਣ ਤੱਕ ਜੱਦੋ ਜਹਿਦ ਜਾਰੀ ਰੱਖਣ ਦਾ ਸੰਕਲਪ ਲਿਆ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਆਗੂਆਂ ਕ੍ਰਿਸ਼ਨ ਚੌਹਾਨ ਤੇ ਐਡਵੋਕੇਟ ਕੁਲਵਿੰਦਰ ਉੱਡਤ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਭਾਰਤੀ ਇਨਕਲਾਬ ਦਾ ਚਿੰਨ੍ਹ ਬਣ ਚੁੱਕਿਆ ਹੈ ਤੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਮਜ਼ਦੂਰ ਵਿਰੋਧੀ ਕਾਨੂੰਨਾਂ ਖਿਲਾਫ ਅਸੈਂਬਲੀ 'ਚ ਬੰਬ ਧਮਾਕਾ ਕੀਤਾ ਸੀ, ਮੌਜੂਦਾ ਦੌਰ ਮਜ਼ਦੂਰਾਂ ਦੀ ਕਾਨੂੰਨਨ ਕੰਮ ਦਿਹਾੜੀ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਵਾਲੀ ਅਖੌਤੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਪ੍ਰਣਾਈ ਸਰਕਾਰ ਅਖਵਾਏ ਜਾਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਪੂੰਜੀਪਤੀਆਂ ਦੇ ਹਿੱਤਾਂ ਨੂੰ ਪੂਰਨ ਤੇ ਮਜ਼ਦੂਰ ਹੱਕਾਂ 'ਤੇ ਡਾਕੇ ਮਾਰਨ ਵਾਲੇ ਸ਼ਹੀਦ ਭਗਤ ਦੇ ਰਾਹਾਂ ਦੇ ਰਾਹੀ ਨਹੀਂ ਹੋ ਸਕਦੇ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਭਰ 'ਚ ਮੋਦੀ ਸਰਕਾਰ ਖਿਲਾਫ ਲੋਕ ਰੋਹ ਸ਼ੁੱਭ ਸੰਕੇਤ ਹੈ ਤੇ ਆਉਣ ਵਾਲੇ ਸਮੇਂ ਵਿੱਚ ਸ਼ਹੀਦ ਭਗਤ ਹੁਰਾਂ ਦੀ ਵਿਚਾਰਧਾਰਾ ਹੀ ਮੋਦੀ ਸਰਕਾਰ ਵੱਲੋਂ ਉਸਾਰੇ ਜਾ ਰਹੇ ਫਾਸ਼ੀਵਾਦੀ ਨਿਜਾਮ ਨੂੰ ਢਹਿ ਢੇਰੀ ਕਰਕੇ ਕਿਰਤੀ ਕਾਮਿਆਂ ਦੀ ਪ੍ਰੁੱਗਤ ਵਾਲੇ ਸਮਾਜ ਦੀ ਸਿਰਜਣਾ ਕਰ ਸਕਦੀ ਹੈ। ਇਸ ਮੌਕੇ ਸੀਤਾ ਰਾਮ ਗੋਬਿੰਦਪੁਰਾ, ਕਰਨੈਲ ਭੀਖੀ, ਰੂਪ ਭੀਖੀ, ਰਤਨ ਭੋਲਾ, ਵੇਦ ਪ੍ਰਕਾਸ਼, ਨਰੇਸ਼ ਬੁਰਜ ਹਰੀ, ਨਿਰਮਲ ਬੱਪੀਆਣਾ, ਕਾਲਾ ਖਾਂ ਭੰਮੇ, ਸਾਧੂ ਸਿੰਘ ਰਾਮਾ ਨੰਦੀ, ਸੁਖਦੇਵ ਮਾਨਸਾ, ਕਪੂਰ ਸਿੰਘ, ਬੂਟਾ ਖੀਵਾ, ਗੁਰਤੇਜ ਭੁਪਾਲ, ਮਨਦੀਪ ਭੋਲਾ ਆਦਿ ਆਗੂ ਹਾਜ਼ਰ ਸਨ।

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮਹਾਨ ਨਾਇਕ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦਾ 116ਵਾਂ ਜਨਮ ਦਿਨ ਸਰਵ ਭਾਰਤ ਨੌਜਵਾਨ ਸਭਾ ਦੇ ਪ੍ਰਧਾਨ ਅਰਵਿੰਦ ਕੁਮਾਰ ਸੋਨੂੰ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਸੀ ਪੀ ਆਈ ਦੇ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ ਤੇ ਅਰਵਿੰਦ ਕੁਮਾਰ ਸੋਨੂੰ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਡਾਂਗਾ ਸੋਟਿਆ ਤੇ ਨਸ਼ਿਆਂ ਨੂੰ ਤਿਆਗ ਕੇ ਸ਼ਹੀਦ ਭਗਤ ਸਿੰਘ ਦੇ ਪੂਰਨਿਆਂ 'ਤੇ ਚੱਲਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਚਾਹੁੰਦਾ ਸੀ ਬਰਾਬਰ ਦਾ ਸਮਾਜ ਹੋਵੇ, ਪਰ ਮੌਕੇ ਦੀਆਂ ਸਰਕਾਰਾਂ ਲੋਕਾਂ ਨੂੰ ਹੱਕ ਦੇਣ ਦੀ ਬਜਾਏ ਜਾਤ-ਪਾਤ ਤੇ ਹੋਰ ਛੋਟੇ-ਮੋਟੇ ਮਸਲਿਆਂ ਵਿੱਚ ਉਲਜਾਈ ਰੱਖਦੀਆਂ ਨੇ, ਤਾਂ ਜੋ ਆਪਣੇ ਮੁੱਦਿਆਂ ਬਾਰੇ ਲੋਕ ਜਾਗਰੂਕ ਨਾ ਹੋ ਜਾਣ। ਇਸ ਮੌਕੇ ਮੋਹਨ ਸਿੰਘ ਗੜ੍ਹੀ, ਬੇਟ ਹਰਦੀਪ ਸਿੰਘ, ਦੀਪਕ, ਸ਼ਿਵਇੰਦਰ ਸਿੰਘ ਸੈਣੀ, ਅਭਿਸ਼ੇਕ ਚੌਹਾਨ, ਪ੍ਰਾਂਸੂ ਗੁਲੇਰੀਆ, ਗੌਰਵ ਦੇਸਪਾਲ, ਰੋਹਿਤ ਖੁੱਲਰ, ਜਸਵੰਤ ਰਾਏ ਤੇ ਰੌਸ਼ਨ ਆਦਿ ਸ਼ਾਮਲ ਸਨ।

**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਕਿੰਡਰ ਗਾਰਡਨ ਦੇ ਵਿਦਿਆਰਥੀਆਂ ਵਿਚਕਾਰ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਛੋਟੇ ਛੋਟੇ ਬੱਚੇ ਭਗਤ ਸਿੰਘ ਦਾ ਰੂਪ ਬਣ ਕੇ ਆਏ ਇਨ੍ਹਾਂ ਵਿਦਿਆਰਥੀਆਂ ਵਿੱਚੋਂ ਵਧੇਰੇ ਜਾਣਕਾਰੀ ਰੱਖਣ ਵਾਲੇ ਵਿਦਿਆਰਥੀਆਂ 'ਚ ਹਰਅਵਨਜੀਤ ਸਿੰਘ ਪਹਿਲੇ, ਗੁਰਨਵ ਸਿੰਘ ਦੂਜੇ ਤੇ ਮਨਸੁੱਖ ਸਿੰਘ ਤੀਸਰੇ ਸਥਾਨ 'ਤੇ ਰਹੇ। ਇਸ ਦੇ ਨਾਲ ਹੀ ਰਣਜੋਧ ਸਿੰਘ ਨੂੰ ਵਿਸ਼ੇਸ਼ ਇਨਾਮ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਸ੍ਰ. ਭਗਤ ਸਿੰਘ ਨੇ ਛੋਟੀ ਉਮਰ ਵਿੱਚ ਹੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਬੀੜਾ ਚੁੱਕ ਲਿਆ ਸੀ, ਘਰ ਵਿੱਚੋਂ ਮਿਲੀ ਗੁੜਤੀ ਨੇ ਹੀ ਉਨ੍ਹਾਂ ਅੰਦਰ ਦੇਸ਼ ਉੱਤੋਂ ਕੁਰਬਾਨ ਹੋਣ ਦਾ ਜਜ਼ਬਾ ਭਰ ਦਿੱਤਾ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜਨਮ ਦਿਹਾੜੇ 'ਤੇ ਉਨ੍ਹਾਂ ਦੇ ਜੀਵਨ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਤਾਂ ਜੋ ਅੱਜ ਦੇ ਵਿਦਿਆਰਥੀਆਂ ਅੰਦਰ ਉਨ੍ਹਾਂ ਵਰਗਾ ਬਣਨ ਦੀ ਇੱਛਾ ਪੈਦਾ ਹੋ ਸਕੇ। ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰ. ਹਰਭਜਨ ਸਿੰਘ ਜੌਹਲ ਤੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਇਸ ਦਿਨ ਨੂੰ ਸ਼ੁੱਭ ਦਿਹਾੜਾ ਕਿਹਾ।

**ਮਾਨਸਾ (ਪਮਾਰ)**-ਸਰਕਾਰੀ ਮਿਡਲ ਸਕੂਲ ਉੱਡਤ ਸੈਦੇਵਾਲਾ ਵਿਖੇ ਸਮੂਹ ਸਟਾਫ ਤੇ ਵਿਦਿਆਰਥੀਆਂ, ਪਿੰਡ ਦੇ ਲੋਕਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਰੈਲੀ ਕੱਢੀ ਗਈ। ਇਸ ਮੌਕੇ ਇੱਕਤਰਤਾ ਨੂੰ ਸੰਬੋਧਨ ਕਰਦਿਆਂ ਸਕੂਲ ਮੁਖੀ ਧਰਮਿੰਦਰ ਸਿੰਘ ਹੀਰੇਵਾਲਾ ਨੇ ਸ਼ਹੀਦ ਭਗਤ ਸਿੰਘ ਦੇ ਨਕਸ਼ੇ ਕਦਮਾਂ 'ਤੇ ਚੱਲਣ ਦਾ ਹੋਕਾ ਦਿੱਤਾ। ਇਸ ਤੋਂ ਇਲਾਵਾ ਸਕੂਲੀ ਵਿਦਿਆਰਥੀਆਂ ਵਿੱਚੋਂ ਖੁਸ਼ਪ੍ਰੀਤ ਕੌਰ, ਜਸਪ੍ਰੀਤ ਕੌਰ, ਸੁਖਮਨ, ਖੁਸ਼ਪ੍ਰੀਤ, ਸਿਮਰਜੀਤ, ਸਗਨ ਤੇ ਹਰਮਨ ਨੇ ਸ਼ਹੀਦਾਂ ਨਾਲ ਸਬੰਧਤ ਗੀਤ, ਕਵਿਤਾਵਾਂ ਤੇ ਵਿਚਾਰ ਪੇਸ਼ ਕੀਤੇ। ਇਸੇ ਤਰ੍ਹਾਂ ਸਟਾਫ ਵਿੱਚੋਂ ਬਲਵਿੰਦਰ ਸਿੰਘ, ਨਿਤੇਸ਼ ਕੱਕੜ, ਗੁਰਪ੍ਰੀਤ ਸਿੰਘ, ਰਜਤ ਕੁਮਾਰ, ਮੈਡਮ ਚਰਨਜੀਤ ਕੌਰ ਤੇ ਸਕੂਲ ਚੇਅਰਮੈਨ ਸਰਬਜੀਤ ਸਿੰਘ ਨੇ ਵੀ ਵਿਚਾਰ ਸਾਂਝੇ ਕੀਤੇ।


ਸ੍ਰੀ ਮੁਕਤਸਰ ਸਾਹਿਬ


ਜ਼ੀਰਾ


ਫਰੀਦਕੋਟ


ਮਾਨਸਾ

## ਮਹਿੰਦਰ ਲਾਲ ਚੰਨੋ ਨਮਿੱਤ ਪਾਠ ਦਾ ਭੋਗ ਅੱਜ



**ਸਮਾਣਾ (ਇਕਬਾਲ ਸਿੰਘ ਬੱਲ)**-ਪਿਛਲੇ ਦਿਨੀਂ ਮਹਿੰਦਰ ਲਾਲ ਦੀ ਅਚਾਨਕ ਸਿਹਤ ਖਰਾਬ ਹੋਣ ਕਾਰਨ ਉਹ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਇਸ ਦੁੱਖ ਦੀ ਘੜੀ ਵਿੱਚ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ, ਸਾਬਕਾ ਐੱਮ ਐੱਲ ਏ ਜਗਤਾਰ ਸਿੰਘ ਰਾਜਲਾ, ਕਾਮਰੇਡ ਭੂਪ ਚੰਦ ਚੰਨੋ ਤੇ ਸਮੂਹ ਪੱਤਰਕਾਰ ਭਾਈਚਾਰੇ ਤੋਂ ਇਲਾਵਾ ਸਮਾਜਿਕ, ਧਾਰਮਿਕ ਤੇ ਰਾਜਨੀਤਕ ਲੀਡਰਾਂ ਵੱਲੋਂ ਉਨ੍ਹਾ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਹਿੰਦਰ ਲਾਲ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭਗ 29 ਸਤੰਬਰ ਨੂੰ ਦੁਪਹਿਰ 12.30 ਤੋਂ 2.00 ਵਜੇ ਸ਼ਿਵ ਮੰਦਰ ਭਵਾਨੀਗੜ੍ਹ-ਪਟਿਆਲਾ ਮੁੱਖ ਹਾਈਵੇ ਪਿੰਡ ਚੰਨੋਂ ਵਿਖੇ ਪਾਇਆ ਜਾਵੇਗਾ।

## ਕਿਸਾਨ ਜਥੇਬੰਦੀਆਂ ਵੱਲੋਂ ਤਿਨ ਰੋਜ਼ਾ ਰੇਲ ਰੋਕ ਧਰਨੇ ਸ਼ੁਰੂ

### ਮੋਗਾ ਜ਼ਿਲ੍ਹੇ 'ਚ ਤਿੰਨ ਥਾਵਾਂ 'ਤੇ ਰੇਲਾਂ ਰੋਕਣ ਲਈ ਲਾਏ ਧਰਨੇ



**ਮੋਗਾ (ਅਮਰਜੀਤ ਬੱਬਰੀ)**-19 ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਮੋਗਾ ਜ਼ਿਲ੍ਹੇ ਵਿੱਚ ਅਜੀਤਵਾਲ, ਮੋਗਾ ਤੇ ਡਗਰੂ ਵਿੱਚ ਰੇਲਾਂ ਜਾਮ ਕਰਨ ਲਈ ਕਿਸਾਨਾਂ ਨੇ ਡੇਰੇ ਲਾਏ। ਅਜੀਤਵਾਲ ਤੇ ਡਗਰੂ ਵਿੱਚ ਲਾਈਨਾਂ 'ਤੇ ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਤੇ ਮੋਗਾ ਸਟੇਸ਼ਨ 'ਤੇ ਬੀ ਕੇ ਯੂ ਬਰਹਮਕੇ ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ ਨੇ ਲਾਈਨਾਂ 'ਤੇ ਧਰਨੇ ਲਾ ਕੇ ਰੇਲਾਂ ਜਾਮ ਕੀਤੀਆਂ। ਡਗਰੂ ਵਿਖੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ, ਬਲਾਕ ਪ੍ਰਧਾਨ ਜਗਮੋਹਨ ਸਿੰਘ ਕੰਗ ਤੇ ਜਗਤਾਰ ਸਿੰਘ ਮਾਹਲਾ, ਅਜੀਤਵਾਲ ਵਿਖੇ ਬਲਾਕ ਸਕੱਤਰ ਸੰਦੀਪ ਸਿੰਘ ਚੂਹੜਚੱਕ, ਸਾਬਕਾ ਜ਼ਿਲ੍ਹਾ ਪ੍ਰਧਾਨ ਟਹਿਲ ਸਿੰਘ ਝੰਡੇਆਣਾ, ਮੋਗਾ ਵਿਖੇ ਬਲਵੰਤ ਸਿੰਘ ਬਰਹਮਕੇ ਤੇ ਗੁਰਦੇਵ ਸਿੰਘ ਸ਼ਾਹਵਾਲਾ ਕਰ ਰਹੇ ਸਨ। ਇਹ ਧਰਨੇ ਤਿੰਨ ਦਿਨ ਜਾਰੀ ਰਹਿਣਗੇ। ਇਨ੍ਹਾਂ ਮੰਗਾਂ 'ਤੇ ਪਿਛਲੇ ਢਾਈ ਮਹੀਨਿਆਂ ਤੋਂ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਜਥੇਬੰਦੀਆਂ ਨਾਲ ਪਿਛਲੇ ਸਮੇਂ ਸਰਕਾਰ ਨਾਲ ਗੱਲਬਾਤ ਬੇਸਿੱਟਾ ਰਹੀ ਸੀ, ਜਿਸ ਕਰਕੇ ਇਹ ਤਿੱਖਾ ਐਕਸ਼ਨ ਕਰਨਾ ਪਿਆ।

ਸਾਰੇ ਧਰਨਿਆਂ ਵਿੱਚ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਨਾਲ ਫਸਲਾਂ ਦੇ ਨੁਕਸਾਨ ਲਈ ਪੰਜਾਹ ਹਜ਼ਾਰ ਪ੍ਰਤੀ ਕਿੱਲਾ, ਪਸ਼ੂ ਧਨ ਦੇ ਨੁਕਸਾਨ ਲਈ ਇੱਕ ਲੱਖ, ਢੱਠੇ ਮਕਾਨ ਲਈ ਪੰਜ ਲੱਖ, ਜਾਨੀ ਨੁਕਸਾਨ ਲਈ ਦਸ ਲੱਖ ਸਰਕਾਰ ਦੇਵੇ। ਕੇਂਦਰ ਸਰਕਾਰ 50 ਹਜ਼ਾਰ ਲੱਖ ਰੁਪੈ ਹੜ੍ਹ ਪੀੜਤਾਂ ਲਈ ਜਾਰੀ ਕਰੇ। ਇਸ ਤੋਂ ਇਲਾਵਾ ਖੇਤਾਂ ਨੂੰ ਮੁੜ ਬੀਜਣਯੋਗ ਬਣਾਵੇ, ਬੋਰ ਜੋ ਪਾਣੀ ਨਾਲ ਖਰਾਬ ਹੋਏ ਹਨ, ਸਰਕਾਰ ਠੀਕ ਕਰਾਵੇ। ਖੇਤਾਂ ਵਿੱਚ ਜੋ ਰੇਤ ਭਰ ਗਈ, ਕਿਸਾਨ ਨੂੰ ਮਾਈਨਿੰਗ ਦੀ ਇਜਾਜ਼ਤ ਦੇਵੇ। ਭਗਵੰਤ ਮਾਨ ਸਰਕਾਰ ਨੇ ਸਿਰਫ ਝੋਨੇ ਦੀ ਲਵਾਈ ਦੇ 6800 ਰੁਪੈ ਦੇ ਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਫਸਲਾਂ 'ਤੇ ਘੱਟੋ ਘੱਟ ਸਮਰਥਨ ਮੁੱਲ (ਐੱਮਪੀਐੱਸ) ਦੀ ਕੇਂਦਰ ਸਰਕਾਰ ਗਰੰਟੀ ਕਰੇ। ਲਖੀਮਪੁਰ ਖੀਰੀ ਦੇ ਸ਼ਹੀਦ ਪਰਿਵਾਰਾਂ ਨੂੰ ਕਾਤਲਾਂ ਨੂੰ ਯੂ ਪੀ ਸਰਕਾਰ ਸਖਤ ਸਜ਼ਾਵਾਂ ਦੇ ਕੇ ਇਨਸਾਫ ਦੇਵੇ। ਕਾਤਲ ਨੂੰ ਜ਼ਮਾਨਤ ਦੇਣ ਦੀ ਵੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦਿੱਲੀ ਅੰਦੋਲਨ ਦੇ ਸ਼ਹੀਦ ਪਰਿਵਾਰਾਂ ਨੂੰ ਸਾਰੇ ਥਾਵਾਂ ਤੇ ਪੰਜ ਲੱਖ ਆਰਥਿਕ ਸਹਾਇਤਾ ਤੇ ਇੱਕ ਪਰਿਵਾਰ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ। ਦਿੱਲੀ ਅੰਦੋਲਨ ਦੇ ਸਾਰੇ ਪੁਲਸ ਕੇਸ ਖਾਰਜ ਕੀਤੇ ਜਾਣ। ਤਿੰਨਾਂ ਧਰਨਿਆਂ 'ਤੇ ਕਿਸਾਨਾਂ ਵਿੱਚ ਪੂਰਾ ਜੋਸ਼ ਹੈ। ਸਰਕਾਰ ਮੰਗਾਂ ਦਾ ਜਲਦੀ ਨਿਪਟਾਰਾ ਕਰੇ।

## ਪੰਜਾਬ ਇਸਤਰੀ ਸਭਾ ਵੱਲੋਂ ਔਰਤਾਂ ਦਾ ਰਾਖਵਾਂਕਰਨ ਕਾਨੂੰਨ ਤੁਰੰਤ ਲਾਗੂ ਕਰਨ ਦੀ ਮੰਗ



### *7-8 ਨੂੰ ਜਲੰਧਰ 'ਚ ਹੋਵੇਗੀ ਸੂਬਾ ਕਾਨਫਰੰਸ*

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਇਸਤਰੀ ਸਭਾ ਜ਼ਿਲ੍ਹਾ ਫਰੀਦਕੋਟ ਦੀ ਇੱਕ ਵਿਸ਼ੇਸ਼ ਮੀਟਿੰਗ ਬੀਬੀ ਮਨਜੀਤ ਕੌਰ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਹੋਈ।

ਜਥੇਬੰਦੀ ਦੀ ਜਨਰਲ ਸਕੱਤਰ ਸ਼ਸ਼ੀ ਸ਼ਰਮਾ, ਸਰਪ੍ਰਸਤ ਸ਼ੀਲਾ ਮਨਚੰਦਾ, ਸ਼ਹਿਰੀ ਬ੍ਰਾਂਚ ਦੀ ਪ੍ਰਧਾਨ ਆਸ਼ਾ ਚੌਧਰੀ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਔਰਤਾਂ ਲਈ ਲੋਕ ਸਭਾ ਤੇ ਰਾਜ ਵਿਧਾਨ ਸਭਾਵਾਂ ਵਿੱਚ 33 ਫੀਸਦੀ ਰਾਖਵਾਂਕਰਨ ਦਾ ਬਿਲ ਪਾਸ ਹੋਣ ਦਾ ਸਵਾਗਤ ਕਰਦੇ ਹੋਏ ਇਸ ਨੂੰ 2024 ਦੀਆਂ ਆ ਰਹੀਆਂ ਚੋਣਾਂ ਵਿੱਚ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ 7-8 ਅਕਤੂਬਰ ਦੀ ਸੂਬਾ ਕਾਨਫਰੰਸ ਦੇ ਮਹੱਤਵ ਬਾਰੇ ਦੱਸਿਆ। ਮੀਟਿੰਗ 'ਚ ਸੂਬਾ ਕਾਨਫਰੰਸ ਲਈ 8 ਡੈਲੀਗੇਟ ਤੇ ਦੋ ਬਦਲਵੇਂ ਡੈਲੀਗੇਟ/ਦਰਸ਼ਕਾਂ ਦੀ ਸੂਚੀ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਪੈਨਸ਼ਨਰ ਆਗੂ ਅਸ਼ੋਕ ਕੌਸ਼ਲ ਨੇ ਸ੍ਰ. ਭਗਤ ਸਿੰਘ ਦੇ 116ਵੇਂ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਮੌਜੂਦਾ ਹਾਲਾਤ ਵਿੱਚ ਉਨ੍ਹਾਂ ਦੀ ਸੋਚ ਨੂੰ ਬਚਾਉਣ ਲਈ ਕੰਮ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਮੈਡਮ ਊਸ਼ਾ ਤਨੇਜਾ, ਰੁਪਿੰਦਰ ਕੌਰ, ਰੋਮਾ ਰਾਣੀ, ਪੂਨਮ ਤੇ ਮਨਪ੍ਰੀਤ ਕੌਰ ਹਾਜ਼ਰ ਸਨ।

## ਝੋਨੇ ਦੀ ਫ਼ਸਲ ਲਈ ਸਰਕਾਰੀ ਮਾਪਦੰਡ ਕਿਸਾਨ ਮਾਰੂ : ਭਾਰਤੀ ਕਿਸਾਨ ਯੂਨੀਅਨ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)** ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਮੀਟਿੰਗ ਗੁਰਦੁਆਰਾ ਬਾਬਾ ਪੂਰਨ ਸਿੰਘ ਵਿਖੇ ਤਹਿਸੀਲ ਦੇ ਪ੍ਰਧਾਨ ਸੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਾਰਜ ਸਿੰਘ ਬਹਿਰਾਮਕ ਜਨਰਲ ਸਕੱਤਰ ਪੰਜਾਬ, ਸੂਰਤ ਸਿੰਘ ਐਗਜੈਕਟਿਵ ਕਮੇਟੀ ਪੰਜਾਬ ਉਚੇਚੇ ਤੌਰ 'ਤੇ ਹਾਜ਼ਰ ਹੋਏ।

ਪ੍ਰਧਾਨ ਨੇ ਦੱਸਿਆ ਕਿ ਕੇਂਦਰ ਸਰਕਾਰ ਜੋ ਝੋਨੇ ਦੇ ਨਵੇਂ ਮਾਪਦੰਡ ਲਿਆ ਰਹੀ ਹੈ, ਉਹ ਕਿਸਾਨਾਂ ਲਈ ਮਾਰ ਸਾਬਤ ਹੋ ਰਹੇ ਹਨ। ਕੇਂਦਰ ਸਰਕਾਰ ਤਿੰਨ ਕਾਲੇ ਕਾਨੂੰਨਾਂ ਨੂੰ ਅੰਦਰਖਾਤੇ ਲਾਗੂ ਕਰ ਰਹੀ ਹੈ, ਕਿਸਾਨ ਕਦੇ ਵੀ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਝੋਨੇ ਦੀ ਫ਼ਸਲ ਜੋ 15 ਦਿਨ ਤੱਕ ਮੰਡੀਆਂ ਵਿੱਚ ਆਉਣੀ ਸ਼ੁਰੂ ਹੋ ਜਾਵੇਗੀ ਤੇ ਮਾਰਕੀਟ ਕਮੇਟੀਆਂ ਮੰਡੀਆ ਸਬੰਧੀ ਆਪਣੇ ਕੰਮ ਸ਼ੁਰੂ ਕਰਨ, ਜਿਵੇਂ ਕਿ ਮੰਡੀਆਂ ਦੀ ਸਾਫ-ਸਫਾਈ ਪਾਣੀ ਦਾ ਪ੍ਰਬੰਧ, ਬਾਥਰੂਮ ਟਾਈਟਲ, ਬਾਰਦਾਨਾ ਝੋਨੇ ਦੀ ਤੁਲਾਈ ਦਾ ਪ੍ਰਬੰਧ ਕੀਤਾ ਜਾਵੇ।

ਇਸ ਮੌਕੇ ਨਿਸ਼ਾਨ ਸਿੰਘ, ਰਾਮਗੜ੍ਹ, ਚਮਕੌਰ ਸਿੰਘ ਬੱਡੂਵਾਲ, ਦਲਜੀਤ ਸਿੰਘ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਵਿਰਕ, ਲਖਵੀਰ ਸਿੰਘ ਅਟਾਰੀ, ਕਸ਼ਮੀਰ ਸਿੰਘ ਘਲੋਟੀ, ਹਰਦਿਆਲ ਸਿੰਘ, ਸਰਪੰਚ ਸਾਹਵਾਲਾ, ਜੋਗਿੰਦਰ ਸਿੰਘ ਸੰਧੂ ਮੁੰਡੀ ਜਮਾਲ, ਬੀਰਇੰਦਰਜੀਤ ਸਿੰਘ ਪੇਸ ਸਕੱਤਰ, ਨਿੱਕਾ ਰੋਲੀ ਤੇ ਜਗਰੂਪ ਗੋਲੀ ਆਦਿ ਹਾਜ਼ਰ ਸਨ।



## ਕੱਚੇ ਤੇ ਪੱਕੇ ਚੌਥਾ ਦਰਜਾ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਸਹਿਮਤੀ ਬਣੀ : ਦਰਸ਼ਨ ਲੁਬਾਣਾ, ਰਣਜੀਤ ਰਾਣਵਾਂ



**ਪਟਿਆਲਾ (ਪੱਤਰ ਪ੍ਰੇਰਕ)** ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਸਰਕਾਰੀ ਕਾਲਜਾਂ ਤੇ ਸਕੂਲਜ਼ ਵਿਚਲੇ ਵੱਖ-ਵੱਖ ਵਰਗਾਂ ਦੇ ਅਮਲਾ ਕੱਚੇ ਤੇ ਪੱਕੇ ਚੌਥਾ ਦਰਜਾ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਡਾਇਰੈਕਟਰ ਸਕੂਲ ਸਿੱਖਿਆ ਪੰਜਾਬ ਸ੍ਰੀ ਸੰਜੀਵ ਸ਼ਰਮਾ, ਪੀ.ਸੀ.ਐਸ. ਤੇ ਡਾਇਰੈਕਟਰ (ਕਾਲਜਾਂ) ਪੰਜਾਬ ਸ੍ਰੀ ਪਰਮਜੀਤ ਸਿੰਘ ਜੀ ਪੀ.ਸੀ.ਐਸ. ਨਾਲ ਯੂਨੀਅਨ ਵੱਲੋਂ ਮੀਟਿੰਗਾਂ ਕਰਕੇ ਕਈ ਮੰਗਾਂ 'ਤੇ ਸਹਿਮਤੀ ਬਣੀ, ਜਿਸ ਵਿੱਚ ਸਰਕਾਰੀ ਕਾਲਜਾਂ ਵਿਚਲੇ ਵੱਖ-ਵੱਖ ਵਰਗਾਂ ਤੇ ਸਕੀਮਾਂ ਅਧੀਨ ਕੰਮ ਕਰ ਰਹੇ ਕੱਚੇ ਕਰਮੀਆਂ ਨੂੰ ਰੈਗੂਲਰ ਕਰਨ ਲਈ ਸੂਚੀਆਂ, ਕਾਲਜ ਮੁਖੀਆਂ ਤੋਂ ਮੁੜ ਯਾਦ ਪੱਤਰ ਭੇਜ ਕੇ ਮੰਗੀਆਂ ਜਾਣਗੀਆਂ ਤੇ ਕਰਮੀ ਵੀ ਸਿੱਧੇ ਤੌਰ 'ਤੇ ਸਰਕਾਰ ਦੇ ਪੋਰਟਲ 'ਤੇ ਭੇਜਣ ਤੇ ਸਹਿਮਤੀ ਹੋਈ ਹੈ।

ਕਾਲਜਾਂ ਵਿੱਚ ਚੌਥਾ ਦਰਜਾ ਕ੍ਰਮਚਾਰੀਆਂ ਸਮੇਤ ਚੌਕੀਦਾਰਾਂ, ਸਫ਼ਾਈ ਸੇਵਕਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇਗਾ, ਅਗਲੇ ਅਹੁਦੇ 'ਤੇ ਅਡਜਸਟਮੈਂਟ ਕੀਤੀ ਜਾਵੇਗੀ, ਵਰਦੀਆਂ ਦਿੱਤੀਆਂ ਜਾਣਗੀਆਂ, ਬਰੇਕਾਂ ਬੰਦ ਕੀਤੀਆਂ ਜਾਣਗੀਆਂ ਤੇ ਕੋਵਿਡ ਸਮੇਂ ਕੱਚੇ ਕਰਮੀਆਂ ਦੀਆਂ ਕੱਟੀਆਂ ਤਨਖਾਹਾਂ ਜਾਰੀ ਕੀਤੇ ਜਾਣਗੀਆਂ 'ਤੇ ਵੀ ਸਹਿਮਤੀ ਹੋਈ, ਆਦਿ ਮੁੱਦੇ ਸ਼ਾਮਲ ਸਨ। ਇਸ ਤਰ੍ਹਾਂ ਸਕੂਲਜ਼ ਸਿੱਖਿਆ ਵਿਭਾਗ ਲਾਲ ਹੋਈ ਗੱਲਬਾਤ ਵਿੱਚ ਸਕੂਲਾਂ 'ਚ ਲੰਮੇ ਸਮੇਂ ਤੋਂ ਕੰਮ ਕਰਦੇ ਪਾਰਟ ਟਾਇਮ ਕਰਮੀਆਂ ਦੀਆਂ ਸੇਵਾਵਾਂ ਦੀਆਂ ਨਿਯਮਤ ਨਿਯੁਕਤੀਆਂ ਕੀਤੀਆਂ ਜਾਣਗੀਆਂ। ਯੋਗਤਾ ਰੱਖਦੇ ਚੌਥਾ ਦਰਜਾ ਕ੍ਰਮਚਾਰੀਆਂ ਦੀਆਂ ਪਦ ਉਨਤੀਆਂ ਕੀਤੀਆਂ ਜਾਣਗੀਆਂ, ਲੰਮੇ ਸਮੇਂ ਤੋਂ ਗਰਮ ਤੇ ਠੰਡੀਆਂ ਵਰਦੀਆਂ ਜੋ ਨਹੀਂ ਦਿੱਤੀਆਂ ਜਾ ਰਹੀਆਂ, ਵਰਦੀਆਂ ਦੇਣ ਦਾ ਪ੍ਰਬੰਧ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਆਦੇਸ਼ ਕੀਤੇ ਜਾਣਗੇ, ਮਿਡ ਡੇਅ ਮੀਲ ਕਰਮੀਆਂ ਨੂੰ ਘੱਟੋ ਘੱਟ ਉਜਰਤਾਂ ਦੇ ਘੇਰੇ ਵਿੱਚ ਲਿਆਉਣ ਤੇ ਹੋਰ ਬਣਦੀਆਂ ਸਹੂਲਤਾਂ ਦੇਣ 'ਤੇ ਵੀ ਸਹਿਮਤੀ ਹੋਈ, ਇਸ ਤਰ੍ਹਾਂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਲੋਂ ਜਾਰੀ ਪੱਤਰ ਮਿਤੀ 11 ਸਤੰਬਰ, ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਵੱਲੋਂ ਸਫ਼ਾਈ ਸੇਵਕ 3000/ ਰੁਪਏ ਤੇ ਚੌਕੀਦਾਰ 5000/ 'ਤੇ ਰੱਖਣ ਦੇ ਫੈਸਲੇ ਅਤੇ ਘੱਟੋ ਘੱਟ ਉਜਰਤਾਂ 'ਤੇ ਰੱਖਣ ਲਈ ਮੁੜ ਨਜ਼ਰਸਾਨੀ ਕਰਨ ਲਈ ਕੇਸ ਸਰਕਾਰ ਨੂੰ ਭੇਜਣ ਤੇ ਸਹਿਮਤੀ ਪ੍ਰਗਟ ਹੋਈ।

ਆਗੂਆਂ ਨੇ ਕਿਹਾ ਕਿ 2 ਅਕਤੂਬਰ ਨੂੰ ਕੱਚੇ ਤੇ ਪੱਕੇ ਦਰਜਾ ਮੁਲਾਜ਼ਮਾਂ ਵੱਲੋਂ ਜਲ ਸਰੋਤ ਮੰਤਰੀ ਦੇ ਵਿਧਾਨ ਸਭਾ ਹਲਕਾ ਬਰਨਾਲਾ ਵਿਖੇ ਵਿਭਾਗ ਦੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤੇ ਸਰਕਾਰ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਰੈਲੀ ਤੇ ਸ਼ਹਿਰ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ ਤੇ 5 ਅਕਤੂਬਰ ਤੋਂ ਸਰਕਾਰ ਵਿਰੁੱਧ ਤੇ ਵੱਖ-ਵੱਖ ਵਿਭਾਗਾਂ ਸਮੇਤ ਸੂਬੇ ਭਰ ਵਿੱਚ ਰੈਲੀਆਂ ਝੰਡੇ ਮਾਰਚ ਕਰਕੇ ਮੰਗ ਪੰਦਰਵਾੜਾ ਮਨਾਇਆ ਜਾਵੇਗਾ ਤੇ ਮਿਤੀ 14 ਅਕਤੂਬਰ ਦੀ ਚੰਡੀਗੜ੍ਹ ਸਾਂਝੀ ਰੈਲੀ ਵਿੱਚ ਵੱਡੀ ਗਿਣਤੀ 'ਚ ਸ਼ਾਮਲ ਹੋਇਆ ਜਾਵੇਗਾ।

## ਪੰਜਾਬ ਸਰਕਾਰ ਨੂੰ ਲਾਰੇ ਲਾਉਣ ਦੀ ਥਾਂ ਮੰਗਾਂ ਦੇ ਤੁਰੰਤ ਨਿਪਟਾਰੇ ਲਈ ਕਿਹਾ





**ਕੋਟਕਪੂਰਾ, (ਰਛਪਾਲ ਭੁੱਲਰ)**-ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਤੇ ਐਡੀਸਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੀਆਂ ਬਹੁਤ ਸਾਰੀਆਂ ਮੁਲਾਜ਼ਮ, ਪੈਨਸ਼ਨਰ, ਕਿਸਾਨ, ਮਜ਼ਦੂਰ ਤੇ ਅਨੇਕਾਂ ਹੋਰ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ ਆਪਣੀਆਂ ਹੱਕੀ ਅਤੇ ਲਮਕ ਅਵਸਥਾ ਵਿੱਚ ਪਈਆਂ ਮੰਗਾਂ ਦੇ ਨਿਪਟਾਰੇ ਲਈ ਅਤੇ ਆਮ ਆਦਮੀ ਪਾਰਟੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਾਉਣ ਲਈ ਹਰ ਰੋਜ਼ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਆਪਣੇ-ਆਪਣੇ ਮੰਗ ਪੱਤਰ ਜਮਹੂਰੀ ਢੰਗ ਤਰੀਕਾ ਅਪਣਾਉਂਦੇ ਹੋਏ ਤਹਿਸੀਲ, ਜ਼ਿਲ੍ਹਾ ਪ੍ਰਸ਼ਾਸਨ ਰਾਹੀਂ, ਐਮ ਐਲ ਏ ਤੇ ਮੰਤਰੀਆਂ ਰਾਹੀਂ ਦਿੱਤੇ ਜਾ ਰਹੇ ਹਨ ਤੇ ਬਹੁਤ ਸਾਰੇ ਲੋਕ ਹਰ ਰੋਜ਼ ਰਜਿਸਟਰਡ ਪੱਤਰਾਂ ਤੇ ਈ ਮੇਲ ਰਾਹੀਂ ਸਿੱਧੇ ਤੌਰ 'ਤੇ ਇਹ ਮੰਗ ਪੱਤਰ ਭੇਜ ਵੀ ਰਹੇ ਹਨ। ਆਗੂਆਂ ਨੇ ਅੱਗੇ ਦੱਸਿਆ ਕਿ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਸਾਂਝੀਆਂ ਮੰਗਾਂ ਜਿਵੇਂ ਕਿ ਸਮੂਹ ਵਿਭਾਗਾਂ ਦੇ ਕੱਚੇ ਮੁਲਾਜ਼ਮਾਂ ਨੂੰ ਅਮਲੀ ਰੂਪ ਵਿੱਚ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕਰਨਾ, ਸਿੱਧੀ ਭਰਤੀ ਪੂਰੇ ਤਨਖਾਹ ਸਕੇਲਾਂ ਤੇ ਭੱਤਿਆਂ ਸਮੇਤ ਕਰਨਾ, ਆਊਟ ਸੋਰਸ ਸਕੀਮ ਅਧੀਨ ਸਿੱਖਿਆ ਅਤੇ ਕਈ ਹੋਰ ਵਿਭਾਗਾਂ ਵਿੱਚ ਕੀਤੀ ਜਾ ਰਹੀ ਭਰਤੀ ਤੁਰੰਤ ਬੰਦ ਕਰਕੇ ਵਿਭਾਗਾਂ ਦੁਆਰਾ ਸਿੱਧੀ ਤੇ ਰੈਗੂਲਰ ਭਰਤੀ ਸ਼ੁਰੂ ਕਰਨਾ ਅਤੇ ਪਹਿਲਾਂ ਰੁਜ਼ਗਾਰ 'ਤੇ ਲੱਗੇ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਐਡਜਸਟ ਕਰਨਾ, ਪਰਖਕਾਲ ਦੇ ਸਮੇਂ ਦੌਰਾਨ ਪੂਰੀ ਤਨਖਾਹ ਦੇਣ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਫੈਸਲਾ ਤੁਰੰਤ ਲਾਗੂ ਕਰਨਾ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਤੇ ਮਿਡ ਡੇਅ ਮੀਲ ਵਰਕਰਾਂ ਆਦਿ ਸਕੀਮ ਵਰਕਰਾਂ ਲਈ ਘੱਟੋ ਘੱਟ 26000 ਰੁਪਏ ਉਜਰਤਾਂ ਦੇਣਾ, ਪੁਰਾਣੀ ਪੈਨਸ਼ਨ ਸਕੀਮ ਨੂੰ ਅਮਲੀ ਰੂਪ ਵਿੱਚ ਬਹਾਲ ਕਰਕੇ ਸਾਰੇ ਸਬੰਧਤ ਮੁਲਾਜ਼ਮਾਂ ਦੀ ਤੁਰੰਤ ਜੀ ਪੀ ਐੱਫ ਕਟੌਤੀ ਸ਼ੁਰੂ ਕਰਨਾ, ਸਾਰੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ੀ 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਸੋਧਿਆ ਹੋਇਆ ਤਨਖਾਹਾਂ ਤੇ ਲੀਵ ਇੰਨਕੈਸਮੈਂਟ ਦਾ ਬਕਾਇਆ ਜਾਰੀ ਕਰਨਾ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਕਰਨਾ, ਮਹਿੰਗਾਈ ਭੱਤੇ ਦੀਆਂ 34 ਤੋਂ 42 ਫੀਸਦੀ ਦੀਆਂ ਦੋਹਵੇਂ ਬਕਾਇਆ ਕਿਸ਼ਤਾਂ ਤੁਰੰਤ ਜਾਰੀ ਕਰਨਾ, ਪੇਂਡੂ ਭੱਤੇ ਤੇ ਬਾਰਡਰ ਏਰੀਆ ਭੱਤੇ ਸਮੇਤ ਪਿਛਲੀ ਕਾਂਗਰਸ ਸਰਕਾਰ ਵੱਲੋਂ ਕੱਟੇ ਗਏ 37 ਭੱਤੇ ਤੁਰੰਤ ਬਹਾਲ ਕਰਨਾ, ਪਿਕਟਸ ਅਧੀਨ ਕੰਮ ਕਰਦੇ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਐਡਜਸਟ ਕਰਨਾ ਆਦਿ ਬਹੁਤ ਸਾਰੀਆਂ ਲਮਕ ਅਵਸਥਾ ਵਿੱਚ ਪਈਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਲਈ ਮੰਗ ਪੱਤਰ ਤੇ ਯਾਦ ਪੱਤਰ ਭੇਜੇ ਜਾ ਰਹੇ ਹਨ। ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਨਾਂਅ ਵੱਖ ਵੱਖ ਮਿਤੀਆਂ ਨੂੰ ਭੇਜੇ ਗਏ ਮੰਗ ਪੱਤਰਾਂ ਦਾ ਦੇਣਾ ਯੋਗ ਨਹੀਂ ਸਮਝਿਆ ਗਿਆ।

## ਪ੍ਰਧਾਨ ਰਾਕੇਸ਼ ਕੁਮਾਰ ਗਰਗ ਨੇ ਸਕੂਲ ਨੂੰ ਐੱਲ ਈ ਡੀ ਕੀਤੀ ਦਾਨ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਰਵਹਿਤਕਾਰੀ ਵਿੱਦਿਆ ਮੰਦਰ ਸਕੂਲ ਅਮਲੋਹ ਦੇ ਪ੍ਰਧਾਨ ਰਾਕੇਸ਼ ਕੁਮਾਰ ਗਰਗ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਸ਼ਹੀਦ ਭਗਤ ਸਿੰਘ ਸੰਸਕਾਰ ਕੇਂਦਰ ਭੱਦਲਥੂਹਾ ਅਮਲੋਹ ਵਿਖੇ ਦੇਸ਼ ਦੇ ਮਹਾਨ ਸਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ। ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਦੇਸ਼ ਭਗਤੀ ਦਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮੇਂ ਸਕੂਲ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਦੇਸ਼ ਦੇ ਹਿਤ ਵਿੱਚ ਚੰਗੀ ਸਿੱਖਿਆ ਦੇਣੀ ਚਾਹੀਦੀ ਹੈ, ਚਾਹੇ ਅਸੀਂ ਕੋਈ ਵਪਾਰ, ਨੌਕਰੀ, ਖੇਤੀ ਤੇ ਕੋਈ ਸਰੀਰਕ ਮਿਹਨਤ ਕਰੀਏ, ਸਾਨੂੰ ਸਾਰਿਆਂ ਨੂੰ ਦੇਸ਼ ਭਗਤੀ ਵਿੱਚ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ, ਜੋ ਪੜ੍ਹਾਈ ਵਿੱਚ ਸਾਡੇ ਤੋਂ ਪੱਛੜ ਰਹੇ ਹਨ ਤਾਂ ਕਿ ਉਹ ਅੱਗੇ ਵਧ ਕੇ ਕਿਸੇ ਹੋਰ ਦੀ ਮਦਦ ਕਰਨ ਦੇ ਯੋਗ ਬਣ ਜਾਣ। ਇਸ ਮੌਕੇ ਸਕੂਲ ਪ੍ਰਧਾਨ ਰਾਕੇਸ਼ ਕੁਮਾਰ ਗਰਗ ਨੇ ਆਪਣੀ ਤਰਫੋਂ ਨੂੰ 55 ਇੰਚ ਦੀ ਐੱਲ.ਈ.ਡੀ. ਦਾਨ ਕੀਤੀ। ਇਸ ਮੌਕੇ ਸਕੂਲ ਪ੍ਰਬੰਧਕ ਮਨੀਸ਼ ਗੋਇਲ, ਸੀਨੀਅਰ ਮੈਂਬਰ ਸ਼ਿਵ ਕੁਮਾਰ ਗਰਗ, ਕੈਸ਼ੀਅਰ ਮੋਹਿਤ ਬਾਂਸਲ, ਸ਼ਿਵ ਕੁਮਾਰ ਗੋਇਲ, ਡਾ. ਬਲਿੰਦਰ ਸਿੰਘ ਅਰੋੜਾ, ਗੁਰਮੀਤ ਸਿੰਘ ਮਿੰਟੂ ਅਰੋੜਾ, ਸਕੂਲ ਦੇ ਪ੍ਰਿੰਸੀਪਲ ਭਾਵਨਾ ਗਰਗ, ਅਚਾਰੀਆ ਮਨਪ੍ਰੀਤ ਸਿੰਘ, ਅਚਾਰੀਆ ਦੀਦੀ ਹਰਜਿੰਦਰ ਕੌਰ, ਨੇਹਾ ਤੇ ਆਂਚਲ ਗਰਗ ਆਦਿ ਹਾਜ਼ਰ ਸਨ।

# ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਲਈ ਨੌਜਵਾਨ, ਵਿਦਿਆਰਥੀ ਅੱਗੇ ਆਉਣ : ਛੱਪੜੀਵਾਲਾ, ਢਾਬਾਂ

## ਜਲਾਲਾਬਾਦ ਤੋਂ ਸੈਂਕੜਿਆਂ ਦੀ ਗਿਣਤੀ 'ਚ ਬਨੇਗਾ ਵਲੰਟੀਅਰ ਜਲੰਧਰ ਪੁੱਜੇ



**ਜਲਾਲਾਬਾਦ (ਜੀਤ ਕੁਮਾਰ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਵੀਰਵਾਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪਰਮਗੁਣੀ ਭਗਤ ਸਿੰਘ ਦੇ 117 ਸਾਲਾ ਜਨਮ ਦਿਨ ਮੌਕੇ ਕੀਤੇ ਜਾ ਰਹੇ ਵਲੰਟੀਅਰ ਸੰਮੇਲਨ ਤੇ ਮਾਰਚ 'ਚ ਸ਼ਾਮਲ ਹੋਣ ਲਈ ਸੈਂਕੜਿਆਂ ਦੀ ਗਿਣਤੀ 'ਚ ਨੌਜਵਾਨ-ਵਿਦਿਆਰਥੀ (ਲੜਕੇ-ਲੜਕੀਆਂ) ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਛੱਪੜੀਵਾਲਾ ਤੇ ਜ਼ਿਲ੍ਹਾ ਆਗੂ ਨਰਿੰਦਰ ਢਾਬਾਂ ਦੀ ਅਗਵਾਈ 'ਚ ਸੁਤੰਤਰ ਭਵਨ ਜਲਾਲਾਬਾਦ ਤੋਂ ਜਲੰਧਰ ਲਈ ਰਵਾਨਾ ਹੋਏ। ਇਸ ਮੌਕੇ ਗੱਲਬਾਤ ਕਰਦਿਆਂ ਉਪਰੋਕਤ ਆਗੂਆਂ ਨੇ ਦੱਸਿਆ ਕਿ ਸਾਡੀਆਂ ਜਥੇਬੰਦੀਆਂ ਵੱਲੋਂ ਪਰਮਗੁਣੀ ਭਗਤ ਸਿੰਘ ਦਾ ਜਨਮ ਮਨਾਉਣ ਦੀ ਪਿਰਤ ਪਾਈ ਗਈ ਸੀ, ਜੋ ਕਿ 1997 ਤੋਂ ਅੱਜ ਤੱਕ ਲਗਾਤਾਰ ਜਾਰੀ ਹੈ ਅਤੇ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦਾ ਮਕਸਦ, ਉਨ੍ਹਾਂ ਦੀ ਵਿਚਾਰਧਾਰਾ ਨੂੰ ਜਵਾਨੀ 'ਚ ਲੈ ਕੇ ਜਾਣਾ ਹੈ ਤਾਂ ਜੋ ਜਵਾਨੀ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਲਈ ਇੱਕਜੁੱਟ ਹੋ ਸਕੇ।

ਆਗੂਆਂ ਨੇ ਦੱਸਿਆ ਕਿ ਪੰਜਾਬ 'ਚ ਚਲਾਈ ਰੁਜ਼ਗਾਰ ਪ੍ਰਾਪਤੀ ਮੁਹਿੰਮ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹਜ਼ਾਰਾਂ ਦੀ ਗਿਣਤੀ 'ਚ ਨੌਜਵਾਨਾਂ ਤੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਦੀ ਫੋਟੋ ਵਾਲੀਆਂ ਟੀ-ਸ਼ਰਟਾਂ ਪਹਿਨ ਕੇ ਗਦਰੀ ਬਾਬਿਆਂ ਦੇ ਵਿਹੜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਵਿਸ਼ਾਲ ਵਲੰਟੀਅਰ ਸੰਮੇਲਨ ਉਪਰੰਤ ਜਲੰਧਰ ਦੇ ਬਜ਼ਾਰਾਂ 'ਚ ਵਲੰਟੀਅਰ ਮਾਰਚ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਦੇਸ਼ 'ਚ ਬੇਰੁਜ਼ਗਾਰਾਂ ਦੀ ਗਿਣਤੀ 40 ਕਰੋੜ ਤੋਂ ਵੀ ਵੱਧ ਹੈ, ਜਿਨ੍ਹਾਂ ਲਈ ਹੁਣ ਤੱਕ ਬਣੀਆਂ ਸਰਕਾਰਾਂ ਨੇ ਨਾ ਤਾਂ ਕੋਈ ਰੁਜ਼ਗਾਰ ਮੁਖੀ ਨੀਤੀ ਬਣਾਈ ਹੈ ਅਤੇ ਨਾ ਉਨ੍ਹਾਂ ਦੀ ਨੀਅਤ ਹੈ, ਜਿਸ ਦਾ ਨਤੀਜਾ ਹੈ ਕਿ ਬੇਰੁਜ਼ਗਾਰੀ ਦੇ ਕਾਰਨ ਘੋਰ ਨਿਰਾਸ਼ਾ ਦੇ ਆਲਮ ਵਿੱਚੋਂ ਗੁਜ਼ਰ ਰਹੀ ਜਵਾਨੀ ਜਾਂ ਤਾਂ ਪਰਵਾਸ ਦਾ ਸਹਾਰਾ ਲੈ ਰਹੀ ਹੈ ਜਾਂ ਫਿਰ ਨਸ਼ਿਆਂ ਦੀ ਦਲਦਲ 'ਚ ਧਸਦੀ ਜਾ ਰਹੀ ਹੈ।

ਆਗੂਆਂ ਨੇ ਪੰਜਾਬ ਸਰਕਾਰ ਤੇ ਭਗਵੰਤ ਮਾਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਬੇਰੁਜ਼ਗਾਰ ਨੌਜਵਾਨਾਂ ਦੀਆਂ ਨੌਕਰੀਆਂ ਲਈ ਹਰਾ ਪੈੱਨ ਚਲਾਉਣ ਦੇ ਲਲਕਾਰੇ ਮਾਰਨ ਵਾਲੇ ਮੁੱਖ ਮੰਤਰੀ ਨੇ ਪਿਛਲੇ ਦਿਨੀਂ ਪੰਜਾਬ 'ਚ ਕੰਮ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਅਨੁਸਾਰ ਫੈਕਟਰੀਆਂ 'ਚ ਕੰਮ ਕਰਦੇ ਕਾਮਿਆਂ ਤੋਂ ਹੁਣ 8 ਘੰਟੇ ਦੀ ਬਜਾਏ 12 ਘੰਟੇ ਕੰਮ ਲੈ ਕੇ ਨਵਿਆਂ ਨੂੰ ਕੰਮ ਦੇਣ ਦੀ ਥਾਂ ਕੰਮ 'ਤੇ ਲੱਗਿਆਂ ਨੂੰ ਵੀ ਕੰਮ ਤੋਂ ਬਾਹਰ ਕਰਨ ਦੀਆਂ ਨੀਤੀਆਂ ਘੜੀਆਂ ਜਾ ਰਹੀਆਂ ਹਨ, ਜਿਸ ਦੀ ਅਸੀਂ ਤਿੱਖੇ ਸ਼ਬਦਾਂ 'ਚ ਨਿਖੇਧੀ ਕਰਦੇ ਹਾਂ।

ਉਨ੍ਹਾਂ ਇਹ ਕਿਹਾ ਕਿ ਰੁਜ਼ਗਾਰ ਪ੍ਰਾਪਤੀ ਮੁਹਿੰਮ ਦਾ ਬੜਾ ਸ਼ਾਨਾਮੱਤਾ ਇਤਿਹਾਸ ਹੈ ਤੇ ਅਸੀਂ ਪਿਛਲੇ ਲੰਮੇ ਸਮੇਂ ਤੋਂ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਕੰਮ ਦਿਹਾੜੀ ਸੀਮਾਂ 8 ਤੋਂ ਘਟਾ ਕੇ 6 ਘੰਟੇ ਹੋਵੇ, ਲਈ ਵੀ ਲਾਮਬੰਦੀ ਕਰ ਰਹੇ ਹਾਂ। ਆਗੂਆਂ ਨੇ ਪੰਜਾਬ ਦੀ ਬੇਰੁਜ਼ਗਾਰ ਜਵਾਨੀ, ਵਿਦਿਆਰਥੀਆਂ, ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਵੱਖ ਵੱਖ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਬੁੱਧੀਜੀਵੀਆਂ ਨੂੰ ਸੱਦਾ ਦਿੰਦੇ ਹਾਂ ਕਿ ਆਓ, ਪੰਜਾਬ ਦੀ ਜਵਾਨੀ ਨੂੰ ਘੋਰ ਨਿਰਾਸ਼ਾ ਦੇ ਆਲਮ 'ਚੋਂ ਕੱਢਣ ਤੇ ਹਰ ਇੱਕ ਲਈ ਰੁਜ਼ਗਾਰ ਦੀ ਗਾਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ (ਬਨੇਗਾ) ਦੀ ਪ੍ਰਾਪਤੀ ਲਈ ਇੱਕ ਸਾਂਝਾ ਮੰਚ ਉਸਾਰ ਕੇ ਇੱਕਜੁੱਟ ਹੋ ਕੇ ਲੜੀਏ ਤਾਂ ਜੋ ਜਿੱਤ ਪ੍ਰਾਪਤ ਕੀਤੀ ਜਾ ਸਕੇ।

ਇਸ ਮੌਕੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਦੀ ਲੜਕੀਆਂ ਦੀ ਕੋ-ਕਨਵੀਨਰ ਸੰਜਨਾ ਢਾਬਾਂ, ਸੂਬਾ ਕੌਂਸਲ ਮੈਂਬਰ ਅਵਨ ਤੋਤਿਆਂਵਾਲਾ, ਜ਼ਿਲ੍ਹਾ ਆਗੂ ਅਰਵੀਨ ਢਾਬਾਂ, ਮਨਪ੍ਰੀਤ ਬਾਹਮਣੀ ਵਾਲਾ, ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਜਰਨੈਲ ਢਾਬਾਂ, ਸੰਦੀਪ ਜੋਧਾ, ਛਿੰਦਰਪਾਲ ਛੱਪੜੀਵਾਲਾ, ਜਗਜੀਤ ਢਾਬਾਂ, ਹਰਚਰਨ ਪਾਲੀ ਵਾਲਾ, ਕਿਸਾਨ ਆਗੂ ਕ੍ਰਿਸ਼ਨ ਧਰਮੂ ਵਾਲਾ, ਕਰਨੈਲ ਬੱਘੇਕੇ ਤੇ ਸੂਬਾ ਸਿੰਘ ਜੈਮਲ ਵਾਲਾ ਦੀ ਅਗਵਾਈ 'ਚ ਵੱਡੀ ਗਿਣਤੀ 'ਚ ਨੌਜਵਾਨ ਤੇ ਵਿਦਿਆਰਥੀ ਲੜਕੇ-ਲੜਕੀਆਂ ਦਾ ਕਾਫਲਾ ਜਲੰਧਰ ਲਈ ਰਵਾਨਾ ਹੋਇਆ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ 2 ਨੂੰ ਸੰਗਰੂਰ 'ਚ ਸੂਬਾ ਪੱਧਰੀ ਰੋਸ ਰੈਲੀ

## ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ : ਪ੍ਰਕਾਸ਼ ਕੌਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਮੰਗਾਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ 'ਤੇ ਹੱਲਾ ਬੋਲਣ ਲਈ ਪ੍ਰੋਗਰਾਮ ਉਲੀਕ ਲਿਆ ਹੈ ਤੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 2 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਰੈਲੀ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੀ ਬਲਾਕ ਮਮਦੋਟ ਦੀ ਪ੍ਰਧਾਨ ਪ੍ਰਕਾਸ਼ ਕੌਰ ਨੇ ਦੱਸਿਆ ਕਿ 2 ਅਕਤੂਬਰ 1975 ਨੂੰ ਕੇਂਦਰ ਸਰਕਾਰ ਨੇ ਆਈ ਸੀ ਡੀ ਐੱਸ ਸਕੀਮ ਸ਼ੁਰੂ ਕੀਤੀ ਸੀ ਤੇ ਇਸ ਸਕੀਮ ਨੂੰ ਚੱਲਦਿਆਂ ਲਗਭਗ 48 ਸਾਲ ਬੀਤ ਚੁੱਕੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਐਨਾ ਲੰਮਾ ਸਮਾਂ ਬੀਤਣ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅੱਖੋਂ ਪਰੋਖੇ ਕਰੀ ਰੱਖਿਆ ਤੇ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ, ਜਿਸ ਕਰਕੇ ਜਥੇਬੰਦੀ ਨੂੰ ਭਾਰੀ ਸੰਘਰਸ਼ਾਂ 'ਚੋਂ ਗੁਜ਼ਰਨਾ ਪਿਆ ਹੈ ਤੇ ਜੇਲਾਂ ਤੱਕ ਜਾਣਾ ਪਿਆ।

ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨਵੀਂ ਵਿੱਦਿਆ ਨੀਤੀ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇਵੇ ਤੇ ਹੈਲਪਰਾਂ ਨੂੰ ਚੌਥੇ ਦਰਜੇ ਦਾ ਗਰੇਡ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ 2017 ਤੋਂ ਆਂਗਣਵਾੜੀ ਸੈਂਟਰਾਂ ਦੇ ਖੋਹੇ ਹੋਏ ਬੱਚੇ, ਜਿਨ੍ਹਾਂ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਾ ਸੀ, ਵਾਪਸ ਸੈਂਟਰਾਂ ਵਿੱਚ ਭੇਜੇ ਜਾਣ। ਇਸ ਮੌਕੇ ਪੁਸ਼ਪਿੰਦਰ ਕੌਰ ਮੀਤ ਪ੍ਰਧਾਨ, ਰਾਜਿੰਦਰ ਕੌਰ, ਪਰਮਜੀਤ ਕੌਰ, ਨੀਰਜਾ, ਮਹਿੰਦਰ ਕੌਰ, ਅਛਰਾਂ, ਪਰਮਜੀਤ ਕੌਰ, ਕੁਲਵੰਤ ਕੌਰ, ਗੁਰਜੀਤ ਕੌਰ, ਪ੍ਰਕਾਸ਼ ਕੌਰ ਤੇ ਨਰਿੰਦਰ ਕੌਰ ਸਮੇਤ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਹਾਜ਼ਰ ਸਨ।

## ਕਾਤਰਾਂ

### ਸਕਾਲਰਸ਼ਿਪ ਸੰਬੰਧੀ ਸੈਮੀਨਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ ਟੀ ਆਈ) ਸਰਾਏਨਾਗਾ ਵਿਖੇ ਸੰਸਥਾ ਦੇ ਪ੍ਰਿੰਸੀਪਲ ਸ੍ਰੀ ਰਜਿੰਦਰ ਜੋਸ਼ਨ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਸਕਾਲਰਸ਼ਿਪ ਅਫਸਰ ਸੁਖਚੈਨ ਕੌਰ ਵੱਲੋਂ ਬੱਚਿਆਂ ਨੂੰ ਸਰਕਾਰ ਦੁਆਰਾ ਚਲਾਈ ਜਾ ਰਹੀ ਸਕਾਲਰਸ਼ਿਪ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਨੋਡਲ ਅਫਸਰ ਰਣਦੀਪ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਚਲਾਈ ਇਹ ਸਕਾਲਰਸ਼ਿਪ ਸਕੀਮ ਇਕ ਵਧੀਆ ਉਪਰਾਲਾ ਹੈ। ਇਸ ਨਾਲ ਸਿਖਿਆਰਥੀਆਂ ਨੂੰ ਬਹੁਤ ਲਾਭ ਹੋਵੇਗਾ। ਇਸ ਮੌਕੇ ਸਿਖਿਆਰਥੀਆਂ ਤੋਂ ਇਲਾਵਾ ਬਲਰਾਜ ਸਿੰਘ, ਸੁਖਪਾਲ ਸਿੰਘ, ਸ਼ਾਮ ਲਾਲ, ਸੰਦੀਪ ਸਿੰਘ, ਸ਼ਮਿੰਦਰ ਪਾਲ ਸਿੰਘ, ਜਗਜੀਤ ਸਿੰਘ, ਜਸਵਿੰਦਰ ਸਿੰਘ, ਬਲਜੀਤ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਹੋਏ।

### ਵਿਜੈ ਗਰਗ ਦੀ ਪੁਸਤਕ ਐੱਸ ਡੀ ਐੱਮ ਵੱਲੋਂ ਲੋਕ ਅਰਪਣ



**ਮਲੋਟ (ਗੁਰਮੀਤ ਸਿੰਘ ਮੱਕੜ)** : ਵਿਜੈ ਗਰਗ ਸੇਵਾ ਮੁਕਤ ਪ੍ਰਿੰਸੀਪਲ ਮਲੋਟ ਵੱਲੋਂ ਵੱਖ ਵੱਖ ਭਾਸ਼ਾਵਾਂ ਵਿੱਚ ਬਹੁਤ ਸਾਰੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ, ਜੋ ਵਿਦਿਆਰਥੀ ਜੀਵਨ ਵਿੱਚ ਸਹਾਈ ਸਿੱਧ ਹੋਈਆਂ। ਅੱਜ ਨਵੀਂ ਪੁਸਤਕ 'ਰਾਈਟ ਚੁਆਇਸ ਫਾਰ ਯੂਅਰ ਕੈਰੀਅਰ' ਸ੍ਰ. ਕੰਵਰਜੀਤ ਸਿੰਘ ਮਾਨ ਐੱਸ.ਡੀ.ਐੱਮ. ਵੱਲੋਂ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਵਿੱਚ ਦਸਵੀਂ, ਬਾਰਵੀਂ ਤੇ ਗ੍ਰੈਜੂਏਸ਼ਨ ਤੋਂ ਬਾਅਦ ਸਰਕਾਰੀ ਨੌਕਰੀਆਂ ਤੇ ਸਵੈ-ਰੁਜ਼ਗਾਰ ਲਈ ਕੀਤੇ ਜਾਣ ਵਾਲੇ ਵੱਖ-ਵੱਖ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸਹਾਈ ਸਿੱਧ ਹੋਵੇਗੀ। ਇਸ ਮੌਕੇ ਐੱਸ.ਡੀ.ਐੱਮ. ਸਾਹਿਬ ਨੇ ਸ੍ਰੀ ਵਿਜੈ ਗਰਗ ਨੂੰ ਵਧਾਈ ਦਿੰਦਿਆਂ ਇਸ ਨੂੰ ਬਹੁਤ ਵਧੀਆ ਉਪਰਾਲਾ ਦੱਸਿਆ। ਇਸ ਮੌਕੇ ਮੌਜੂਦ ਸ਼ਖਸੀਅਤਾਂ ਨੇ ਸ੍ਰੀ ਵਿਜੈ ਗਰਗ ਨੂੰ ਵਧਾਈ ਦਿੱਤੀ।

### ਮੈਡੀਕਲ ਸਟੋਰਾਂ ਦੀ ਚੈਕਿੰਗ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਜ਼ਿਲ੍ਹਾ ਡਰੱਗ ਕੰਟਰੋਲ ਅਫਸਰ ਉਂਕਾਰ ਸਿੰਘ ਨੇ ਆਪਣੀ ਟੀਮ ਨੂੰ ਲੈ ਕੇ ਸਰਦੂਲਗੜ੍ਹ ਤੇ ਪਿੰਡਾਂ ਦੇ ਮੈਡੀਕਲ ਸਟੋਰਾਂ ਦੀ ਅਚਾਨਕ ਚੈਕਿੰਗ ਕੀਤੀ। ਇਸ ਮੌਕੇ ਅਫਸਰ ਸਾਹਿਬਾਨ ਨੇ ਕਿਹਾ ਕਿ ਕੈਮਿਸਟਾਂ ਵੱਲੋਂ ਕੋਈ ਕੁਤਾਹੀ ਨਾ ਕੀਤੀ ਜਾਵੇ ਤੇ ਆਪਣੇ ਕਿੱਤੇ ਨੂੰ ਸਾਫ ਸੁਥਰਾ ਰੱਖਿਆ ਜਾਵੇ, ਜੇਕਰ ਕੋਈ ਨਸ਼ੀਲੀਆਂ ਦਵਾਈਆਂ ਜਾਂ ਹੈਵਿਟ ਫਾਰਮਿੰਗ ਡਰੱਗ ਵੇਚਦਾ ਫੜਿਆ ਗਿਆ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

### ਮੱਕੜ ਤੇ ਮੱਲ੍ਹੀ ਨਗਰ ਕੌਂਸਲ ਦੇ ਨਵੇਂ ਬ੍ਰਾਂਡ ਅੰਬੈਸਡਰ ਬਣੇ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਵੱਛ ਭਾਰਤ ਮਿਸ਼ਨ ਤਹਿਤ ਨਗਰ ਕੌਂਸਲ ਮਾਛੀਵਾੜਾ ਵੱਲੋਂ ਦੋ ਨਵੇਂ ਬ੍ਰਾਂਡ ਅੰਬੈਸਡਰ ਨਿਯੁਕਤ ਕੀਤੇ ਗਏ ਹਨ, ਜਦਕਿ ਪਹਿਲਾਂ ਵਾਲਿਆਂ ਨੂੰ ਹਟਾ ਦਿੱਤਾ ਗਿਆ। 'ਆਪ' ਆਗੂ ਜਗਮੀਤ ਸਿੰਘ ਮੱਕੜ ਤੇ ਦਲੀਪ ਸਿੰਘ ਮੱਲ੍ਹੀ ਨੂੰ ਹੁਣ ਨਗਰ ਕੌਂਸਲ ਦਾ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਹੈ। ਇਹ ਦੋਵੇਂ ਆਗੂ ਮਾਛੀਵਾੜਾ ਸ਼ਹਿਰ ਨੂੰ ਸਾਫ਼-ਸੁਥਰਾ ਤੇ ਹਰਿਆ-ਭਰਿਆ ਰੱਖਣ ਲਈ ਨਗਰ ਕੌਂਸਲ ਨਾਲ ਮਿਲ ਕੇ ਲੋਕਾਂ ਨੂੰ ਪ੍ਰੇਰਿਤ ਕਰਨਗੇ।





ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੱਕੜ ਤੇ ਮੱਲ੍ਹੀ ਨੇ ਕਿਹਾ ਕਿ ਇਤਿਹਾਸਕ ਸ਼ਹਿਰ ਮਾਛੀਵਾੜਾ ਨੂੰ ਸਵੱਛ ਭਾਰਤ ਮਿਸ਼ਨ ਤਹਿਤ ਸਾਫ਼-ਸੁਥਰਾ ਰੱਖਿਆ ਜਾਵੇਗਾ, ਜਿਸ ਲਈ ਉਹ ਤਨਦੇਹੀ ਨਾਲ ਕੰਮ ਕਰਨਗੇ।

# ਕਾਕਾ ਬਰਾੜ ਨੇ ਆਪਣੀ ਜੇਬ 'ਚੋਂ ਪੈਸੇ ਦੇ ਕੇ ਬਰਸਾਤੀ ਨਾਲਾ ਚੌੜਾ ਕਰਵਾਇਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** : ਪਿਛਲੇ ਲੰਬੇ ਸਮੇਂ ਤੋਂ ਬਾਰਿਸ਼ ਦੇ ਪਾਣੀ ਦੀ ਸਹੀ ਢੰਗ ਨਾਲ ਨਿਕਾਸੀ ਨਾ ਹੋਣ ਦੇ ਕਾਰਨ ਇੱਕ ਵਾਰ ਮੀਂਹ ਪੈਣ 'ਤੇ ਕਈ ਕਈ ਦਿਨਾਂ ਤੱਕ ਪਾਣੀ ਨਾ ਨਿਕਲਣ ਦੀ ਸਮੱਸਿਆ ਤੋਂ ਸ਼ਹਿਰ ਨਿਵਾਸੀਆਂ ਨੂੰ ਨਿਜਾਤ ਮਿਲਣਾ ਲਗਭਗ ਤੈਅ ਹੋ ਗਿਆ ਹੈ ਅਤੇ ਇਹ ਸਥਾਨਕ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦੇ ਯਤਨਾਂ ਸਦਕਾ ਹੀ ਸੰਭਵ ਹੋ ਸਕਿਆ ਹੈ। ਵਿਧਾਇਕ 'ਕਾਕਾ ਬਰਾੜ' ਨੇ ਨਾ ਸਿਰਫ ਯਤਨ ਬਲਕਿ ਥਾਂ ਦੀ ਕਮੀ ਦੇ ਚੱਲਦੇ ਨਾਲੇ ਨੂੰ ਚੌੜਾ ਕਰਵਾਉਣ ਲਈ ਆਪਣੀ ਜੇਬ 'ਚੋਂ ਕਰੀਬ ਸਵਾ ਲੱਖ ਰੁਪਏ ਕਿਸਾਨ ਕੁਲਦੀਪ ਸਿੰਘ ਗੀਪਾ ਨੂੰ ਰਸਤਾ ਲੈਣ ਲਈ ਦਿੱਤੇ, ਤਾਂ ਕਿ ਸ਼ਹਿਰ ਨਿਵਾਸੀਆਂ ਨੂੰ ਇਸ ਮੁਸ਼ਕਲ ਤੋਂ ਪੱਕੇ ਤੌਰ 'ਤੇ ਨਿਜਾਤ ਮਿਲ ਸਕੇ।

ਸ਼ਹਿਰ ਨਿਵਾਸੀਆਂ ਵੱਲੋਂ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦੇ ਇਸ ਕਦਮ ਦੀ ਜੰਮ ਕੇ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਮੌਕੇ ਪੈਸਟੀਸਾਈਡ ਐਂਡ ਫਰਟੀਲਾਈਜ਼ਰ ਯੂਨੀਅਨ ਦੇ ਪ੍ਰਧਾਨ ਅਜਵਿੰਦਰ ਸਿੰਘ ਰਾਜੂ ਪੂਣੀਆ, ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਜਤਿੰਦਰ ਮਹੰਤ, ਪਰਮਜੀਤ ਸਿੰਘ ਪੰਮਾ ਨੰਬਰਦਾਰ, ਪੀ.ਏ.ਡੀ.ਬੀ. ਦੇ ਵਾਈਸ ਚੇਅਰਮੈਨ ਨੰਬਰਦਾਰ ਸੁਖਪਾਲ ਸਿੰਘ, ਜੁਗਨੂੰ ਗਿਰਧਰ, ਕੁਲਵੰਤ ਸਿੰਘ ਜਬਰੀ, ਜੱਗਾ ਗਿੱਲ, ਅਮਨਾ ਗਿੱਲ, ਰਮਨਦੀਪ ਸਿੰਘ, ਪਾਲਾ ਠੇਕੇਦਾਰ, ਅਮਨਦੀਪ ਬਰਾੜ, ਰਾਮ ਸਿੰਘ ਐੱਮ ਸੀ, ਕਾਕੂ ਦਿਓਲ, ਮਨਿੰਦਰ ਦਿਓਲ, ਮਨਦੀਪ ਦਿਓਲ, ਗਮਦੂਰ ਸਿੰਘ ਦਿਓਲ, ਬੰਟੀ ਡੀਲਰ, ਰਾਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਆਟੋ ਰਿਕਸ਼ਾ ਸੀਵਰੇਜ ਦੇ ਪਾਣੀ ਨਾਲ ਭਰੇ ਖੱਡੇ 'ਚ ਡਿੱਗਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਵਰੇਜ ਸਿਸਟਮ ਨੂੰ ਸੰਵਾਰਨ ਦੇ ਮੌਜੂਦਾ ਸਰਕਾਰ ਤੇ ਪ੍ਰਸ਼ਾਸਨਕ ਅਧਿਕਾਰੀਆਂ ਦੇ ਦਾਅਵੇ ਖੋਖਲੇ ਸਾਬਿਤ ਹੋ ਰਹੇ ਹਨ ਅਤੇ ਸੜਕਾਂ 'ਤੇ ਖੜਾ ਸੀਵਰੇਜ ਦਾ ਗੰਦਾ ਪਾਣੀ ਸ਼ਹਿਰ ਤੇ ਪਿੰਡ ਵਾਸੀਆਂ ਦੇ ਗਲੇ ਦੀ ਹੱਡੀ ਬਣ ਚੁੱਕਿਆ ਹੈ, ਜਿਸ ਦੀ ਤਾਜ਼ਾ ਮਿਸ਼ਾਲ ਰਾਮਪੁਰਾ ਫੂਲ ਰੋਡ ਦਾਣਾ ਮੰਡੀ ਦੇ ਗੇਟ ਅੱਗੇ ਵੱਡੇ ਵੱਡੇ ਟੋਇਆਂ 'ਚ ਭਰਿਆ ਸੀਵਰੇਜ ਦਾ ਗੰਦਾ ਪਾਣੀ ਰਾਹਗੀਰਾਂ ਨੂੰ ਮੂੰਹ ਚਿੜਾ ਰਿਹਾ ਹੈ ਅਤੇ ਉਥੋਂ ਲੰਘਣ ਵਾਲੇ ਰਾਹਗੀਰ ਆਪਣੀ ਜਾਨ ਜੋਖਮ 'ਚ ਪਾ ਕੇ ਲੰਘਦੇ ਹਨ। ਅੱਜ ਉਸ ਸਮੇਂ ਇੱਕ ਵੱਡਾ ਹਾਦਸਾ ਹੋਣੋਂ ਟਲ ਗਿਆ, ਜਦੋਂ ਇੱਕ ਆਟੋ ਚਾਲਕ ਰਾਮਪੁਰਾ ਤੋਂ ਫੂਲ ਨੂੰ ਸਵਾਰੀਆਂ ਲੈ ਕੇ ਜਾ ਰਿਹਾ ਸੀ, ਜਦੋਂ ਫੂਲ ਰੋਡ ਦਾਣਾ ਮੰਡੀ ਨਜ਼ਦੀਕ ਪੁੱਜਾ ਤਾਂ ਸਵਾਰੀਆਂ ਸਮੇਤ ਆਟੋ ਰਿਕਸ਼ਾ ਸੀਵਰੇਜ ਦੇ ਗੰਦੇ ਪਾਣੀ ਵਿੱਚ ਪਲਟ ਗਿਆ ਤੇ ਰੌਲਾ ਪੈਣ ਕਰਕੇ ਮੌਕੇ 'ਤੇ ਮੌਜੂਦ ਲੋਕਾਂ ਨੇ ਸਵਾਰੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਤੇ ਕੋਈ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚ ਗਿਆ। ਜ਼ਿਕਰਯੋਗ ਹੈ ਕਿ ਰਾਮਪੁਰਾ ਫੂਲ ਸਬ ਡਵੀਜ਼ਨ ਹੋਣ ਕਰਕੇ ਐੱਸ ਡੀ ਐੱਮ, ਤਹਿਸੀਲਦਾਰ, ਡੀ ਐੱਸ ਪੀ ਸਮੇਤ ਖੁਦ ਹਲਕਾ ਵਿਧਾਇਕ ਵੀ ਇਸ ਰਸਤੇ ਰਾਹੀਂ ਗੁਜ਼ਰਦੇ ਹਨ। ਮੇਨ ਰਸਤਾ ਹੋਣ ਕਰਕੇ ਇੱਥੋਂ ਸਕੂਲੀ ਬੱਸਾਂ ਵੀ ਇਸ ਸੀਵਰੇਜ ਦੇ ਗੰਦੇ ਪਾਣੀ ਨਾਲ ਭਰੇ ਵੱਡੇ ਵੱਡੇ ਟੋਇਆਂ 'ਚੋਂ ਲੰਘ ਕੇ ਸਕੂਲ ਤੱਕ ਜਾਂਦੀਆਂ ਹਨ, ਪਰ ਸੂਬਾ ਸਰਕਾਰ ਤੇ ਪ੍ਰਸ਼ਾਸਨਕ ਅਧਿਕਾਰੀ ਕਿਸੇ ਵੱਡੇ ਹਾਦਸੇ ਦੀ ਉਡੀਕ ਵਿੱਚ ਹਨ। ਇਸ ਮਾਮਲੇ ਸਬੰਧੀ ਹਲਕਾ ਵਿਧਾਇਕ ਨਾਲ ਫੋਨ ਜ਼ਰੀਏ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ। ਜੇਕਰ ਕੱਲ ਨੂੰ ਕਿਸੇ ਸਕੂਲ ਵੈਨ ਦੇ ਬੱਚਿਆਂ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਜ਼ਿੰਮੇਵਾਰ ਗਲੀ ਨੂੰ ਬੰਦ ਕਰਨ ਵਾਲੇ ਹੋਣਗੇ। ਇਸ ਮਾਮਲੇ ਸਬੰਧੀ ਖਬਰ ਜ਼ਰੀਏ ਹਲਕਾ ਵਿਧਾਇਕ ਬਲਕਾਰ ਸਿੱਧੂ ਨੂੰ ਬੇਨਤੀ ਕਰਦੇ ਹਾਂ ਕਿ ਬੰਦ ਕੀਤੇ ਰਸਤੇ ਖੋਲ੍ਹਿਆ ਜਾਵੇ ਤਾਂ ਜੋ ਸਕੂਲੀ ਬੱਚਿਆਂ ਨੂੰ ਸਕੂਲ ਛੱਡਣ ਲਈ ਕੋਈ ਮੁਸ਼ਕਲ ਨਾ ਆਵੇ।

## ਮਹਾਂਪ੍ਰਗਯ ਸਕੂਲ ਵੱਲੋਂ ਸਲਾਨਾ ਵਿੱਦਿਅਕ ਟੂਰ



**ਜਗਰਾਉਂ (ਅਮਿਤ ਖੰਨਾ)**-ਸ਼ਹਿਰ ਦੇ ਪ੍ਰਸਿੱਧ ਸਿੱਖਿਆ ਸੰਸਥਾਨ ਮਹਾਪ੍ਰਗਯ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਦੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧਤਾ ਦੇ ਮੱਦੇਨਜ਼ਰ ਵਿਦਿਆਰਥੀਆਂ ਦੇ ਮਨੋਰੰਜਨ, ਰਚਨਾਤਮਕ ਰੁਚੀਆਂ ਨੂੰ ਵਿਕਸਿਤ ਕਰਨ ਤੇ ਗਿਆਨ 'ਚ ਵਾਧਾ ਕਰਨ ਲਈ ਪਹਿਲੀ ਤੋਂ ਪੰਜਵੀਂ ਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿੱਦਿਅਕ ਸੈਰ ਸਪਾਟੇ ਦਾ ਆਯੋਜਨ ਕੀਤਾ ਗਿਆ। ਪਹਿਲੀ ਤੋਂ ਪੰਜਵੀਂ ਦੇ ਵਿਦਿਆਰਥੀਆਂ ਨੂੰ ਫਨ ਆਈਸਲੈਂਡ ਤਲਵੰਡੀ ਭਾਈ ਤੇ ਛੇਵੀਂ ਤੋਂ ਅੱਠਵੀਂ ਦੇ ਵਿਦਿਆਰਥੀਆਂ ਨੂੰ ਛੱਤਬੀੜ ਚਿੜੀਆਘਰ ਤੇ ਰੌਕ ਗਾਰਡਨ ਚੰਡੀਗੜ੍ਹ, ਮਨੋਰੰਜਨ ਪਾਰਕ ਵਿੱਚ ਲਿਜਾਇਆ ਗਿਆ, ਜਿੱਥੇ ਉਨ੍ਹਾਂ ਵੱਖ-ਵੱਖ ਝੂਲਿਆਂ ਤੇ ਰਾਈਡਾਂ ਦਾ ਆਨੰਦ ਮਾਣਿਆ। ਇਹ ਵਿੱਦਿਅਕ ਯਾਤਰਾ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਇੱਕ ਤਾਜ਼ਗੀ ਭਰਪੂਰ ਤੇ ਅਸਲ ਵਿੱਚ ਦੁਬਾਰਾ ਕੰਮ 'ਤੇ ਵਾਪਸ ਜਾਣ ਲਈ ਇੱਕ ਪੁਨਰ-ਸੁਰਜੀਤੀ ਦਾ ਕੰਮ ਕਰੇਗੀ। ਇਸ ਮੌਕੇ ਸਕੂਲ ਪ੍ਰਿੰਸੀਪਲ ਪ੍ਰਭਜੀਤ ਕੌਰ, ਮੈਨੇਜਰ ਮਨਜੀਤ ਇੰਦਰ ਕੁਮਾਰ ਤੇ ਜੂਨੀਅਰ ਸਕੂਲ ਕੋਆਰਡੀਨੇਟਰ ਸੁਰਿੰਦਰ ਕੌਰ ਨੇ ਅਧਿਆਪਕਾਂ ਵੱਲੋਂ ਬੱਚਿਆਂ ਦੀ ਦੇਖਭਾਲ ਲਈ ਨਿਭਾਈ ਵਧੀਆ ਡਿਊਟੀ ਤੇ ਬੱਚਿਆਂ ਦੇ ਮੇਲਜੋਲ ਭਰੇ ਰਵੱਈਏ ਦੀ ਪ੍ਰਸ਼ੰਸਾ ਕੀਤੀ।

## ਵਜ਼ੀਫੇ ਸੰਬੰਧੀ ਜਾਗਰੂਕਤਾ ਕੈਂਪ ਲਾਇਆ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਪ੍ਰੋ. ਦੀਪਕ ਚੋਪੜਾ ਦੀ ਅਗਵਾਈ ਵਿਚ ਸਹਾਇਕ ਪ੍ਰੋ. ਪ੍ਰੀਤ ਕਮਲ ਤੇ ਚੰਦਨ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਵਿਦਿਆਰਥੀਆ ਨੂੰ ਪੋਸਟ ਮ੍ਰੈਟਿਕ ਰਾਖਵੀਆਂ ਸ਼੍ਰੇਣੀਆਂ ਨੂੰ ਮਿਲਣ ਵਾਲੀ ਸਕਾਲਰਸ਼ਿਪ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ ਕੈਂਪ ਲਾਇਆ ਗਿਆ। ਮੀਡੀਆ ਇੰਚਾਰਜ ਡਾ. ਕਮਲਜੀਤ ਕੌਰ ਬਾਂਗਾ ਨੇ ਦੱਸਿਆ ਕਿ ਕੈਂਪ ਵਿੱਚ ਪ੍ਰਿੰਸੀਪਲ ਪ੍ਰੋ. ਦੀਪਕ ਚੋਪੜਾ ਨੇ ਵਿਦਿਆਰਥੀਆ ਨੂੰ ਸਰਕਾਰ ਦੀ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਬਾਰੇ ਕਿਹਾ ਕਿਉਂਕਿ ਸਰਕਾਰ ਅਜਿਹੀਆਂ ਸਕੀਮਾਂ ਲੋੜਵੰਦ ਵਿਦਿਆਰਥੀਆਂ ਦੇ ਹਿੱਤ ਲਈ ਹੀ ਲਾਗੂ ਕਰਦੀ ਹੈ। ਇਸ ਮੌਕੇ ਸਹਾਇਕ ਪ੍ਰੋ. ਪ੍ਰੀਤ ਕਮਲ ਤੇ ਚੰਦਨ ਕੁਮਾਰ ਨੇ ਇਸ ਸਕਾਲਰਸ਼ਿਪ ਲਈ ਕਿਹੜੇ ਵਿਦਿਆਰਥੀ ਯੋਗ ਹਨ, ਇਸ ਸਕਾਲਰਸ਼ਿਪ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਅਤੇ ਨਾਲ ਲੱਗਣ ਬਾਰੇ ਕਾਗ਼ਜ਼ਾਤ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਹ ਸੁਨੇਹਾ ਵੀ ਦਿੱਤਾ ਕਿ ਇਸ ਸਕਾਲਰਸ਼ਿਪ ਬਾਰੇ ਜਦੋਂ ਵੀ ਜਾਣਕਾਰੀ ਉਨ੍ਹਾਂ ਨੇ ਲੈਣੀ ਹੋਵੇ ਉਹ ਅਧਿਆਪਕ ਸਾਹਿਬਾਨਾਂ ਨਾਲ ਸੰਪਰਕ ਕਰ ਸਕਦੇ ਹਨ।

## ਵਿਧਾਇਕ ਨੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਉਸਾਰੀ ਦਾ ਕੀਤਾ ਦੌਰਾ

**ਮੋਗਾ (ਅਮਰਜੀਤ ਬੱਬਰੀ)**- ਵਾਰਡ ਨੰਬਰ-09 ਵਿਖੇ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ ਦੀ ਬਣ ਰਹੀ ਇਮਾਰਤ ਦਾ ਲੈਂਟਰ ਪਾਉਣ ਦੇ ਮੌਕੇ ਦਾ ਦੌਰਾ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕੀਤਾ । ਇਸ ਮੌਕੇ ਵਾਰਡ ਨੰਬਰ-9 ਦੀ ਕੌਂਸਲਰ ਸਰਬਜੀਤ ਕੌਰ ਰੋਡੇ, ਕੌਂਸਲਰ ਗੁਰਪ੍ਰੀਤ ਸਿੰਘ ਸਚਦੇਵਾ, ਮਾਰਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਸਿੱਖਿਆ ਵਿਭਾਗ ਦੇ ਅਧਿਕਾਰੀ, ਸਟਾਫ, ਆਮ ਆਦਮੀ ਪਾਰਟੀ ਦੇ ਆਗੂ, ਵਲੰਟੀਅਰ ਹਾਜ਼ਰ ਸਨ । ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਦਾ ਸਭ ਤੋਂ ਸੁੰਦਰ ਸਰਕਾਰੀ ਪ੍ਰਾਇਮਰੀ ਸਕੂਲ ਬਣਾਇਆ ਜਾਵੇਗਾ । ਇਸ ਸਕੂਲ ਦੀ ਪਹਿਲੀ ਮੰਜ਼ਲ ਦਾ ਲੈਂਟਰ ਪਾਇਆ ਗਿਆ ਜਿਸਦਾ ਉਹਨਾਂ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਮੋਗਾ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਮੋਗਾ ਵਿਚ ਚਾਰ ਸਕੂਲ ਬਣਾਵਾਂਗੇ ਅਤੇ ਕੁਝ ਮਹੀਨਿਆ ਵਿਚ ਮੋਗਾ ਨਿਵਾਸੀਆਂ ਨੂੰ ਚਾਰੋਂ ਸਕੂਲ ਸਮਰਪਿਤ ਕੀਤੇ ਜਾਣਗੇ । ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਪੰਜਾਬ ਦੇ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰ ਰਹੀ ਹੈ, ਤਾਂ ਜੋ ਬੱਚਿਆ ਦਾ ਸਰਵਪੱਖੀ ਵਿਕਾਸ ਹੋ ਸਕੇ ।

# ਨੈੱਟਬਾਲ ਸਟੇਟ ਚੈਂਪੀਅਨਸ਼ਿਪ 'ਚ ਲੜਕੀਆਂ ਦਾ ਦੂਜਾ ਸਥਾਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੇ ਦਿਨੀਂ 15ਵੀਂ ਸੀਨੀਅਰ ਸਟੇਟ ਨੈੱਟਬਾਲ ਚੈਂਪੀਅਨਸ਼ਿਪ ਬਰਨਾਲਾ ਵਿਖੇ ਹੋਈ। ਇਸ ਚੈਂਪੀਅਨਸ਼ਿਪ ਵਿੱਚ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੀਆਂ ਲੜਕੀਆਂ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਪੁੱਜਣ 'ਤੇ ਖਿਡਾਰਨਾਂ ਦਾ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਤੇ ਪ੍ਰਿੰਸੀਪਲ ਪਰਮਜੀਤ ਕੌਰ ਬਰਾੜ ਕੌਰ ਨੇ ਨੈੱਟਬਾਲ ਕੋਚ ਮਨਪ੍ਰੀਤ ਸਿੰਘ ਤੇ ਗੁਰਮੇਲ ਸਿੰਘ ਡੀਪੀਈ ਸਮੇਤ ਜੇਤੂ ਖਿਡਾਰਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਕੁੜੀਆਂ ਅੱਜ ਕਿਸੇ ਵੀ ਖੇਤਰ ਵਿੱਚ ਮੁੰਡਿਆਂ ਨਾਲੋਂ ਘੱਟ ਨਹੀਂ ਹਨ, ਕੁੜੀਆਂ ਵੀ ਮਾਂ-ਬਾਪ ਦਾ ਨਾਮ ਰੌਸ਼ਨ ਕਰਦੀਆਂ ਹਨ। ਉਨ੍ਹਾਂ ਲੜਕੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਤੇ ਹੋਰ ਖੇਤਰਾਂ ਵਿੱਚ ਅੱਗੇ ਆਉਣ ਲਈ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜੇਤੂ ਖਿਡਾਰਨਾਂ ਨੂੰ ਸਕੂਲ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਪਰਮਜੀਤ ਕੌਰ ਬਰਾੜ, ਬਲਕਰਨ ਸਿੰਘ, ਗੁਰਜੋਤ ਸਿੰਘ, ਜਗਮੀਤ ਸਿੰਘ, ਗੁਰਸਾਹਿਬ ਸਿੰਘ, ਸੁਖਦੀਪ ਸਿੰਘ, ਸੁਖਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਮਨਦੀਪ ਕੌਰ, ਕੁਲਵਿੰਦਰ ਕੌਰ, ਸ਼ਰਨਜੀਤ ਕੌਰ, ਰਮਨਦੀਪ ਕੌਰ, ਅਮਨਦੀਪ ਕੌਰ, ਤਸਵੀਰ ਕੌਰ, ਨਵਨੀਤ ਕੌਰ ਸੁਖਨਾ ਤੋਂ ਇਲਾਵਾ ਸਕੂਲ ਦੇ ਸਮੂਹ ਸਟਾਫ ਨੇ ਜੇਤੂ ਖਿਡਾਰਨਾਂ ਨੂੰ ਵਧਾਈ ਦਿੱਤੀ।

# ਗਣਪਤੀ ਬੱਪਾ ਮੌਰਿਆ ਦੀ ਮੂਰਤੀ ਦਾ ਵਿਸਰਜਨ



**ਤਪਾ ਮੰਡੀ (ਅਰੁਣ ਗੋਇਲ)**-ਸਥਾਨਕ ਸਦਰ ਬਾਜ਼ਾਰ ਦੇ ਸਮੂਹ ਦੁਕਾਨਦਾਰਾਂ ਤੇ ਸਵਰਨਕਾਰ ਅਤੇ ਮਰਾਠਾ ਸੰਘ ਤਪਾ ਵੱਲੋਂ ਸਥਾਪਤ ਭਗਵਾਨ ਗਣੇਸ਼ ਦੀ ਮੂਰਤੀ ਦਾ ਵਿਸਰਜਨ ਕਰਕੇ ਸ਼ੋਭਾ ਯਾਤਰਾ 'ਚ ਸ਼ਾਮਲ ਭਗਤਾਂ ਨੇ ਗਣੇਸ਼ ਮਹਾਰਾਜ ਤੋਂ ਸੁੱਖ-ਸ਼ਾਂਤੀ ਦੀ ਕਾਮਨਾ ਕੀਤੀ। ਇਸ ਤੋਂ ਪਹਿਲਾਂ ਹਵਨ ਯੱਗ ਕਰਵਾਏ ਗਏ, ਜਿਸ ਵਿੱਚ ਮਾਰਕੀਟ ਕਮੇਟੀ ਤਪਾ ਦੇ ਚੇਅਰਮੈਨ ਤਰਸੇਮ ਸਿੰਘ ਕਾਹਨੇਕੇ, ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ, ਮੁਨੀਸ਼ ਕੁਮਾਰ ਗਰਗ, ਬੀਬੀ ਚਰਨਜੀਤ ਕੌਰ, ਜਸਵਿੰਦਰ ਸਿੰਘ ਚੱਠਾ ਨੇ ਪੂਰਨ ਆਹੂਤੀ ਪਾ ਕੇ ਸ਼ਹਿਰ ਦੀ ਸੁੱਖ-ਸ਼ਾਂਤੀ ਲਈ ਕਾਮਨਾ ਕੀਤੀ। ਇਸ ਉਪਰੰਤ ਸ਼ੋਭਾ ਯਾਤਰਾ ਦੌਰਾਨ ਭਗਤਾਂ ਨੇ ਟੱਲੇਵਾਲ ਨਹਿਰ ਦੇ ਕਿਨਾਰੇ ਪੂੰਜ ਕੇ ਗਣਪਤੀ ਬੱਪਾ ਮੌਰਿਆ ਅਗਲੇ ਸਾਲ ਜਲਦੀ ਆਉਣ ਦੇ ਜੈਕਾਰਿਆਂ ਵਿਚਕਾਰ ਭਗਵਾਨ ਗਣਪਤੀ ਦੀ ਮੂਰਤੀ ਦਾ ਵਿਸਰਜਨ ਕੀਤਾ ਗਿਆ। ਇਸ ਤੋਂ ਇਲਾਵਾ ਗੀਤਾ ਭਵਨ, ਪ੍ਰਾਚੀਨ ਸਰਾਂ ਮੰਦਿਰ, ਅਗਵਾਰ ਪੰਚਾਇਤੀ ਮੰਦਿਰ ਤੇ ਘਰ-ਘਰ ਸਥਾਪਤ ਗਣੇਸ਼ ਦੀਆਂ ਮੂਰਤੀਆਂ ਵਿਸਰਜਨ ਕੀਤੀਆਂ ਗਈਆਂ।

# ਝੋਨੇ ਦੀ ਸਰਕਾਰੀ ਖਰੀਦ ਪਹਿਲੀ ਤੋਂ, ਖਰੀਦ ਪ੍ਰਬੰਧ ਮੁਕੰਮਲ : ਕਲਸੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਮਾਰਕੀਟ ਕਮੇਟੀ ਦੇ ਨਵ-ਨਿਯੁਕਤ ਸਕੱਤਰ ਕੰਵਲਪ੍ਰੀਤ ਸਿੰਘ ਕਲਸੀ ਨੇ ਬੁੱਧਵਾਰ ਆਪਣਾ ਅਹੁਦਾ ਸੰਭਾਲ ਲਿਆ ਹੈ, ਜਿਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਛੀਵਾੜਾ ਅਨਾਜ ਮੰਡੀ ਤੇ ਇਸ ਦੇ ਉੱਪ-ਖਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ 1 ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਜਾਵੇਗੀ ਤੇ ਕਿਸਾਨ ਉਸ ਦਿਨ ਤੋਂ ਆਪਣੀ ਫਸਲ ਮੰਡੀਆਂ ਵਿੱਚ ਵੇਚਣ ਲਈ ਲੈ ਕੇ ਆ ਸਕਦੇ ਹਨ। ਉਨ੍ਹਾ ਕਿਹਾ ਕਿ ਫਿਲਹਾਲ ਮਾਛੀਵਾੜਾ ਮੰਡੀ ਵਿੱਚ ਬਾਸਮਤੀ ਦੀ ਆਮਦ ਜ਼ੋਰਾਂ 'ਤੇ ਹੈ, ਜਿਸ ਨੂੰ ਪ੍ਰਾਈਵੇਟ ਵਪਾਰੀਆਂ ਵੱਲੋਂ ਖ੍ਰੀਦਿਆ ਜਾ ਰਿਹਾ ਹੈ। ਮਾਰਕੀਟ ਕਮੇਟੀ ਸਕੱਤਰ ਕਲਸੀ ਨੇ ਦੱਸਿਆ ਕਿ ਮਾਛੀਵਾੜਾ ਦਾਣਾ ਮੰਡੀ ਤੇ ਇਸ ਨਾਲ ਸਬੰਧਤ ਉੱਪ-ਖਰੀਦ ਕੇਂਦਰ ਲੱਖੋਵਾਲ ਕਲਾਂ, ਸ਼ੇਰਪੁਰ ਬੇਟ, ਹੇਡੋਂ ਬੇਟ ਤੇ ਬੁਰਜ ਪਵਾਤ ਵਿਖੇ ਫੜ੍ਹਾਂ ਦੀ ਸਫ਼ਾਈ ਦਾ ਕੰਮ ਲੱਗਭਗ ਮੁਕੰਮਲ ਹੋ ਚੁੱਕਾ ਹੈ। ਉਨ੍ਹਾ ਕਿਹਾ ਕਿ ਮਾਰਕੀਟ ਕਮੇਟੀ ਦਫ਼ਤਰ ਵਿੱਚ ਸਟਾਫ਼ ਦੀ ਘਾਟ ਹੈ, ਪਰ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 1 ਅਕਤੂਬਰ ਤੋਂ ਪ੍ਰਾਈਵੇਟ ਤੌਰ 'ਤੇ ਕਰਮਚਾਰੀ ਵੀ ਨਿਯੁਕਤ ਕਰ ਲਏ ਗਏ ਹਨ।

ਮਾਰਕੀਟ ਕਮੇਟੀ ਸਕੱਤਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ 1 ਅਕਤੂਬਰ ਤੋਂ ਸੁੱਕਾ ਝੋਨਾ ਵੇਚਣ ਲਈ ਹੀ ਮੰਡੀਆਂ ਵਿੱਚ ਲਿਆਉਣ। ਉਨ੍ਹਾ ਦੱਸਿਆ ਕਿ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ ਇਸ ਲਈ ਪੀਣ ਵਾਲਾ ਸ਼ੁੱਧ ਪਾਣੀ ਤੇ ਮੰਡੀਆਂ ਵਿਚ ਲਾਈਟਾਂ ਦੇ ਸੁਚੱਜੇ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾ ਕਿਹਾ ਕਿ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਫੜ੍ਹਾਂ ਦੀ ਅਲਾਟਮੈਂਟ ਵੀ ਜਲਦ ਕਰ ਦਿੱਤੀ ਜਾਵੇਗੀ ਤੇ ਜੋ ਪ੍ਰਾਈਵੇਟ ਫੜ੍ਹ ਹਨ, ਉਸ ਸਬੰਧੀ ਵੀ ਸੂਚੀ ਪ੍ਰਵਾਨਗੀ ਲਈ ਭੇਜ ਦਿੱਤੀ ਹੈ।

# ਨਸ਼ਾ ਤਸਕਰ ਪੰਜ ਕਿੱਲੋ ਅਫੀਮ ਤੇ 50 ਹਜ਼ਾਰ ਡਰੱਗ ਮਨੀ ਸਮੇਤ ਕਾਬੂ



**ਮੂਨਕ/ਸੰਗਰੂਰ (ਰਾਜਪਾਲ ਸਿੰਗਲਾ/ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਮੂਨਕ ਪੁਲਸ ਨੇ ਇਕ ਵੱਡੀ ਖੇਪ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਸੰਗਰੂਰ ਦੇ ਐੱਸ ਐੱਸ ਪੀ ਸੁਰਿੰਦਰ ਲਾਂਬਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 27 ਅਗਸਤ 2023 ਨੂੰ ਮੂਨਕ ਦੇ ਡੀ ਐੱਸ ਪੀ ਪਰਮਿੰਦਰ ਸਿੰਘ ਦੀ ਅਗਵਾਈ ਹੇਠ ਐੱਸ ਐੱਚ ਓ ਸੁਰਿੰਦਰ ਭੱਲਾ ਸਮੇਤ ਪੁਲਸ ਪਾਰਟੀ ਦੀ ਚੈਕਿੰਗ ਦੌਰਾਨ ਮੂਨਕ-ਪਾਤੜਾਂ ਰੋਡ 'ਤੇ ਪਿੰਡ ਬਸਹਿਰਾ ਕੋਲ ਮੌਜੂਦ ਸਨ। ਮੁਖਬਰ ਵੱਲੋਂ ਮਿਲੀ ਸੂਚਨਾ ਦੇ ਤਹਿਤ ਦੋਸ਼ੀਆਨ ਜਮਾਨਾ ਸਿੰਘ ਪੁੱਤਰ ਗੁਰਦੇਵ ਸਿੰਘ, ਰਾਮ ਨਿਵਾਸ ਪੁੱਤਰ ਲੀਲਾ ਰਾਮ ਤੇ ਸੂਰਜ ਰਾਮ ਪੁੱਤਰ ਬੌਰੀਆ ਰਾਮ ਵਾਸੀ ਬੁਸੇਹਰਾ, ਜੋ ਬਾਹਰਲੇ ਰਾਜਾਂ ਤੋਂ ਨਸ਼ਾ ਲਿਆ ਕੇ ਵੇਚਣ ਦਾ ਧੰਦਾ ਕਰਦੇ ਸਨ, ਨੂੰ ਪਿੰਡ ਬੁਸੇਹਿਰਾ ਕੋਲ ਨਾਕੇਬੰਦੀ ਦੌਰਾਨ ਪਾਤੜਾਂ ਤੋਂ ਆਉਂਦੀ ਇੱਕ ਕਾਰ ਰੀਟਜ਼ ਯੂ ਪੀ 14 ਬੀ ਐੱਸ 4677 ਨੂੰ ਰੋਕ ਲਿਆ, ਜਿਸ ਵਿੱਚ ਦੋ ਵਿਅਕਤੀ ਸਵਾਰ ਸਨ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਅਤੇ ਕਾਰ ਨੂੰ ਪਿੱਛੇ ਮੋੜਨ ਲੱਗ ਪਏ। ਅਚਾਨਕ ਕਾਰ ਬੰਦ ਹੋ ਗਈ ਤੇ ਕੰਡਕਟਰ ਸਾਈਡ 'ਤੇ ਬੈਠਾ ਮੁਲਜ਼ਮ ਰਾਮ ਨਿਵਾਸ ਮੌਕੇ 'ਤੇ ਤਾਕੀ ਖੋਲ੍ਹ ਕੇ ਭੱਜਣ ਵਿੱਚ ਸਫਲ ਹੋ ਗਿਆ ਤੇ ਕਾਰ ਚਾਲਕ ਜਮਾਨਾ ਸਿੰਘ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਸ ਦੀ ਕਾਰ ਦੀ ਤਲਾਸ਼ੀ ਦੌਰਾਨ ਪੰਜ ਕਿੱਲੋ ਅਫੀਮ, 50 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕਰਕੇ ਮੁਕੱਦਮਾ ਦਰਜ ਕਰ ਲਿਆ ਹੈ। ਤਫਤੀਸ਼ ਦੌਰਾਨ ਪਤਾ ਲੱਗਿਆ ਹੈ ਕਿ ਇਹ ਵਿਅਕਤੀ ਯੂ ਪੀ, ਐੱਮ ਪੀ, ਰਾਜਸਥਾਨ ਤੇ ਪੱਛਮੀ ਬੰਗਾਲ ਤੋਂ ਭਾਰੀ ਮਾਤਰਾ ਵਿੱਚ ਅਫੀਮ ਲਿਆ ਕੇ ਪੰਜਾਬ, ਹਰਿਆਣੇ ਵਿੱਚ ਵੇਚਣ ਦਾ ਧੰਦਾ ਕਰਦੇ ਸਨ। ਇਹ ਤਿੰਨੇ ਮੁਲਜ਼ਮ ਅਫੀਮ ਲੈਣ ਲਈ ਉਕਤ ਗੱਡੀ ਵਿੱਚ ਸਵਾਰ ਹੋ ਕੇ ਗਏ ਸਨ, ਜੋ ਵਾਪਸੀ ਵਿੱਚ ਇੱਕ ਮੁਲਜ਼ਮ ਸੂਰਜ ਰਾਮ ਰਸਤੇ ਵਿੱਚ ਉੱਤਰ ਗਿਆ, ਇਨ੍ਹਾਂ ਦੀ ਭਾਲ ਜਾਰੀ ਹੈ।

## ਸੈਂਟਰ ਢੱਡੇ ਦੀਆਂ ਖੇਡਾਂ 'ਚ ਪ੍ਰਾਇਮਰੀ ਸਕੂਲ ਕੁੱਤੀਵਾਲ ਕਲਾਂ ਬਣਿਆ ਚੈਂਪੀਅਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਪ੍ਰਾਇਮਰੀ ਸਕੂਲ ਢੱਡੇ ਵਿਖੇ ਸੀ. ਐੱਚ. ਟੀ. ਸ੍ਰੀ ਗੁਰਬਖ਼ਸ਼ ਸਿੰਘ ਦੀ ਅਗਵਾਈ ਹੇਠ ਹੋਈਆਂ ਸੈਂਟਰ ਪੱਧਰ ਦੀਆਂ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਕੁੱਤੀਵਾਲ ਕਲਾਂ ਦੇ ਵਿਦਿਆਰਥੀਆਂ ਨੇ ਜਿੱਥੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ, ਉਥੇ ਵਧੇਰੇ ਪੁਜ਼ੀਸ਼ਨਾਂ ਹਾਸਲ ਕਰਕੇ ਸਕੂਲ ਨੇ ਓਵਰਆਲ ਟਰਾਫੀ 'ਤੇ ਵੀ ਕਬਜ਼ਾ ਜਮਾਇਆ ਹੈ। ਸਕੂਲ ਮੁਖੀ ਸ੍ਰੀ ਜਗਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਕਬੱਡੀ ਨੈਸ਼ਨਲ (ਲੜਕੇ), ਚੈੱਸ (ਲੜਕੇ ਤੇ ਲੜਕੀਆਂ), ਰਿਲੇਅ ਰੇਸ (ਲੜਕੇ ਤੇ ਲੜਕੀਆਂ), 100 ਮੀ: ਰੇਸ (ਲੜਕੇ ਤੇ ਲੜਕੀਆਂ), 200 ਮੀ: ਰੇਸ (ਲੜਕੀਆਂ), ਲੰਬੀ ਛਾਲ (ਲੜਕੀਆਂ), ਸ਼ਾਟਪੁੱਟ (ਲੜਕੇ) ਤੇ ਬੈਡਮਿੰਟਨ (ਲੜਕੇ) ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਯੋਗਾ (ਲੜਕੀਆਂ), 400 ਮੀ: ਰੇਸ (ਲੜਕੀਆਂ), 600 ਮੀ: ਰੇਸ (ਲੜਕੀਆਂ) ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਸਕੂਲ ਦੇ ਅਧਿਆਪਕ ਹਰਪ੍ਰੀਤ ਕੌਰ, ਸਾਧੂ ਸਿੰਘ, ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਮਨਪ੍ਰੀਤ ਕੌਰ ਤੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਹਾਜ਼ਰ ਸਨ।

# ਵਿਦਿਆਰਥੀਆਂ ਦਾ ਬੌਧਿਕ ਪੱਧਰ ਉੱਚਾ ਚੁੱਕ ਕੇ ਹੀ ਦ੍ਰਿਸ਼ਟੀਕੋਣ ਵਿਗਿਆਨਕ ਬਣਾਇਆ ਜਾ ਸਕਦੈ-ਤਰਕਸ਼ੀਲ ਸੁਸਾਇਟੀ ਪੰਜਾਬ

**ਮਾਨਸਾ (ਪਮਾਰ)**-ਵਿਦਿਆਰਥੀਆਂ ਦੇ ਮਨਾਂ ਅੰਦਰ ਵਿਗਿਆਨਕ ਚੇਤਨਾ ਉਤਪੰਨ ਕਰਨ ਤੇ ਹਰ ਚੀਜ਼ ਪ੍ਰਤੀ ਕੀ, ਕਿਉਂ ਤੇ ਕਿਵੇਂ ਦਾ ਦ੍ਰਿਸ਼ਟੀਕੋਣ ਬਣਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 'ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ' ਕਰਾਉਣ ਦਾ ਲੰਬੇ ਸਮੇਂ ਤੋਂ ਉੱਦਮ ਕੀਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਦੇਸ਼ ਦੇ ਨੌਜਵਾਨ ਚਮਤਕਾਰਾਂ, ਪੁਨਰ ਜਨਮ, ਟੇਵਾ ਪੱਤਰੀਆਂ, ਧਾਗੇ ਤਵੀਤਾਂ, ਨਸ਼ਿਆਂ ਜਿਹੀਆਂ ਅਲਾਮਤਾਂ ਦੇ ਪਿੱਛਲੱਗ ਬਣਨ ਦੀ ਬਜਾਏ ਹਰ ਚੀਜ਼ ਨੂੰ ਤਰਕ ਦੀ ਕਸੌਟੀ 'ਤੇ ਪਰਖਣ ਦੀ ਵਿਗਿਆਨਕ ਸਮਝ ਰੱਖਣ ਦੇ ਸਮਰੱਥ ਬਣਦੇ ਹਨ। ਚੁਫੇਰੇ ਫੈਲੇ ਅੰਧਵਿਸ਼ਵਾਸ ਦਾ ਪਰਦਾਫਾਸ਼ ਹੁੰਦਾ ਹੈ, ਜਿਸ ਨਾਲ ਦੇਸ਼ ਦਾ ਸਰਮਾਇਆ ਸਹੀ ਜਗਾ ਵਰਤੋਂ ਵਿੱਚ ਆਉਂਦਾ ਤੇ ਦੇਸ਼ ਵਿਕਾਸ ਦੀਆਂ ਲੀਹਾਂ 'ਤੇ ਚੱਲ ਸਕਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਮਾਨਸਾ ਜ਼ੋਨ ਮੁਖੀ ਮਾਸਟਰ ਲੱਖਾ ਸਿੰਘ ਸਹਾਰਨਾ ਤੇ ਮਾਸਟਰ ਓਮ ਪ੍ਰਕਾਸ਼ ਨੇ ਵੱਖ ਵੱਖ ਸਕੂਲਾਂ ਵਿੱਚ ਵਿਦਿਆਰਥੀ, ਅਧਿਆਪਕਾਂ ਤੇ ਸਕੂਲ ਸਟਾਫ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾ ਕਿਹਾ ਕਿ ਹਰ ਸਾਲ ਕਰਵਾਈ ਜਾ ਰਹੀ ਪ੍ਰੀਖਿਆ ਤੋਂ ਪਹਿਲਾਂ ਸਕੂਲਾਂ 'ਚ ਜਾ ਕੇ ਸੁਸਾਇਟੀ ਦੇ ਨਿਸ਼ਾਨੇ ਬਾਰੇ ਜਾਣੂ ਕਰਵਾ ਕੇ ਪੇਪਰਾਂ ਦੀ ਤਿਆਰੀ ਲਈ ਮਿਡਲ ਤੇ ਸੈਕੰਡਰੀ ਵਰਗ ਦੇ ਪੱਧਰ ਦਾ ਤਿਆਰ ਕੀਤਾ ਸਿਲੇਬਸ ਬੱਚਿਆਂ ਨੂੰ ਪੜ੍ਹਨ ਲਈ ਦਿੱਤਾ ਜਾਂਦਾ ਹੈ, ਉਪਰੰਤ ਪੇਪਰਾਂ ਤੋਂ ਬਾਅਦ ਲਗਪਗ ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਦਿੱਤੇ ਜਾਂਦੇ ਹਨ ਅਤੇ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਸੁਸਾਇਟੀ ਦੇ ਮੈਗਜ਼ੀਨ, ਕਿਤਾਬਾਂ ਦੇ ਸੈੱਟ, ਪੈੱਨ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤੇ ਜਾਂਦੇ ਹਨ।

ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਮੀਡੀਆ ਵਿਭਾਗ ਦੇ ਮੁਖੀ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਪਰਖ ਪ੍ਰੀਖਿਆ ਦੀ ਤਿਆਰੀ ਤਹਿਤ ਆਗੂਆਂ ਭਾਈ ਬਹਿਲੋ ਗਰਲਜ਼ ਕਾਲਜ ਫਫੜੇ ਭਾਈਕੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਭਾਈ ਬਹਿਲੋ ਪਬਲਿਕ ਸਕੂਲ ਫਫੜੇ ਭਾਈਕੇ, ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸਰਦੂਲਗੜ੍ਹ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸਰਕਾਰੀ ਹਾਈ ਸਕੂਲ ਕਾਹਨੇਵਾਲਾ, ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬੋਹਾ, ਗੌਰਮਿੰਟ ਹਾਈ ਸਕੂਲ ਗੰਢੂਆਂ, ਰਿਉਂਦ, ਮੰਘਾਣੀਆਂ ਦਾ ਦੌਰਾ ਕਰਕੇ ਛੇ ਅਕਤੂਬਰ ਦੀ ਪਰਖ ਪ੍ਰੀਖਿਆ ਸੰਬੰਧੀ ਤਿਆਰੀ ਕਰਵਾਈ। ਇਸ ਸਮੇਂ ਵੱਖ ਵੱਖ ਸਕੂਲਾਂ ਦੇ ਸਟਾਫ ਵੱਲੋਂ ਆਪੋ ਆਪਣੇ ਸਕੂਲਾਂ ਦੀ ਭਾਗੀਦਾਰੀ ਕਰਵਾਉਂਦਿਆਂ ਸਹਿਯੋਗ ਕੀਤਾ ਗਿਆ ਤੇ ਸੁਸਾਇਟੀ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਗਈ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਚਿੱਪ ਵਾਲੇ ਮੀਟਰਾਂ ਦਾ ਵਿਰੋਧ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਸਰਕਾਰ ਵੱਲੋਂ ਬਿਜਲੀ ਬੋਰਡ ਨੂੰ ਪਿੰਡਾਂ ਤੇ ਸ਼ਹਿਰਾਂ ਵਿੱਚ ਚਿੱਪ ਵਾਲੇ ਮੀਟਰ ਲਾਉਣ ਲਈ ਹੁਕਮ ਜਾਰੀ ਕੀਤੇ ਗਏ ਹਨ, ਪਰ ਇਨ੍ਹਾਂ ਚਿੱਪ ਵਾਲੇ ਮੀਟਰਾਂ ਦੇ ਲਾਉਣ ਨੂੰ ਲੈ ਕੇ ਹਰ ਥਾਂ ਬਿਜਲੀ ਬੋਰਡ ਦੇ ਮੁਲਾਜ਼ਮਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਝੋਕ ਮੋਹੜੇ ਬਲਾਕ ਦੇ ਪਿੰਡ ਅਲਫੂ ਕੇ ਵਿਖੇ ਲੱਗੇ ਹੋਏ ਚਿੱਪ ਵਾਲੇ ਮੀਟਰ ਉਤਾਰ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਇਕਾਈ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਸਖਤ ਵਿਰੋਧ ਕੀਤਾ ਗਿਆ ਤੇ ਪੰਜਾਬ ਸਰਕਾਰ ਤੇ ਬਿਜਲੀ ਬੋਰਡ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਸੂਬਾ ਪ੍ਰੈੱਸ ਸਕੱਤਰ ਅਵਤਾਰ ਮਹਿਮਾ ਨੇ ਸਖਤ ਲਹਿਜੇ ਵਿੱਚ ਚਿਤਾਵਨੀ ਦਿੱਤੀ ਕਿ ਇਹ ਮੀਟਰ ਇੱਕ ਪਿੰਡ ਵਿੱਚੋਂ ਹੀ ਨਹੀਂ ਸਾਰੇ ਪਿੰਡਾਂ ਵਿੱਚੋਂ ਉਤਾਰੇ ਜਾਣਗੇ ਤੇ ਮੀਟਰ ਲਾਉਣ ਆਏ ਮੁਲਾਜ਼ਮਾਂ ਦਾ ਵਿਰੋਧ ਕੀਤਾ ਜਾਵੇਗਾ ਅਤੇ ਪੰਜਾਬ ਵਿੱਚ ਨਵੀਂ ਬਣੀ ਸਰਕਾਰ ਦੀਆਂ ਕਿਸਾਨ, ਮਜ਼ਦੂਰ, ਵਪਾਰ ਮਾਰੂ ਨੀਤੀਆਂ ਨੂੰ ਲਾਗੂ ਨਹੀਂ ਹੋਣ ਦੇਵਾਂਗੇ। ਪੰਜਾਬ ਸਰਕਾਰ ਬਿਜਲੀ ਬੋਰਡ ਸਮਾਰਟ ਮੀਟਰ ਦੀ ਜਗ੍ਹਾ ਪੁਰਾਣੇ ਸਧਾਰਨ ਮੀਟਰ ਮੁਹੱਈਆ ਕਰਵਾਏ, ਨਹੀਂ ਤਾਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਸਖਤ ਕਦਮ ਚੁੱਕੇਗੀ। ਯੂਨੀਅਨ ਆਗੂਆਂ ਨੇ ਇਹ ਮੀਟਰ ਪਿੰਡ 'ਚੋਂ ਉਤਾਰ ਕੇ ਬਿਜਲੀ ਬੋਰਡ ਝੋਕ ਟਹਿਲ ਸਿੰਘ ਵਾਲੇ ਗਰਿੱਡ ਦੇ ਮੁਲਾਜ਼ਮ ਕਰਨੈਲ ਸਿੰਘ ਨੂੰ ਜਮ੍ਹਾਂ ਕਰਵਾਏ ਤੇ ਦੂਸਰੇ ਮੀਟਰ ਲਗਾਉਣ ਲਈ ਮੰਗ ਪੱਤਰ ਦਿੱਤਾ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਰਣਜੀਤ ਸਿੰਘ ਝੋਕ ਬਲਾਕ ਸਕੱਤਰ ਸਤਵੀਰ ਸਿੰਘ, ਸਰਬਜੀਤ ਸਿੰਘ, ਕੁਲਬੀਰ ਸਿੰਘ, ਸੁਰਜੀਤ ਸਿੰਘ, ਨਰਿੰਦਰ ਸਿੰਘ ਆਦਿ ਹਾਜ਼ਰ ਸਨ।

# ਹਲਕਾ ਵਿਧਾਇਕ ਸਰਾਰੀ ਵੱਲੋਂ ਸਕੂਲਾਂ ਨੂੰ ਨਵੇਂ ਕਮਰੇ ਤੇ ਚਾਰਦੀਵਾਰੀ ਦੀ ਗ੍ਰਾਂਟ ਜਾਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਪੰਜਾਬ ਸਰਕਾਰ ਵੱਲੋਂ ਸਕੂਲਾਂ ਦੀ ਦਿੱਖ ਨੂੰ ਸੁਧਾਰਨ ਲਈ ਕੀਤੇ ਜਾ ਰਹੇ ਉਪਰਾਲੇ ਤਹਿਤ ਅੱਜ ਹਲਕਾ ਗੁਰੂਹਰਸਹਾਏ ਦੇ ਸਕੂਲਾਂ ਨੂੰ ਨਵੇਂ ਕਮਰੇ ਅਤੇ ਚਾਰਦੀਵਾਰੀ ਦੀ ਗ੍ਰਾਂਟ ਜਾਰੀ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜੇ ਕੇ ਉਤਾੜ ਵਿਖੇ ਇਕ ਸ਼ਾਨਦਾਰ ਸਮਾਗਮ ਰੱਖਿਆ ਗਿਆ।ਜਿਸ ਵਿਚ ਮੁੱਖ ਮਹਿਮਾਨ ਵਜੋਂ ਹਲਕੇ ਦੇ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਸ਼ਿਰਕਤ ਕੀਤੀ।ਇਸ ਮੌਕੇ ਵਿਧਾਇਕ ਫੌਜਾ ਸਿੰਘ ਸਰਾਰੀ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਸਿੱਖਿਆ ਦੇ ਸੁਧਾਰ ਲਈ ਅਹਿਦ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਹਲਕਾ ਗੁਰੂ ਹਰਸਹਾਏ ਦੇ ਸਕੂਲਾਂ ਵਿਚ ਚਾਰਦੀਵਾਰੀ ਲਈ 4.14 ਕਰੋੜ ਰੁਪਏ ਤੇ ਨਵੇਂ ਕਮਰਿਆਂ ਲਈ 30.4 ਲੱਖ ਰੁਪਏ ਗ੍ਰਾਂਟ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਲਈ ਤੇ ਉਨ੍ਹਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਿਸੇ ਵੀ ਤਰ੍ਹਾਂ ਦੇ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾ ਲੋਕਾਂ ਨੂੰ ਸਰਕਾਰੀ ਸਕੂਲਾਂ ਵਿਚ ਆਪਣੇ ਬੱਚੇ ਦਾਖਲ ਕਰਾਉਣ ਲਈ ਵੀ ਪ੍ਰੇਰਿਤ ਕੀਤਾ। ਗੁਰੂਹਰਸਹਾਏ ਹਲਕੇ ਦੇ 25 ਸਕੂਲਾਂ ਨੂੰ ਨਵੇਂ ਕਮਰੇ ਅਤੇ ਚਾਰਦੀਵਾਰੀ ਦੇ ਚੈੱਕ ਤਕਸੀਮ ਕੀਤੇ ਗਏ।ਇਸ ਮੌਕੇ ਸਕੂਲ ਪ੍ਰਿੰਸੀਪਲ ਪ੍ਰੇਮ ਸਿੰਘ ਨੇ ਵਿਧਾਇਕ ਨੂੰ ਜੀ ਆਇਆਂ ਕਿਹਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਚਕਮੌਰ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਸਤੀਸ਼ ਕੁਮਾਰ, ਉਪ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਗਟ ਸਿੰਘ ਬਰਾੜ, ਪ੍ਰਿੰਸੀਪਲ ਸਤੀਸ਼ ਕੁਮਾਰ, ਮੁੱਖ ਅਧਿਆਪਕ ਉਮੇਸ਼ ਕੁਮਾਰ, ਮੁੱਖ ਅਧਿਆਪਕ ਵਰਿੰਦਰ ਸਿੰਘ, ਮੁੱਖ ਅਧਿਆਪਕ ਚਰਨ ਸਿੰਘ, ਮੁੱਖ ਅਧਿਆਪਕ ਸਾਰਿਕਾ, ਬੀ ਪੀ ਈ ਓ ਸੁਰਿੰਦਰ ਪਾਲ, ਬੀ ਪੀ ਈ ਓ ਗੁਰਮੀਤ ਸਿੰਘ, ਬੀ ਪੀ ਈ ਓ ਜਸਵਿੰਦਰ ਸਿੰਘ, ਤੇ ਹੋਰ ਵੱਖ ਵੱਖ ਪਿੰਡਾਂ ਤੋਂ ਆਏ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਆਦਿ ਹਾਜ਼ਰ ਸਨ।

## ਫਰੀਦ ਟਰੈਵਲਜ਼ ਨੇ ਯੂ. ਕੇ. ਸਟੱਡੀ ਵੀਜ਼ਾ ਲਵਾਇਆ



**ਜਗਰਾਉਂ (ਸੰਜੀਵ ਅਰੋੜਾ)**-ਇਲਾਕੇ ਅੰਦਰ ਆਈਲਟਸ ਤੇ ਇਮੀਗ੍ਰੇਸ਼ਨ ਖੇਤਰ 'ਚ ਚੰਗਾ ਨਾਮ ਬਣਾਉਣ ਵਾਲੀ ਫਰੀਦ ਟਰੈਵਲਜ਼ ਸੰਸਥਾ ਵੱਲੋਂ ਜਿੱਥੇ ਧੜਾ-ਧੜ ਵੀਜ਼ੇ ਲਗਵਾਏ ਜਾ ਰਹੇ ਹਨ, ਉਥੇ ਆਈਲਟਸ 'ਚ ਵੀ ਵਿਦਿਆਰਥੀ ਚੰਗੇ ਬੈਂਡ ਹਾਸਲ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਐੱਮ. ਡੀ. ਅਮਿਤ ਸੱਚਦੇਵਾ ਨੇ ਦੱਸਿਆ ਕਿ ਸੰਸਥਾ ਵੱਲੋਂ ਮਨਦੀਪ ਕੌਰ ਵਾਸੀ ਜਗਰਾਉਂ ਦਾ ਯੂ. ਕੇ. ਸਟੱਡੀ ਵੀਜ਼ਾ ਲਗਾ ਕੇ ਦਿੱਤਾ ਹੈ। ਉਨ੍ਹਾ ਦੱਸਿਆ ਕਿ ਸੰਸਥਾ ਵੱਲੋਂ ਕੈਨੇਡਾ, ਆਸਟ੍ਰੇਲੀਆ ਤੇ ਯੂ. ਕੇ. ਦੇ ਸਟੱਡੀ ਤੇ ਵਿਜ਼ਿਟਰ ਵੀਜ਼ੇ ਲਗਵਾਏ ਜਾ ਰਹੇ ਹਨ। ਇਸ ਮੌਕੇ ਮਨਦੀਪ ਕੌਰ ਨੇ ਫਰੀਦ ਟਰੈਵਲਜ਼ ਸੰਸਥਾ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸੰਸਥਾ ਨੇ ਵੀਜ਼ੇ ਸਬੰਧੀ ਸਹੀ ਤੇ ਵਧੀਆ ਜਾਣਕਾਰੀ ਦਿੱਤੀ, ਜਿਸ ਕਰਕੇ ਮੈਂ ਵੀਜ਼ਾ ਹਾਸਲ ਕੀਤਾ।

## ਟੈਗੋਰ ਇੰਟਰਨੈਸ਼ਨਲ ਸਕੂਲ ਨੇ ਹੈਂਡਬਾਲ 'ਚ ਸੋਨ ਤਮਗਾ ਜਿੱਤਿਆ



**ਦੇਵੀਗੜ੍ਹ/ਪਟਿਆਲਾ (ਵਿਜੇ ਕੁਮਾਰ ਸ਼ਰਮਾ)** : ਪੋਲੋ ਗਰਾਊਂਡ ਪਟਿਆਲਾ ਵਿਖੇ ਚੱਲ ਰਹੀਆਂ 67ਵੀਂ ਸਕੂਲ ਜ਼ਿਲ੍ਹਾ ਪੱਧਰੀ ਖੇਡਾਂ 2023-24 ਦੌਰਾਨ ਟੈਗੋਰ ਇੰਟਰਨੈਸ਼ਨਲ ਸਕੂਲ ਅਕਬਪੁਰ ਅਫਗਾਨਾ, ਦੇਵੀਗੜ੍ਹ ਦੀ ਹੈਂਡਬਾਲ-14 ਲੜਕੀਆਂ ਵਰਗ ਦੀ ਟੀਮ ਨੇ ਸੋਨ ਤਮਗਾ ਜਿੱਤ ਕੇ ਪੂਰੇ ਇਲਾਕੇ ਵਿੱਚ ਸਕੂਲ ਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਸਕੂਲ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ 10 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਦੇ ਫਾਈਨਲ ਮੁਕਾਬਲੇ ਵਿੱਚ ਟੈਗੋਰ ਇੰਟਰਨੈਸ਼ਨਲ ਸਕੂਲ ਅਕਬਰਪੁਰ ਅਫਗਾਨਾ ਦੀ ਟੀਮ ਨੇ ਪਟਿਆਲਾ-3 ਦੀ ਟੀਮ ਨੂੰ ਹਰਾ ਕੇ ਜ਼ਿਲ੍ਹਾ ਟ੍ਰਾਫੀ ਆਪਣੇ ਨਾਮ ਕੀਤੀ। ਸਕੂਲ ਡਾਇਰੈਕਟਰ ਗੌਰਵ ਗੁਲਟੀ, ਪ੍ਰੈਜ਼ੀਡੈਂਟ ਸਲੋਨੀ ਗੁਲਾਟੀ ਤੇ ਪ੍ਰਿੰਸੀਪਲ ਰੇਖਾ ਸ਼ਰਮਾ ਨੇ ਮਾਣਯੋਗ ਕੋਚ ਲਤੀਫ ਮੁਹੰਮਦ ਤੇ ਕ੍ਰਿਸ਼ਨ ਕੁਮਾਰ ਅਤੇ ਉਨ੍ਹਾਂ ਦੀ ਜੇਤੂ ਟੀਮ ਦੇ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਤੇ ਸਨਮਾਨ ਚਿੰਨ੍ਹਾਂ ਨਾਲ ਸਤਿਕਾਰ ਕਰਦਿਆਂ ਸਾਰੇ ਸਕੂਲ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਰਾਜ ਪੱਧਰੀ ਮੁਕਾਬਲਿਆਂ 'ਚ ਵੀ ਅਜਿਹਾ ਹੀ ਪ੍ਰਦਸ਼ਨ ਕਰ ਕੇ ਜਿੱਤ ਹਾਸਲ ਕਰਨ ਲਈ ਟੀਮ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

29-Sep-PAGE-8.qxd 9/28/2023 10:44 PM Page 1



# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵੱਲੋਂ ਫਿਰਕਾਪ੍ਰਸਤੀ ਤੇ ਨਸ਼ਾ ਵਿਰੋਧੀ ਮਾਰਚ



**ਖਟਕੜ ਕਲਾਂ - (ਹਰਜਿੰਦਰ ਕੌਰ ਚਾਹਲ)**

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ (ਪੀ ਐਸ ਐਫ) ਵੱਲੋਂ ਖਟਕੜ ਕਲਾਂ ਵੱਲ ਵੱਖ-ਵੱਖ ਥਾਵਾਂ ਤੋਂ ਆਰੰਭੇ ਫਿਰਕਾਪ੍ਰਸਤੀ ਅਤੇ ਨਸ਼ਾ ਵਿਰੋਧੀ ਮੋਟਰਸਾਈਕਲ ਮਾਰਚ 'ਚ ਸ਼ਾਮਲ ਸੈਂਕੜੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਨੂੰ ਆਪਣੀ ਅਕੀਦਤ ਭੇਟ ਕੀਤੀ। ਚਾਰੇ ਪਾਸੇ ਸਭਾ ਦੇ ਸਫੇਦ ਰੰਗ ਦੇ ਝੰਡੇ, ਬੈਨਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਮਹੌਲ ਨੂੰ ਇਨਕਲਾਬੀ ਰੰਗ 'ਚ ਲਬਰੇਜ਼ ਕਰ ਰਹੀਆ ਸਨ। ਇਸ ਮੌਕੇ ਮਾਰਚ ਦੀ ਅਗਵਾਈ ਅਜੈ ਫਿਲੌਰ, ਗੁਰਦੀਪ ਗੋਗੀ, ਦਲਵਿੰਦਰ ਕੁਲਾਰ, ਮੱਖਣ ਸੰਗਰਾਮੀ ਪੀ ਐਸ ਐਫ ਦੇ ਆਗੂ ਬਲਦੇਵ ਸਾਹਨੀ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦੇ ਹੋਏ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ, ਜੁਆਇੰਟ ਸਕੱਤਰ ਸ਼ਮਸ਼ੇਰ ਬਟਾਲਾ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਵੱਲੋਂ ਸਾਮਰਾਜਵਾਦ, ਫਿਰਕਾਪ੍ਰਸਤੀ ਅਤੇ ਵੱਖਵਾਦ ਖਿਲਾਫ਼ ਆਰੰਭੀ ਜੰਗ ਅੰਤਿਮ ਸਾਹਾਂ ਤੱਕ ਲੜੀ ਜਾਵੇਗੀ। ਉਨ੍ਹਾਂ ਕਿਹਾ ਸ਼ਹੀਦ ਭਗਤ ਸਿੰਘ ਨੇ ਇਨਕਲਾਬ ਜ਼ਿੰਦਾਬਾਦ ਅਤੇ ਸਾਮਰਾਜਵਾਦ ਮੁਰਦਾਬਾਦ ਦਾ ਨਾਅਰਾ ਦਿੱਤਾ ਸੀ, ਪਰ ਦੇਸ਼ ਅਤੇ ਸੂਬੇ ਦੇ ਹਾਕਮ ਸਿਰਫ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਗਾ ਕੇ ਸ਼ਹੀਦ ਭਗਤ ਸਿੰਘ ਨਾਲ ਧਰੋਹ ਕਮਾ ਰਹੀਆ ਹਨ। ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਗਲਿਆ ਸੜਿਆ ਸਿਸਟਮ ਬਦਲ ਕੇ ਬਰਾਬਰਤਾ ਵਾਲਾ ਪ੍ਰਬੰਧ ਉਸਾਰਨਾਂ ਚਾਹੁੰਦੇ ਸਨ ਪਰ ਦੇਸ਼ ਦੀ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਫਿਰਕਾਪ੍ਰਸਤੀ ਫੈਲਾ ਕੇ ਦਲਿਤਾਂ ਮੁਸਲਮਾਨਾਂ ਅਤੇ ਘੱਟ ਗਿਣਤੀ ਲੋਕਾਂ ਅਤੇ ਔਰਤਾਂ 'ਤੇ ਲਗਾਤਾਰ ਤਸ਼ੱਦਦ ਕਰਕੇ ਦੇਸ਼ ਅੰਦਰ ਡਰ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਮਨਜਿੰਦਰ ਢੇਸੀ ਨੇ ਕਿਹਾ ਕਿ ਨਿੱਜੀਕਰਨ, ਵਪਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਤਹਿਤ ਦੇਸ਼ ਅੰਦਰ ਸਿੱਖਿਆ ਨੂੰ ਅਮੀਰਾਂ ਵਾਸਤੇ ਰਾਖਵੀ ਕਰਕੇ ਗਰੀਬਾਂ ਦੇ ਬੱਚਿਆ ਨੂੰ ਅੱਖਰ ਵਿਹੂਣਾ ਰੱਖਿਆ ਜਾ ਰਿਹਾ ਹੈ। ਉਨ੍ਹਾਂ ਮਜਦੂਰ ਦੀ ਦਿਹਾੜੀ ਅੱਠ ਘੰਟਿਆ ਤੋਂ 12 ਘੰਟੇ ਤੱਕ ਕੀਤੇ ਦੀ ਵੀ ਨਿਖੇਧੀ ਕੀਤੀ। ਇਸ ਮੌਕੇ ਜੱਸਾ ਰੁੜਕਾ, ਵਿਕਰਮ ਮੰਡਿਆਲਾ, ਭਾਰਤੀ ਮਾਹੂੰਵਾਲ, ਤਰਸੇਮ ਸ਼ਾਹਕੋਟ, ਪ੍ਰਭਾਤ ਕਵੀ, ਅਮਰੀਕ ਸਿੰਘ, ਹਰਜੀਤ ਢੇਸੀ, ਗੁਰਵਿੰਦਰ ਜਗਤਪੁਰ, ਸੁਨੀਲ ਭੈਣੀ, ਸਨੀ ਜੱਸਲ, ਸੰਦੀਪ ਫਿਲੌਰ, ਕੁਲਦੀਪ ਬਿਲਗਾ, ਰਿੱਕੀ ਮਿਆਂਵਾਲ, ਲਖਵੀਰ ਖੋਖੇਵਾਲ ਆਦਿ ਆਗੂ ਵੀ ਹਾਜ਼ਰ ਸਨ।

# ਬਰਸਟ ਦੀ ਰਹਿਨੁਮਾਈ ਹੇਠ ਪਬਲਿਕ ਡਿਸਪਲੇ ਸਿਸਟਮ ਦਾ ਉਦਘਾਟਨ

**ਸ਼ਾਹਕੋਟ (ਗਿਆਨ ਸੈਦਪੁਰੀ)**

ਪੰਜਾਬ ਮੰਡੀ ਬੋਰਡ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਅਨੁਸਾਰ ਪੰਜਾਬ ਮੰਡੀ ਬੋਰਡ ਮੁੱਖ ਦਫਤਰ ਮੋਹਾਲੀ ਵਿਖੇ ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਦੀ ਰਹਿਨੁਮਾਈ ਹੇਠ ਆਮ ਲੋਕਾਂ



ਦੀ ਸਹੂਲਤ ਲਈ 86 ਇੰਚ ਦੇ ਪਬਲਿਕ ਡਿਸਪਲੇ ਸਿਸਟਮ ਦਾ ਉਦਘਾਟਨ ਕੀਤਾ ਗਿਆ। ਬਰਸਟ ਨੇ ਦੱਸਿਆ ਗਿਆ ਕਿ ਜਿਸ ਤਰ੍ਹਾਂ ਅੱਜ ਹਰ ਵਸਤੂ ਆਨਲਾਇਨ ਪ੍ਰਕਿਰਿਆ ਨਾਲ ਜੁੜੀ ਹੈ ਤੇ ਮੰਡੀ ਬੋਰਡ ਨੂੰ ਆਧੁਨਿਕ ਕਰਨ ਵੱਲ ਵਧਾਉਣ ਲਈ ਮੰਡੀ ਬੋਰਡ ਦੇ ਇੰਜੀਨੀਅਰ ਵਿੰਗ ਵੱਲੋ ਇਸ ਦਾ ਨਿਰਮਾਣ ਕੀਤਾ ਗਿਆ ਹੈ। ਇਸ ਤੋਂ ਇਲਾਵੇ ਮੰਡੀ ਬੋਰਡ ਦੇ ਆਨਲਾਇਨ ਪੋਰਟਲ 'ਤੇ ਵੀ ਕਿਸਾਨਾਂ ਲਈ ਹਰ ਤਰ੍ਹਾਂ ਦੀ ਸੁਵਿਧਾ ਉਪਲੱਬਧ ਹੈ ਜਿਸ ਵਿੱਚ ਲੈਂਡ ਮੈਪਿੰਗ, ਈ-ਆਕਸ਼ਨ, ਫਸਲਾਂ ਦੀ ਖਰੀਦ, ਫਾਰਮ ਤੇ ਹੋਰ ਕਈ ਤਰ੍ਹਾਂ ਦੀ ਪ੍ਰਕਿਰਿਆ ਆਨਲਾਇਨ ਕੀਤੀ ਜਾਂਦੀ ਹੈ। ਇਸ ਡਿਸਪਲੇ ਸਿਸਟਮ ਵਿੱਚ ਮੰਡੀ ਬੋਰਡ ਦੀਆਂ ਹੁਣ ਤੱਕ ਦੀਆਂ ਉਪਲੱਬਧੀਆਂ, ਸੰਗਠਨ ਬਣਤਰ, ਪ੍ਰਬੰਧਾ, ਫਸਲਾਂ ਦੀ ਖਰੀਦ, ਮੰਡੀਆਂ ਦੇ ਸਿਸਟਮ, ਸੜਕਾਂ ਦੇ ਨਿਰਮਾਣ, ਆਧੁਨਿਕ ਤਰੀਕੇ ਨਾਲ ਚੱਲ ਰਹੀ ਮੰਡੀਆਂ ਅਤੇ ਹੋਰ ਵਿਕਾਸ ਕਾਰਜਾਂ ਨੂੰ ਦਿਖਾਇਆ ਜਾਵੇਗਾ। ਇਸ ਮੌਕੇ ਅੰਮ੍ਰਿਤ ਕੌਰ ਗਿੱਲ ਸਕੱਤਰ ਪੰਜਾਬ ਮੰਡੀ ਬੋਰਡ, ਰਾਹੁਲ ਗੁਪਤਾ ਵਧੀਕ ਸਕੱਤਰ, ਗੁਰਦੀਪ ਸਿੰਘ ਇੰਜੀਨੀਅਰ ਇਨ ਚੀਫ, ਜਤਿੰਦਰ ਸਿੰਘ ਭੰਗੂ ਚੀਫ ਇੰਨਜੀਨੀਅਰ ਅਤੇ ਹੋਰ ਕਈ ਅਧਿਕਾਰੀ ਹਾਜਰ ਰਹੇ।

# ਨਸ਼ੀਲੇ ਪਦਾਰਥਾਂ ਸਮੇਤ ਤਿੰਨ ਪੁਲਸ ਅੜਿੱਕੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਚਰਨਜੀਤ ਸਿੰਘ ਥਾਣਾ ਮਾਡਲ ਟਾਊਨ ਨੇ ਸਮੇਤ ਸਾਥੀ ਕ੍ਰਮਚਾਰੀਆਂ ਨੇ ਗਸ਼ਤ ਦੇ ਦੌਰਾਨ ਲਖਨ ਖੋਸਲਾ ਪੁੱਤਰ ਵਿਪਨ ਖੋਸਲਾ ਵਾਸੀ ਮੁਹੱਲਾ ਭਗਤ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੂੰ ਕਾਬੂ ਕੀਤਾ ਅਤੇ ਉਸ ਦੀ ਤਲਾਸ਼ੀ ਕਰਨ ਉਪਰੰਤ ਉਸ ਕੋਲੋ 70 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਣ 'ਤੇ ਉਸ ਖਿਲਾਫ ਮੁਕੱਦਮਾ ਦਰਜ ਕੀਤਾ। ਇਸੇ ਤਰ੍ਹਾਂ, ਇੰਸ: ਜਸਬੀਰ ਸਿੰਘ ਮੁੱਖ ਅਫਸਰ, ਥਾਣਾ ਚੱਬੇਵਾਲ ਦੀ ਦੇਖ ਰੇਖ ਹੇਠ ਐਸ ਆਈ ਰਾਕੇਸ਼ ਕੁਮਾਰ ਥਾਣਾ ਚੱਬੇਵਾਲ ਨੇ ਸਾਥੀ ਕਰਮਚਾਰੀਆਂ ਨਾਲ ਹੰਦੋਵਾਲ ਵਿਖੇ ਸਾਹਮਣੇ ਤੋਂ ਆ ਰਹੇ ਇਕ ਨੌਜਵਾਨ ਬਿਕਰਮਜੀਤ ਸਿੰਘ ਪੁੱਤਰ ਰਾਮ ਪ੍ਰਸਾਦ ਵਾਸੀ ਪਿੰਡ ਹੰਦੋਵਾਲ ਥਾਣਾ ਚੱਬੇਵਾਲ ਨੂੰ ਕਾਬੂ ਕਰਕੇ ਉਸ ਪਾਸੋਂ 160 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕਰਕੇ ਉਸ ਦੇ ਖਿਲਾਫ ਮੁਕੱਦਮਾ ਦਰਜ ਕੀਤਾ। ਇਸੇ ਦੌਰਾਨ ਸਾਹਿਲ ਬੈਂਸ ਪੁੱਤਰ ਮਨਜੀਤ ਕੁਮਾਰ ਵਾਸੀ ਪਿੰਡ ਬਠੁੱਲਾ ਥਾਣਾ ਚੱਬੇਵਾਲ ਨੂੰ ਕਾਬੂ ਕਰਕੇ ਉਸ ਪਾਸੋਂ 100 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਗਿਆ।

# ਖ਼ਾਲਸਾ ਕਾਲਜ 'ਚ ਖ਼ੂਨਦਾਨ ਕੈਂਪ ਲਗਾਇਆ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਰੈੱਡ ਰੀਬਨ ਕਲੱਬ ਵਲੋਂ ਐੱਨ.ਐੱਸ.ਐੱਸ. ਯੂਨਿਟ ਦੇ ਸਹਿਯੋਗ ਨਾਲ ਭਾਈ ਘਨਈਆ ਜੀ ਮੱਲ੍ਹਮ ਪੱਟੀ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਬੀ.ਡੀ.ਸੀ. ਬਲੱਡ ਸੈਂਟਰ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਲਗਾਏ ਗਏ ਕੈਂਪ ਵਿਚ ਕਾਲਜ ਵਿਦਿਆਰਥੀਆਂ ਵਲੋਂ 35 ਯੂਨਿਟ ਖ਼ੂਨ ਦਾਨ ਕੀਤਾ ਗਿਆ। ਖ਼ੂਨਦਾਨ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ ਵਲੋਂ ਕੀਤਾ ਗਿਆ। ਇਸ ਮੌਕੇ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਖ਼ੂਨਦਾਨੀ ਵਿਦਿਆਰਥੀਆਂ ਦੀ ਹੌਂਸਲਾ ਅਫ਼ਜਾਈ ਅਤੇ ਕੈਂਪ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਖ਼ੂਨਦਾਨ ਇਕ ਮਹਾਂਦਾਨ ਹੈ ਤੇ ਕਾਲਜ ਵਿਦਿਆਰਥੀਆਂ ਵਲੋਂ ਇਸ ਮਾਨਵਤਾ ਦੇ ਕਾਰਜ ਵਿਚ ਹਿੱਸਾ ਲੈਣਾ ਇਕ ਚੰਗੀ ਪਿਰਤ ਹੈ, ਜਿਸਨੂੰ ਹਮੇਸ਼ਾਂ ਜਾਰੀ ਰੱਖਣਾ ਚਾਹੀਦਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਮੁੱਖ ਮਹਿਮਾਨ ਤੇ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਡਾ. ਅਜੇ ਬੱਗਾ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਸਮਾਜ ਸੇਵਾ ਦੇ ਕਾਰਜ ਵਿਚ ਹਿੱਸਾ ਪਾਉਣ ਅਤੇ ਤੰਦਰੁਸਤ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਖ਼ੂਨਦਾਨ ਕੈਂਪ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਕਾਲਜ ਦੇ ਰੈੱਡ ਰੀਬਨ ਕਲੱਬ ਦੇ ਪ੍ਰੋ. ਅਰਵਿੰਦਰ ਕੌਰ ਅਤੇ ਐੱਨ.ਐੱਸ.ਐੱਸ. ਯੂਨਿਟ ਦੇ ਇੰਚਾਰਜ ਡਾ. ਅਰਵਿੰਦਰ ਸਿੰਘ ਅਰੋੜਾ ਵਲੋਂ ਨਿਭਾਈ ਗਈ, ਕਾਲਜ ਵਿਦਿਆਰਥੀ ਯੂਨਿਟ ਦੇ ਪ੍ਰਧਾਨ ਰਮਨਪ੍ਰੀਤ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਖ਼ੂਨਦਾਨ ਕੈਂਪ ਵਿਚ ਪ੍ਰੀਤ ਕੋਹਲੀ ਸਹਾਇਕ ਡਾਇਰੈਕਟਰ ਰੈੱਡ ਰੀਬਨ ਕਲੱਬ ਹੁਸ਼ਿਆਰਪੁਰ, ਐੱਸ.ਐੱਚ.ਓ. ਇੰਸਪੈਕਟਰ ਜੈ ਪਾਲ, ਡਾ. ਬਿੱਕਰ ਸਿੰਘ ਪ੍ਰਧਾਨ ਦੋਆਬਾ ਸਾਹਿਤ ਸਭਾ, ਅਕਾਲੀ ਆਗੂ ਜਿੰਦਰ ਸਿੰਘ ਗਿੱਲ, ਸੁਖਦੇਵ ਸਿੰਘ ਰੁੜਕੀਖਾਸ, ਪਰਮਿੰਦਰ ਸਿੰਘ ਸੁਪਰਡੈਂਟ, ਸੁੱਚਾ ਸਿੰਘ ਬਿਲੜੋਂ, ਸੁਰਿੰਦਰ ਸਿੰਘ ਦਾਰਾਪੁਰੀ, ਮੋਟੀਵੇਟਰ ਭੁਪਿੰਦਰ ਸਿੰਘ ਰਾਣਾ, ਡਾ. ਕ੍ਰਿਸ਼ਨ ਬੱਧਣ, ਡਾ. ਲਖਵਿੰਦਰ ਬਿਲੜੋਂ ਤੋਂ ਇਲਾਵਾ ਬੀ.ਡੀ.ਸੀ. ਬਲੱਡ ਸੈਂਟਰ ਵਲੋਂ ਡਾ. ਅਜੇ ਬੱਗਾ, ਰਾਜੀਵ ਕੁਮਾਰ, ਮਲਕੀਤ ਸਿੰਘ ਤੇ ਟੀਮ ਮੈਂਬਰ, ਕਾਲਜ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।



ਰਾਜਪਾਲ ਸਿੰਘ ਅਟਵਾਲ ਆਪਣੀ ਪਤਨੀ ਸ੍ਰੀਮਤੀ ਸੁਮਨ ਕੌਰ ਅਟਵਾਲ, ਬੱਚੇ ਉਦੇਵੀਰ ਤੇ ਜੈਵੀਰ ਬੇਟੀ ਨਾਲ ਮਾਤਾ ਚਿੰਤਪੁਰਨੀ ਦਰਬਾਰ 'ਤੇ ਮੱਥਾ ਟੇਕਦੇ ਹੋਏ।
(ਫੋਟੋ ਤੇ ਵੇਰਵਾ ਫਿਲੌਰ ਤੋਂ ਬੀ ਐਸ ਕੈਨੇਡੀ)

# ਮੁੱਖ ਮੰਤਰੀ ਦੀ ਮੀਟਿੰਗ 'ਚ ਕੋਈ ਸਾਰਥਕ ਹੱਲ ਕੱਢਿਆ ਜਾਵੇ : ਅਧਿਆਪਕ ਆਗੂ

ਮਹਿਤਪੁਰ (ਰਾਜਾ) ਪੰਜਾਬ ਸਰਕਾਰ ਦੁਆਰਾ 28/7/2023 ਨੂੰ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਵੱਡੇ ਪੱਧਰ ਤੇ ਇਕ ਢੌਂਗ ਰਚ ਕੇ ਪੇਸ਼ਕਾਰੀ ਆਰਡਰ ਦਿੱਤੇ ਗਏ। ਉਹ ਆਰਡਰ ਮਹਿਜ ਇਕ ਡਰਾਮਾ ਸੀ ਕਿਉਂਕਿ ਉਸ ਵਿੱਚ ਸਿਰਫ ਤਨਖਾਹ ਵਾਧਾ ਅਤੇ 5% ਸਾਲਾਨਾ ਵਾਧਾ ਹੀ ਪੇਸ਼ ਕੀਤਾ ਜੋ ਕਿ ਕੱਚੇ ਅਧਿਆਪਕਾਂ ਨਾਲ ਇਕ ਭੱਦਾ ਮਜਾਕ ਕੀਤਾ ਗਿਆ। ਸੰਗਰੂਰ ਦੀ ਧਰਤੀ ਪਿੰਡ ਖੁਰਾਣਾ ਦੀ ਪਾਣੀ ਵਾਲੀ ਟੈਂਕੀ 'ਤੇ 13 ਜੂਨ ਤੋਂ ਲਗਾਤਾਰ ਧਰਨਾ ਚੱਲ ਰਿਹਾ ਅਤੇ ਡਟੇ ਹੋਏ ਸਾਥੀ ਇੰਦਰਜੀਤ ਸਿੰਘ



ਮਾਨਸਾ ਨੂੰ ਨੌਕਰੀ ਤੋਂ ਬਰਖਾਸਤ ਕਰਨ ਦਾ ਨੋਟਿਸ ਕੱਢ ਦਿੱਤਾ ਗਿਆ। ਪੰਜਾਬ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ ਦੀ ਨੁਮਾਇੰਦਗੀ ਹੇਠ ਇਸ ਰੋਸ ਵਜੋਂ ਕੱਚੇ ਅਧਿਆਪਕਾਂ ਵਲੋਂ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਨੌਕਰੀ ਤੋਂ ਬਰਖਾਸਤ ਕਰਨ ਵਾਲੇ ਨੋਟਿਸ ਦੀਆਂ ਕਾਪੀਆਂ ਸਾੜੀਆਂ ਗਈਆਂ। ਅਸੀਂ ਅਪੀਲ ਕਰਦੇ ਹਾਂ ਕਿ ਅਧਿਆਪਕਾਂ ਨੂੰ ਬਰਖਾਸਤ ਕਰਨ ਦੀ ਬਜਾਏ 29 ਸਤੰਬਰ ਦੀ ਮੁੱਖ ਮੰਤਰੀ ਦੀ ਮੀਟਿੰਗ ਵਿੱਚ ਕੋਈ ਸਾਰਥਕ ਹੱਲ ਕੱਢਿਆ ਜਾਵੇ। ਇਸ ਸਮੇਂ ਅਮਨ ਵਰਮਾ, ਪਰਮਜੀਤ ਸਿੰਘ, ਰਛਪਾਲ ਸਿੰਘ,ਅਵਤਾਰ ਫਿਲੌਰ, ਮਨੋਜ ਕੁਮਾਰ, ਨਿਰਮਲ ਸਿੰਘ, ਤਰਲੋਚਨ ਸਿੰਘ, ਸੰਦੀਪ ਆਦਮਪੁਰ, ਵੀਨੂੰ ਭੰਡਾਰੀ, ਦਰਸ਼ਨਾ ਕੁਮਾਰੀ, ਸੀਮਾ ਮਸੀਹ, ਰਜਵੰਤ, ਅਮਨਦੀਪ ਕੌਰ, ਜਸਪ੍ਰੀਤ ਕੌਰ, ਕਮਲਪ੍ਰੀਤ ਕੌਰ, ਨੀਰਜ ਕੁਮਾਰੀ ਅਤੇ ਊਸ਼ਾ ਰਾਣੀ ਹਾਜਰ ਸਨ। ਉੱਕਤ ਜਾਣਕਾਰੀ ਪ੍ਰੈਸ ਨੂੰ ਸਿੱਖਿਆ ਪ੍ਰੋਵਾਇਡਰ ਅਧਿਆਪਕ ਯੂਨੀਅਨ ਦੇ ਸਟੇਟ ਕਮੇਟੀ ਮੈਂਬਰ ਤਰਲੋਕ ਸਿੰਘ ਖੁਰਲਾਪੁਰ ਨੇ ਸਾਂਝੀ ਕੀਤੀ।

# ਸਿਲਵਰ ਓਕ ਦੇ ਵਿਦਿਆਰਥੀਆਂ ਨੇ ਤਿਰੰਗਾ ਮਾਰਚ ਕੱਢ ਕੇ ਦੇਸ਼ ਦੇ ਸ਼ਹੀਦਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ)**

ਦੇਸ਼ ਭਗਤੀ ਦੇ ਜਜਬੇ ਦਾ ਸੰਚਾਰ ਕਰਨ ਲਈ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮ 'ਮੇਰੀ ਮਿੱਟੀ ਮੇਰਾ ਦੇਸ਼' ਅਜਾਦੀ ਦਾ ਅੰਮ੍ਰਿਤ ਮਹਾਉਤਸਵ ਅਧੀਨ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਹਿਬਾਜ਼ਪੁਰ ਦੇ ਵਿਦਿਆਰਥੀਆਂ ਨੇ ਸ਼ਹਿਰ ਵਿਚ ਤਿਰੰਗਾ ਮਾਰਚ ਕੱਢ ਕੇ ਲੋਕਾਂ ਵਿਚ ਦੇਸ਼ ਦੇ ਸ਼ਹੀਦਾਂ ਪ੍ਰਤੀ ਸਤਿਕਾਰ ਅਤੇ ਦੇਸ਼ ਭਗਤੀ ਦੇ ਜਜਬੇ ਦਾ ਸੰਚਾਰ ਕੀਤਾ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਹੁਸ਼ਿਆਰਪੁਰ ਹਰਭਗਵੰਤ ਸਿੰਘ ਅਤੇ ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਸਕੂਲ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਬੱਚਿਆਂ ਨੇ ਹੱਥਾਂ ਵਿਚ ਕੌਮੀ ਤਿਰੰਗੇ ਝੰਡੇ, ਫੋਟੋਆਂ, ਬੈਨਰਾਂ ਅਤੇ ਮਾਡਲਾਂ ਰਾਹੀਂ ਭਾਰਤ ਦੇ ਆਜਾਦੀ ਸੰਘਰਸ਼ ਅਤੇ ਆਜਾਦੀ ਦੇ ਸਹੀਦਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। ਇਹ ਤਿਰੰਗਾ ਮਾਰਚ ਬਾਬਾ ਬੂਟਾ ਭਗਤ ਰੋਡ ਤੋਂ ਸ਼ੁਰੂ ਹੋਇਆ, ਮੁੱਖ ਬਾਜ਼ਾਰ ਉੜਮੁੜ, ਗਾਂਧੀ ਚੌਂਕ ਤੋਂ ਹੁੰਦਾ ਹੋਇਆ ਰਾਮ ਲੀਲਾ ਗਰਾਉਂਡ ਨੇੜੇ ਜਾ ਕੇ ਖਤਮ ਹੋਇਆ । ਇਸ ਦੌਰਾਨ ਸਕੂਲ ਦੇ ਸੰਗੀਤ ਵਿਭਾਗ ਦੇ ਇੰਚਾਰਜ ਰਵਿੰਦਰ ਕੁਮਾਰ ਦੀ ਦੇਖਰੇਖ ਵਿਚ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ। ਇਸ ਮੌਕੇ ਮੈਨੇਜਰ ਗਜਿੰਦਰਪਾਲ ਸਿੰਘ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਸ਼ਰਮਾ, ਰਾਜਵਿੰਦਰ ਕੌਰ,ਬਲਜੀਤ ਕੌਰ, ਸੁਮੀਤ ਕੌਰ, ਤਰਨ ਸੈਣੀ, ਗੁਰਪ੍ਰੀਤ ਕੌਰ, ਰਜਨੀਸ਼ ਕੁਮਾਰ, ਰਾਜਵੀਰ, ਗੁਰਦੇਵ ਸਿੰਘ, ਹਰਜੀਤ ਸਿੰਘ ਮੌਜੂਦ ਸਨ ।

# ਸਰਕਾਰੀ ਕੰਨਿਆ ਪ੍ਰਾਇਮਰੀ ਸਕੂਲ 'ਚ 'ਮੇਰੀ ਮਿੱਟੀ ਮੇਰਾ ਦੇਸ਼' ਪ੍ਰੋਗਰਾਮ ਕਰਵਾਇਆ



**ਗੁਰਾਇਆ (ਬਿੰਦਰ ਸੁਮਨ)**

ਸਰਕਾਰੀ ਕੰਨਿਆ ਪ੍ਰਾਇਮਰੀ ਸਕੂਲ ਗੁਰਾਇਆ ਨੇ ਬਲਾਕ ਪ੍ਰਾਇਮਰੀ ਵਿਖੇ 'ਮੇਰੀ ਮਿੱਟੀ ਮੇਰਾ ਦੇਸ਼' ਪ੍ਰੋਗਰਾਮ ਕੀਤਾ ਗਿਆ। ਮੁੱਖ ਮਹਿਮਾਨ ਸੁਰਜੀਤ ਸਿੰਘ ਐੱਨ ਆਰ ਆਈ ਤੇ ਸ੍ਰੀਮਤੀ ਰਵਿੰਦਰ ਕੌਰ, ਰੋਟਰੀ ਕਲੱਬ ਵਿਮਲ ਜੈਨ ਰੋਟੇਰੀਅਨ ਤੇ ਐੱਸ ਐੱਮ ਸੀ ਮੈਂਬਰਾਂ ਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਇਸ ਦਾ ਮੰਤਵ ਬੱਚਿਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਹੈ। ਪ੍ਰੋਗਰਾਮ ਦੇ ਪਹਿਲੇ ਪੜਾਅ ਵਿੱਚ ਹਾਜਰ ਮਹਿਮਾਨਾਂ, ਸਟਾਫ ਅਤੇ ਬੱਚਿਆਂ ਨੇ ਪੰਚ ਪਰਾਨ ਪਲੈੱਜ ਲਈ। ਦੂਜੇ ਪੜਾਅ ਵਿੱਚ ਸ਼ਹੀਦਾਂ ਨਾਲ ਸਬੰਧਤ ਤਖਤੀਆਂ ਅਤੇ ਸਲੋਗਨਾ ਨਾਲ ਢੋਲ ਦੀ ਡੱਗੇ ਨਾਲ ਪ੍ਰਭਾਤ ਫੇਰੀ ਕੱਢੀ ਗਈ। ਉਪਰੰਤ ਡਾਕ ਘਰ ਗੁਰਾਇਆ ਤੋਂ ਕਲਸ ਯਾਤਰਾ ਸ਼ੁਰੂ ਕਰ ਕੇ ਸੜਕਾਂ ਅਤੇ ਗਲੀਆਂ ਵਿੱਚੋ ਹੁੰਦੇ ਹੋਏ ਦੇਸ਼ ਭਗਤੀ ਦੇ ਤਰਾਨਿਆਂ ਨਾਲ ਸਕੂਲ ਅੰਦਰ ਸਮਾਪਤ ਹੋਈ। ਨਗਰ ਨਿਵਾਸੀਆਂ ਨੇ ਇਸ ਯਾਤਰਾ ਦੌਰਾਨ ਬੱਚਿਆਂ ਨੂੰ ਪੇਸਟਰੀਆਂ ਕੇਕ ਵੰਡ ਕੇ ਸਵਾਗਤ ਕੀਤਾ। ਇਸ ਤੋਂ ਬਾਅਦ ਬੱਚਿਆਂ ਦੇ ਪੇਂਟਿਗ ,ਡਰਾਇੰਗ, ਕੁਇਜ਼ , ਕਵਿਤਾ ਗਾਇਨ ਤੇ ਕੋਰੀਓਗ੍ਰਾਫੀ ਮੁਕਾਬਲੇ ਕਰਵਾਏ ਗਏ। ਸੁਰਜੀਤ ਸਿੰਘ ਨੇ ਵਿਦਿਆਥੀਆਂ ਨੂੰ ਭਾਰਤ ਦੀ ਅਜਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਦੇ ਜੀਵਨ ਬਾਰੇ ਦੱਸਿਆ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਨ ਲਈ ਮਨ ਲਾ ਕੇ ਪੜ੍ਹਾਈ ਕਰਨ ਲਈ ਕਿਹਾ। ਮਹਿਮਾਨਾਂ, ਪਤਵੰਤਿਆਂ ਅਤੇ ਸਕੂਲ ਸਟਾਫ ਵਲੋਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਅਤੇ ਨਕਦ ਇਨਾਮ ਦਿੱਤੇ ਗਏ।

# ਪੰਡਤ ਸ਼ਰਧਾ ਰਾਮ ਫਿਲੌਰੀ ਦੀ ਜਯੰਤੀ ਭਲਕੇ

**ਫਿਲੌਰ (ਨਿਰਮਲ)** ਵਿਸ਼ਵ ਪ੍ਰਸਿੱਧ ਆਰਤੀ "ਓਮ ਜੈ ਜਗਦੀਸ਼ ਹਰੇ" ਦੇ ਰਚਣਹਾਰ, ਸਨਾਤਨ ਪ੍ਰਚਾਰਕ, ਸੁਤੰਤਰਤਾ ਸੈਨਾਨੀ,ਸਮਾਜ ਸੁਧਾਰਕ,ਹਿੰਦੀ ਦੇ ਪਹਿਲੇ ਨਾਵਲਕਾਰ ਪੰਡਿਤ ਸ਼ਰਧਾ ਰਾਮ ਫਿਲੌਰੀ ਦੇ 186ਵੇਂ ਜਨਮ ਦਿਹਾੜੇ ਮੌਕੇ 30 ਸਤੰਬਰ ਨੂੰ ਨਵੀਂ ਬਣੀ ਯਾਦਗਾਰ ਵਿਖੇ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। ਪੰਡਿਤ ਸ਼ਰਧਾ ਰਾਮ ਫਿਲੌਰੀ ਚੈਰੀਟੇਬਲ ਟਰੱਸਟ ਦੀ ਤਰਫੋਂ ਇਹ ਸ਼ਰਧਾਂਜਲੀ ਸਮਾਗਮ ਨਵਾਂਸ਼ਹਿਰ ਨੇੜੇ ਬੱਸ ਸਟੈਂਡ ਫਿਲੌਰ ਵਿਖੇ ਸ਼ਰਧਾ ਨਾਲ ਮਨਾਇਆ ਜਾਵੇਗਾ। ਸਵੇਰੇ 08:30 ਵਜੇ ਹਵਨ ਅਤੇ 09:30 ਵਜੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਅਤੁੱਟ ਲੰਗਰ ਵਰਤਾਇਆ ਜਾਵੇਗਾ। ਪੰਡਿਤ ਜੀ ਦੁਆਰਾ ਲਿਖੀ ਆਰਤੀ ਦਾ ਗਾਇਨ ਕੀਤਾ ਜਾਵੇਗਾ ਅਤੇ ਸਮਾਜ ਪ੍ਰਤੀ ਪਾਏ ਯੋਗਦਾਨ ਅਤੇ ਸੇਵਾਵਾਂ ਨੂੰ ਯਾਦ ਕੀਤਾ ਜਾਵੇਗਾ।

# ਜੀ ਡੀ ਗੋਇਨਕਾ ਸਕੂਲ 'ਚ 'ਸਵੱਛਤਾ ਹੀ ਸੇਵਾ' ਮੁਹਿੰਮ ਚਲਾਈ

**ਕਪੂਰਥਲਾ, (ਹਨੀ)**

ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ 15 ਸਤੰਬਰ ਤੋਂ ਸਫਾਈ ਨਾਲ ਸਬੰਧਿਤ ਗਤੀਵਿਧੀਆਂ ਵਿਚ ਵਿਦਿਆਰਥੀ ਵੱਡੇ ਪੱਧਰ 'ਤੇ ਹਿੱਸਾ ਲੈ ਰਹੇ ਹਨ । ਪ੍ਰਿੰਸੀਪਲ ਪਵਲਜੀਤ ਕੌਰ ਨੇ ਦੱਸਿਆ ਕਿ ਇਹ ਗਤੀਵਿਧੀਆਂ 2 ਅਕਤੂਬਰ ਤੱਕ ਨਿਰੰਤਰ ਜਾਰੀ ਰੱਖੀਆਂ ਜਾਣਗੀਆਂ। ਸਰਕਾਰ ਦੁਆਰਾ ਇਸ ਮੁਹਿੰਮ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਵੀ



ਸ਼ਾਮਲ ਕੀਤਾ ਗਿਆ ਅਤੇ ਵਿਦਿਆਰਥੀਆਂ ਨੇ ਸਵੱਛਤਾ ਮੁਹਿੰਮ ਨਾਲ ਸੰਬੰਧਿਤ ਗਤੀਵਿਧੀਆਂ ਵਿੱਚ ਭਾਗ ਲਿਆ, ਜਿਸ ਵਿੱਚ ਹਰੇ ਅਤੇ ਨੀਲੇ ਡਸਟਬਿਨ ਦੇ ਸਹੀ ਪ੍ਰਯੋਗ ਬਾਰੇ ਅਤੇ ਖਾਣ ਤੋਂ ਪਹਿਲਾਂ ਹੱਥ ਧੋਣੇ ਕਿਉਂ ਜਰੂਰੀ ਹਨ, ਇਸ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਸਕੂਲੀ ਵਿਦਿਆਰਥੀਆਂ ਵਲੋਂ ਸਵੱਛਤਾ ਦੀ ਸਹੁੰ ਚੁੱਕੀ ਗਈ। ਇਸ ਵਾਦੇ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਨੇ ਕੈਮਰਾ ਬਾਗ ਦਾ ਦੌਰਾ ਕੀਤਾ। ਜਿਸ ਵਿੱਚ ਜਮਾਤ ਦੂਜੀ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੇ ਉੱਥੇ 'ਸਵੱਛਤਾ ਮੁਹਿੰਮ' ਤਹਿਤ ਸਫਾਈ ਅਭਿਆਨ ਚਲਾਇਆ ਅਤੇ ਉੱਥੋਂ ਦੇ ਵਸਨੀਕਾਂ ਨੂੰ ਆਲੇ-ਦੁਆਲੇ ਦੀ ਸਫਾਈ ਸਬੰਧੀ ਜਾਗਰੂਕ ਕੀਤਾ। ਸਕੂਲ ਦੇ ਚੇਅਰਮੇਨ ਸੁਖਦੇਵ ਸਿੰਘ, ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਪਵਲਜੀਤ ਕੌਰ ਨੇ ਸਰਕਾਰ ਦੁਆਰਾ ਚਲਾਈ ਜਾ ਰਹੀ ਇਸ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਇਸ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਇਨੋਸੈਂਟ ਹਾਰਟਸ ਸਕੂਲ ਲੋਹਾਰਾਂ ਵੱਲੋਂ ਜ਼ੋਨਲ ਕ੍ਰਿਕਟ ਤੇ ਵਾਲੀਬਾਲ ਟੂਰਨਾਮੈਂਟ

**ਜਲੰਧਰ, (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਵੱਲੋਂ ਵਿਦਿਆਰਥੀਆਂ ਵਿੱਚ ਖੇਡ ਭਾਵਨਾ ਨੂੰ ਵਿਕਸਤ ਕਰਨ ਅਤੇ ਉਤਸ਼ਾਹਿਤ ਕਰਨ ਲਈ ਜ਼ੋਨਲ ਕ੍ਰਿਕਟ ਅਤੇ ਵਾਲੀਬਾਲ ਟੂਰਨਾਮੈਂਟ (ਜ਼ੋਨ - 2) ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 15 ਸਕੂਲਾਂ ਨੇ ਭਾਗ ਲਿਆ। ਜ਼ੋਨਲ ਕ੍ਰਿਕਟ ਅਤੇ ਵਾਲੀਬਾਲ ਟੂਰਨਾਮੈਂਟ ਦਾ ਸਮਾਪਤੀ ਸਮਾਰੋਹ ਸਫਲਤਾਪੂਰਵਕ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਹਰਮੇਸ਼ ਲਾਲ (ਪ੍ਰਧਾਨ ਅਤੇ ਜ਼ੋਨਲ ਸਕੱਤਰ), ਸੁਖਦੇਵ ਲਾਲ (ਸੀਨੀਅਰ ਪ੍ਰਧਾਨ ਜ਼ਿਲ੍ਹਾ ਟੂਰਨਾਮੈਂਟ ਕਮੇਟੀ) ਅਤੇ ਸੁਰਿੰਦਰ ਕੁਮਾਰ (ਸਹਾਇਕ ਸਕੱਤਰ, ਜ਼ਿਲ੍ਹਾ ਟੂਰਨਾਮੈਂਟ ਕਮੇਟੀ) ਸਨ। ਨਿਖਿਲ ਹੰਸ ਅਤੇ ਯੋਗੇਸ਼ ਕੁਮਾਰ ਵੀ ਮਹਿਮਾਨਾਂ ਵੱਜੋਂ ਸ਼ਾਮਲ ਸਨ । ਅੰਤ ਵਿੱਚ, ਸ਼੍ਰੀਮਤੀ ਸ਼ਾਲੂ ਸਹਿਗਲ, (ਪ੍ਰਿੰਸੀਪਲ, ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ), ਨਵੀਨ ਧਵਨ, (ਵਾਈਸ ਪ੍ਰਿੰਸੀਪਲ, ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ), ਸ੍ਰੀ ਸੰਜੀਵ (ਸਪੋਰਟਸ ਕੋਆਰਡੀਨੇਟਰ) ਅਤੇ ਜਗਜੀਤ ਸਿੰਘ (ਐਚ.ਓ.ਡੀ., ਸਪੋਰਟਸ) ਨੇ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੈਚਾਂ ਦੇ ਜੇਤੂ ਕ੍ਰਿਕਟ ਅੰਡਰ-14 ਵਰਗ (ਲੜਕੇ) ਵਿੱਚ ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਪਹਿਲਾ, ਇੰਨੋਸੈਂਟ ਹਾਰਟਸ ਸਕੂਲ, ਜੀਐੱਮਟੀ ਨੇ ਦੂਜਾ ਅਤੇ ਲਾ ਬਲੌਸਮ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ।। ਕ੍ਰਿਕਟ ਅੰਡਰ-17 ਵਰਗ (ਲੜਕੇ) ਵਿੱਚ ਕੈਂਬਰਿਜ ਕੋ ਐੱਡ ਸਕੂਲ ਨੇ ਪਹਿਲਾ, ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਦੂਜਾ ਜਦਕਿ ਜੀਐੱਸਐੱਸਐੱਸ ਲਾਡੋਵਾਲੀ ਨੇ ਤੀਜਾ ਸਥਾਨ ਹਾਸਲ ਕੀਤਾ । ਕ੍ਰਿਕਟ ਅੰਡਰ-19 ਵਰਗ (ਲੜਕੇ) ਵਿੱਚ ਕੈਂਬਰਿਜ ਕੋ ਐੱਡ ਸਕੂਲ ਨੇ ਪਹਿਲਾ, ਜੀ ਐੱਮ ਐੱਸ ਐੱਸ ਐੱਸ ਲਾਡੋਵਾਲੀ ਨੇ ਦੂਜਾ ਅਤੇ ਜੀਐੱਮ ਕੋ ਐੱਡ ਸੀਨੀਅਰ ਸੈਕੰਡਰੀ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ । ਕ੍ਰਿਕਟ ਅੰਡਰ-17 ਵਰਗ (ਲੜਕੀਆਂ) ਵਿੱਚ ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਪਹਿਲਾ ਜਦਕਿ ਲਾ ਬਲੌਸਮ ਸਕੂਲ ਨੇ ਦੂਜਾ ਸਥਾਨ ਹਾਸਲ ਕੀਤਾ । ਕ੍ਰਿਕਟ ਅੰਡਰ-19 ਵਰਗ (ਲੜਕੀਆਂ) ਵਿੱਚ ਜੀਜੀਐੱਸਐੱਸ ਲਾਡੋਵਾਲੀ ਪਹਿਲੇ ਸਥਾਨ 'ਤੇ ਰਹੀ । ਵਾਲੀਬਾਲ ਅੰਡਰ-14 ਵਰਗ (ਲੜਕੇ) ਵਿੱਚ ਮਾਨਵ ਸਹਿਯੋਗ ਸਕੂਲ ਨੇ ਪਹਿਲਾ, ਕੈਂਬਰਿਜ ਕੋ ਐੱਡ ਸਕੂਲ ਨੇ ਦੂਜਾ ਅਤੇ ਇੰਨੋਸੈਂਟ ਹਾਰਟਸ ਸਕੂਲ ਲੋਹਾਰਾਂ ਨੇ ਤੀਜਾ ਸਥਾਨ ਹਾਸਲ ਕੀਤਾ। ਵਾਲੀਬਾਲ ਅੰਡਰ-17 ਵਰਗ (ਲੜਕੇ) ਵਿੱਚ ਕੈਂਬਰਿਜ ਕੋ ਐੱਡ ਸਕੂਲ ਨੇ ਪਹਿਲਾ, ਮਾਨਵ ਸਹਿਯੋਗ ਸਕੂਲ ਨੇ ਦੂਜਾ ਅਤੇ ਇੰਨੋਸੈਂਟ ਹਾਰਟਸ ਸਕੂਲ ਲੋਹਾਰਾਂ ਨੇ ਤੀਜਾ ਸਥਾਨ ਹਾਸਲ ਕੀਤਾ । ਵਾਲੀਬਾਲ ਅੰਡਰ-19 ਵਿੱਚ ਮਾਨਵ ਸਹਿਯੋਗ ਸਕੂਲ ਨੇ ਪਹਿਲਾ ਜਦਕਿ ਇੰਨੋਸੈਂਟ ਹਾਰਟਸ ਸਕੂਲ ਲੋਹਾਰਾਂ ਨੇ ਦੂਜਾ ਸਥਾਨ ਹਾਸਲ ਕੀਤਾ । ਵਾਲੀਬਾਲ ਅੰਡਰ-17 ਵਰਗ (ਲੜਕੀਆਂ) ਵਿੱਚ ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਪਹਿਲਾ ਜਦਕਿ ਜੀਐੱਸਐੱਸਐੱਸ ਕਾਦੀਆਂਵਾਲੀ ਦੂਜੇ ਸਥਾਨ 'ਤੇ ਰਿਹਾ । ਵਾਲੀਬਾਲ ਅੰਡਰ-19 ਵਰਗ (ਲੜਕੀਆਂ) ਵਿੱਚ ਇੰਨੋਸੈਂਟ ਹਾਰਟਸ ਸਕੂਲ ਲੋਹਾਰਾਂ ਨੇ ਪਹਿਲਾ ਜਦਕਿ ਜੀਐੱਸਐੱਸ ਲਾਡੋਵਾਲੀ ਨੇ ਦੂਜਾ ਸਥਾਨ ਹਾਸਲ ਕੀਤਾ ।



# ਸੂਬਾ ਕਮੇਟੀ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਦਿੱਤੀ ਜਾਣਕਾਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਇਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਤਹਿਸੀਲ ਹੁਸ਼ਿਆਰਪੁਰ ਦੀ ਮੀਟਿੰਗ ਸਾਥੀ ਮਹਿੰਦਰ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਹਾਜ਼ਰ ਯੂਨੀਅਨ ਦੇ ਪੰਜਾਬ ਦੇ ਜਨਰਲ ਸਕੱਤਰ ਸਾਥੀ ਗੁਰਮੇਸ਼ ਸਿੰਘ ਨੇ ਸੂਬਾ ਵਰਕਿੰਗ ਕਮੇਟੀ ਦੇ ਫੈਸਲੇ ਅਤੇ ਹੈਦਰਾਬਾਦ ਦਲਿਤ ਕਨਵੈਨਸ਼ਨ ਦੇ ਫੈਸਲਿਆਂ ਸੰਬੰਧੀ ਸਾਥੀਆਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਪੰਜਾਬ ਅੰਦਰ 1 ਅਕਤੂਬਰ ਤੋਂ 7 ਅਕਤੂਬਰ ਤੱਕ ਇਕ ਹਫ਼ਤਾ ਘਰ-ਘਰ ਪਹੁੰਚ ਕਰਕੇ ਯੂਨੀਅਨ ਦੀ ਮੈਂਬਰਸ਼ਿਪ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ 11 ਅਕਤੂਬਰ ਨੂੰ ਬੀ.ਡੀ.ਓ. ਦਫਤਰਾਂ ਅੱਗੇ ਮਨਰੇਗਾ ਵਰਕਰਾਂ ਅਤੇ ਖੇਤ ਮਜ਼ਦੂਰਾਂ ਵਲੋਂ ਮਨਰੇਗਾ ਨੂੰ ਬਚਾਉਣ ਲਈ, ਸਾਲ ਵਿੱਚ 200 ਦਿਨ ਕੰਮ ਅਤੇ 600 ਰੁਪਏ ਦਿਹਾੜੀ ਲਈ, ਖੇਤ ਮਜ਼ਦੂਰਾਂ ਦੀ ਘੱਟੋ-ਘੱਟ 700 ਰੁਪਏ ਦਿਹਾੜੀ, ਵਿੱਦਿਆ, ਸਿਹਤ ਸਹੂਲਤਾਂ, ਬੇਘਰੇ ਅਤੇ ਭੀੜੇ ਮਕਾਨਾਂ ਵਾਲੇ ਪਰਵਾਰਾਂ ਨੂੰ 10 ਮਰਲੇ ਦੇ ਪਲਾਟ ਅਤੇ ਮਕਾਨ ਉਸਾਰੀ ਲਈ ਤਿੰਨ ਲੱਖ ਰੁਪਏ ਦੀ ਗ੍ਰਾਂਟ ਅਤੇ ਦਲਿਤ ਪਰਵਾਰਾਂ ਦੇ ਸਮੁੱਚੇ ਕਰਜ਼ੇ ਮਾਫ ਕਰਨ ਲਈ ਅਤੇ ਹੋਰ ਦੂਸਰੀਆਂ ਮੰਗਾਂ ਲਈ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ। ਇਸ ਮੌਕੇ ਸਾਥੀ ਧਰਮਪਾਲ ਤੇ ਜੋਗਿੰਦਰ ਲਾਲ ਭੱਟੀ ਰਾਜਪੁਰ ਭਾਈਆਂ, ਬਲਵਿੰਦਰ ਸਿੰਘ ਹੁਸ਼ਿਆਰਪੁਰ, ਰਾਜਰਾਣੀ ਬੱਸੀ ਦੌਲਤ ਖਾਂ, ਰਾਮ ਲਾਲ ਢੋਲਣਵਾਲ ਅਤੇ ਰਾਕੇਸ਼ ਕੁਮਾਰ ਬੱਬਲੀ ਆਦਿ ਹਾਜ਼ਰ ਸਨ।




# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਡਰੱਗਜ਼ ਖਿਲਾਫ ਜਾਗਰੂਕਤਾ ਸੈਮੀਨਾਰ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਜ਼ਿਲ੍ਹਾ ਵਿਭਾਗ ਹੁਸ਼ਿਆਰਪੁਰ ਵੱਲੋਂ ਵਿਦਿਆਰਥੀਆਂ ਅੰਦਰ ਨਸ਼ਿਆਂ ਖਿਲਾਫ ਜਾਗਰੂਕਤਾ ਪੈਦਾ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਟਾਂਡਾ ਵਿਖੇ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਜ਼ਿਲ੍ਹਾ ਸਿੱਖਿਆ ਅਫਸਰ ਹਰਭਗਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਪ੍ਰਿੰਸੀਪਲ ਰਜੇਸ਼ ਕੁਮਾਰ ਦੀ ਦੇਖ ਰੇਖ ਹੇਠ ਇਸ ਸੈਮੀਨਾਰ ਦੌਰਾਨ ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਅਤੇ ਐਸ.ਐਚ.ਓ ਟਾਂਡਾ ਉਂਕਾਰ ਸਿੰਘ ਬਰਾੜ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਜੜ੍ਹੋ ਖਤਮ ਕਰਨ ਲਈ ਪੰਜਾਬ ਸਰਕਾਰ ਵਲੋਂ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਪੁਲਸ ਪ੍ਰਸ਼ਾਸ਼ਨ ਵਲੋਂ ਨਸ਼ਾ ਸਮਗਲਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਦੀਆਂ ਸਲਾਖਾ ਪਿੱਛੇ ਸੁਟਿਆ ਜਾ ਰਿਹਾ ਹੈ ਅਤੇ ਇਲਾਕੇ ਵਿੱਚ ਨਸ਼ਾ ਸਮਗਲਰਾਂ ਤੇ ਮਾੜੇ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ । ਪ੍ਰਿੰਸੀਪਲ ਰਜੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਡਰੱਗਜ਼ ਬਾਰੇ ਅਤੇ ਵਿਭਾਗ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਕਿਹਾ ਅਤੇ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਵਾਈਸ ਪ੍ਰਿੰਸੀਪਲ ਸੁਨਿਤ ਕੁਮਾਰੀ , ਇੰਦਰਜੀਤ ਸਿੰਘ, ਲੈਕ. ਗੁਰਨਾਮ ਸਿੰਘ,ਬਲਜਿੰਦਰ ਸਿੰਘ, ਰੇਖਾ ਕਾਲੜਾ, ਬਿਕਰਮ ਸਿੰਘ, ਸੁਖਜਿੰਦਰ ਸਿੰਘ, ਹਰਵਿੰਦਰ ਸਿੰਘ ਓਹੜਪੁਰੀ,ਦਲਜੀਤ ਸਿੰਘ, ਕਰਨਜੋਤ ਸਿੰਘ, ਇਸ਼ਾ ਕੌਰ, ਬਲਰਾਜ ਸਿੰਘ,ਸਤਵਿੰਦਰ ਸਿੰਘ, ਅਰਵਿੰਦਰਜੀਤ ਸਿੰਘ,ਅਮਰੀਕ ਸਿੰਘ,ਲੋਕੇਸ਼ ਵਸ਼ਿਸ਼ਟ ਆਦਿ ਹਾਜ਼ਰ ਸਨ।



# ਅਨੁਸੂਚਿਤ ਜਾਤੀ ਦੇ 1278 ਲਾਭਕਾਰਾਂ ਨੂੰ 956.92 ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਨੇ ਚਾਲੂ ਵਿੱਤ ਸਾਲ 2023-24 ਦੌਰਾਨ ਅਗਸਤ, 2023 ਤਕ ਵੱਖ-ਵੱਖ ਯੋਜਨਾਵਾਂ ਦੇ ਤਹਿਤ ਅਨੁਸੂਚਿਤ ਜਾਤੀ ਦੇ 1278 ਲਾਭਕਾਰਾਂ ਨੂੰ 956.92 ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਜਿਸ ਵਿਚ 97.32 ਲੱਖ ਰੁਪਏ ਸਬਸਿਡੀ ਵੀ ਸ਼ਾਮਿਲ ਹੈ। ਬੁਲਾਰੇ ਨੇ ਦਸਿਆ ਕਿ ਨਿਗਮ ਵੱਲੋਂ ਅਨੁਸੂਚਿਤ ਜਾਤੀ ਨਾਲ ਸਬੰਧਿਤ ਲੋਕਾਂ ਨੂੰ ਵੱਖ-ਵੱਖ ਸ਼੍ਰੇਣੀਆਂ ਤਹਿਤ ਕਰਜਾ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਉਹ ਆਪਣਾ ਕਾਰੋਬਾਰ ਅਤੇ ਸਵੈ-ਰੁਜਗਾਰ ਸਥਾਪਿਤ ਕਰ ਸਕਣ। ਇੰਨ੍ਹਾਂ ਸ਼੍ਰੇਣੀਆਂ ਵਿਚ ਖੇਤੀਬਾੜੀ ਅਤੇ ਸਬੰਧਿਤ ਖੇਤਰ, ਉਦਯੋਗਿਕ ਖੇਤਰ, ਵਪਾਰ ਅਤੇ ਕਾਰੋਬਾਰ ਖੇਤਰ ਅਤੇ ਸਵੈਰੁਜਗਾਰ ਖੇਤਰ ਸ਼ਾਮਿਲ ਹੈ। ਕੌਮੀ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਦੀ ਸਹਾਇਤਾ ਨਾਲ ਲਾਗੂ ਯੋਜਨਾਵਾਂ ਦੇ ਤਹਿਤ ਵੀ ਉਨ੍ਹਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਬੁਲਾਰੇ ਨੇ ਦਸਿਆ ਕਿ ਖੇਤੀਬਾੜੀ ਅਤੇ ਸਬੰਧਿਤ ਖੇਤਰ ਤਹਿਤ 337 ਲਾਭਕਾਰਾਂ ਨੂੰ ਡੇਅਰੀ ਫਾਰਮਿੰਗ, ਭੇਡ ਪਾਲਣ ਅਤੇ ਸੂਰ ਪਾਲਣ ਲਈ 247.55 ਲੱਖ ਰੁਪਏ ਦਾ ਕਰਜਾ ਉਪਲਬਧ ਕਰਵਾਇਆ ਗਿਆ ਹੈ। ਜਿਸ ਵਿੱਚੋਂ 228.22 ਲੱਖ ਰੁਪਏ ਬੈਂਕ ਕਰਜਾ ਅਤੇ 19.33 ਲੱਖ ਰੁਪਏ ਸਬਸਿਡੀ ਵਜੋ ਜਾਰੀ ਕੀਤੇ ਗਏ ਹਨ। ਇਸੀ ਤਰਾਂ ਉਦਯੋਗਿਕ ਖੇਤਰ ਤਹਿਤ 155 ਲਾਭਕਾਰਾਂ ਨੂੰ 45.60 ਲੱਖ ਰੁਪਏ ਦੀ ਰਕਮ ਮੁਹੱਈਆ ਕਰਵਾਈ ਗਈ। ਜਿਸ ਵਿੱਚੋਂ 25.84 ਲੱਖ ਰੁਪਏ ਬੈਂਕ ਕਰਜਾ, 15.20 ਲੱਖ ਰੁਪਏ ਸਬਸਿਡੀ ਅਤੇ 4.56 ਲੱਖ ਰੁਪਏ ਮਾਰਜਨ ਮਨੀ ਵਜੋ ਜਾਰੀ ਕੀਤੇ ਗਏ। ਉਨ੍ਹਾਂ ਨੇ ਦਸਿਆ ਕਿ ਵਪਾਰ ਅਤੇ ਕਾਰੋਬਾਰ ਖੇਤਰ ਤਹਿਤ 344 ਲਾਭਕਾਰਾਂ ਨੂੰ 319.47 ਲੱਖ ਰੁਪਏ ਦੀ ਰਕਮ ਮੁਹੱਈਆ ਕਰਵਾਈ ਗਈ, ਜਿਸ ਵਿੱਚੋਂ 255.33 ਲੱਖ ਰੁਪਏ ਬੈਂਕ ਕਰਜਾ, 32.2 ਲੱਖ ਰੁਪਏ ਸਬਸਿਡੀ ਅਤੇ 31.94 ਲੱਖ ਰੁਪਏ ਮਾਰਜਨ ਮਨੀ ਵਜੋ ਜਾਰੀ ਕੀਤੇ ਗਏ। ਇਸੀ ਤਰ੍ਹਾ ਕਾਰੋਬਾਰ ਅਤੇ ਸਵੈ-ਰੁਜਗਾਰ ਖੇਤਰ ਤਹਿਤ 20 ਲਾਭਕਾਰਾਂ ਨੂੰ 22.70 ਲੱਖ ਰੁਪਏ ਦੀ ਰਕਮ ਮਹੁੱਈਆ ਕਰਵਾਈ ਗਈ। ਜਿਸ ਵਿੱਚੋਂ 18.52 ਲੱਖ ਰੁਪਏ ਬੈਂਕ ਕਰਜਾ, 1.91 ਲੱਖ ਰੁਪਏ ਸਬਸਿਡੀ ਅਤੇ 2.27 ਲੱਖ ਰੁਪਏ ਮਾਰਜਨ ਮਨੀ ਵਜੋਂ ਜਾਰੀ ਕੀਤੇ ਗਏ।

# ਸੰਸਥਾਵਾਂ 'ਚ ਵਿਸ਼ਵ ਰੈਬੀਜ਼ ਦਿਵਸ ਮਨਾਇਆ




**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਬਲਾਕ ਦੀਆਂ ਸਾਰੀਆਂ ਸੰਸਥਾਵਾਂ ਵਿੱਚ ਵਿਸ਼ਵ ਰੈਬੀਜ ਮਨਾਇਆ ਗਿਆ। ਡਾਕਟਰ ਵਿਧਾਨ ਚੰਦਰ ਨੇ ਕਿਹਾ ਕਿ ਰੈਬੀਜ (ਹਲਕਾਅ) ਇਕ ਘਾਤਕ ਵਾਇਰਲ ਇਨਫੈਕਸ਼ਨ ਹੈ, ਜੋ ਦਿਮਾਗ ਤੇ ਦਿਮਾਗੀ ਪ੍ਰਣਾਲੀ ਨੂੰ ਨਿਸ਼ਾਨਾ ਬਣਾਉਂਦੀ ਹੈ। ਇਹ ਬਿਮਾਰੀ ਇਕ ਪ੍ਰਜਾਤੀ ਤੋਂ ਦੂਜੀ 'ਚ ਫੈਲ ਸਕਦੀ ਹੈ। ਆਮ ਤੌਰ 'ਤੇ ਕਿਸੇ ਸੰਕ੍ਰਮਿਤ ਜਾਨਵਰ ਦੇ ਕੱਟਣ ਤੋਂ ਬਾਅਦ ਤੁਰੰਤ ਇਸ ਦਾ ਇਲਾਜ ਨਹੀਂ ਕੀਤਾ ਜਾਂਦਾ ਤਾਂ ਇਹ ਭਿਆਨਕ ਰੂਪ ਲੈ ਲੈਂਦਾ ਹੈ। ਇਹ ਵਾਇਰਸ ਕੇਂਦਰੀ ਨਸ ਪ੍ਰਣਾਲੀ ਨੂੰ ਸੰਕ੍ਰਮਿਤ ਕਰਦਾ ਹੈ ਅੰਤ 'ਚ ਦਿਮਾਗ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਨਤੀਜੇ ਵਜੋਂ ਮੌਤ ਹੋ ਜਾਂਦੀ ਹੈ। ਰੈਬੀਜ ਵਾਇਰਸ ਪੈਰੀਫਿਰਲ ਨਸ਼ਾ ਰਾਹੀਂ ਦਿਮਾਗ ਤੱਕ ਜਾਂਦੀ ਹੈ। ਇਸ ਤੋਂ ਪੂਰਣ ਬਚਾਅ ਕਰਨ ਲਈ ਸਮੇਂ-ਸਿਰ ਟੀਕਾਕਰਨ ਕਰਵਾਉਣਾ ਜਰੂਰੀ ਹੈ।

ਇਹ ਬਿਮਾਰੀ ਕੁੱਤਾ,ਖਰਗੋਸ਼, ਬਿੱਲੀ, ਨਿਓਲਾ, ਗਿੱਦੜ ਤੇ ਹੋਰ ਜਾਨਵਰਾਂ ਰਾਹੀਂ ਵੀ ਫੈਲਦੀ ਹੈ। ਸਰਕਾਰੀ ਹਸਪਤਾਲਾਂ ਵਿਚ ਜਾਨਵਰਾਂ ਦੇ ਵੱਢੇ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ। ਜੇਕਰ ਕਿਸੇ ਨੂੰ ਕੋਈ ਜਾਨਵਰ ਜੇਕਰ ਕੱਟਦਾ ਹੈ ਤਾਂ ਜਖਮ ਨੂੰ ਵੱਗਦੇ ਪਾਣੀ ਨਾਲ ਤੁਰੰਤ ਧੋਵੋ । ਕੱਟਣ ਵਾਲੀ ਜਗ੍ਹਾ 'ਤੇ ਡਿਸਇਨਫੈਕਟੈਂਟ (ਆਇਓਡੀਨ/ਸਪਿਰਿਟ ਜਾਂ ਘਰ 'ਚ ਉਪਲੱਬਧ ਐਂਟੀਸੈਪਟਿਕ) ਲਗਾਉ। ਆਪਣੇ ਡਾਕਟਰ ਨੂੰ ਸਮੇਂ-ਸਿਰ ਸੰਪਰਕ ਕਰੋ ਅਤੇ ਉਚਿਤ ਇਲਾਜ ਕਰਵਾਓ।

# 'ਪ੍ਰਾਈਸ ਐਂਡ ਰੈਂਟ ਫਿਕਸੇਸ਼ਨ ਕਮੇਟੀ' ਵਲੋਂ ਜਾਇਦਾਦਾਂ ਦੀ ਰਾਖਵੀਂ ਕੀਮਤ ਨਿਰਧਾਰਿਤ

**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਵਾਜਬ ਕੀਮਤਾਂ 'ਤੇ ਰਿਹਾਇਸ਼ੀ ਪਲਾਟ ਉਪਲੱਬਧ ਕਰਵਾਉਣ ਦੇ ਮਕਸਦ ਨਾਲ ਜ਼ਿਲ੍ਹਾ ਪੱਧਰੀ 'ਪ੍ਰਾਈਸ ਐਂਡ ਰੈਂਟ ਫਿਕਸੇਸ਼ਨ ਕਮੇਟੀ' ਜਲੰਧਰ ਵਲੋਂ ਨਗਰ ਸੁਧਾਰ ਟਰੱਸਟ ਦੀਆਂ ਰਿਹਾਇਸ਼ੀ ਤੇ ਵਪਾਰਕ ਜਾਇਦਾਦਾਂ ਦੀ ਰਾਖਵੀਂ ਕੀਮਤ ਨਿਰਧਾਰਿਤ ਕੀਤੀ ਗਈ। ਜ਼ਿਲ੍ਹਾ ਕੁਲੈਕਟਰ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਜੋ ਕਿ ਇਸ ਕਮੇਟੀ ਦੇ ਚੇਅਰਮੈਨ ਹਨ , ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਗਰ ਸੁਧਾਰ ਟਰੱਸਟਾਂ ਦੀਆਂ ਜਾਇਦਾਦਾਂ ਨੂੰ ਵੇਚਣ/ਨਿਲਾਮ ਕਰਨ ਲਈ ਹਰ ਸਾਲ ਰਾਖਵੇਂ ਰੇਟ ਨਿਰਧਾਰਿਤ ਕੀਤੇ ਜਾਂਦੇ ਹਨ। ਕਮੇਟੀ ਦੀ ਮੀਟਿੰਗ ਦੌਰਾਨ ਨਗਰ ਨਿਗਮ, ਜਲੰਧਰ ਦੇ ਕਮਿਸ਼ਨਰ ਰਿਸ਼ੀਪਾਲ ਸਿੰਘ ਵੀ ਹਾਜ਼ਰ ਸਨ। ਕਮੇਟੀ ਵਲੋਂ ਸਰਬਸੰਮਤੀ ਦੇ ਨਾਲ ਲੋਕਾਂ ਨੂੰ ਢੁਕਵੇਂ ਰੇਟਾਂ 'ਤੇ ਜਾਇਦਾਦ ਖ਼ਰੀਦਣ ਲਈ ਮੌਕੇ ਉਪਲਬੱਧ ਕਰਵਾਉਣ ਅਤੇ ਪੰਜਾਬ ਸਰਕਾਰ ਦੇ ਮਾਲੀਏ ਵਿੱਚ ਵਾਧਾ ਕਰਨ ਦੇ ਮੰਤਵ ਨੂੰ ਮੁੱਖ ਰੱਖਦਿਆਂ ਸੰਬੰਧਿਤ ਖੇਤਰਾਂ ਦੇ ਮਾਰਕਿਟ ਰੇਟਾਂ ਅਤੇ ਕੁਲੈਕਟਰ ਰੇਟਾਂ ਦੀ ਰੌਸ਼ਨੀ ਵਿੱਚ ਰੇਟ ਨਿਰਧਾਰਿਤ ਕੀਤੇ ਗਏ। ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ਼ ਮਿਊਂਸੀਪਲ ਪ੍ਰਾਪਰਟੀਜ਼ ਐਕਟ-2020' ਤਹਿਤ ਗਠਿਤ ਜ਼ਿਲ੍ਹਾ ਪੱਧਰੀ 'ਪ੍ਰਾਈਸ ਐਂਡ ਰੈਂਟ ਫਿਕਸੇਸ਼ਨ' ਕਮੇਟੀ ਦੀ ਮੀਟਿੰਗ ਵਿੱਚ ਲੋਕ ਸਭਾ ਮੈਂਬਰ ਅਤੇ ਸਬੰਧਿਤ ਨਗਰ ਨਿਗਮਾਂ ਦੇ ਅਧਿਕਾਰ ਵਾਲੇ ਖੇਤਰਾਂ ਦੇ ਵਿਧਾਇਕਾਂ ਦੇ ਪ੍ਰਤੀਨਿਧੀਆਂ ਤੋਂ ਇਲਾਵਾ ਸਬੰਧਿਤ ਨਗਰ ਨਿਗਮ/ਨਗਰ ਕੌਂਸਲ ਦਾ ਮੇਅਰ, ਕਮਿਸ਼ਨਰ ਅਤੇ ਨਗਰ ਸੁਧਾਰ ਟਰੱਸਟ ਦੇ ਕਾਰਜ ਸਾਧਕ ਅਫ਼ਸਰ ਬਤੌਰ ਮੈਂਬਰ ਸ਼ਾਮਿਲ ਹੋਏ। ਇਸ ਤੋਂ ਇਲਾਵਾ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਵੀ ਮੀਟਿੰਗ ਵਿੱਚ ਭਾਗ ਲਿਆ। ਜਲੰਧਰ ਨਗਰ ਸੁਧਾਰ ਟਰੱਸਟ ਦੀਆਂ ਵੱਖ-ਵੱਖ ਵਿਕਾਸ ਸਕੀਮਾਂ ਲਈ ਸਾਲ 2023-24 ਦੌਰਾਨ 9 ਰਿਹਾਇਸ਼ੀ ਅਤੇ ਵਪਾਰਕ ਯੋਜਨਾਵਾਂ ਦੇ ਰੇਟ ਨਿਰਧਾਰਿਤ ਕੀਤੇ ਗਏ। ਇਨ੍ਹਾਂ ਵਿੱਚ ਮੁੱਖ ਤੌਰ 'ਤੇ 170 ਏਕੜ ਵਿੱਚ ਸੂਰੀਆ ਇਨਕਲੇਵ, 70.5 ਏਕੜ ਵਿਚਲੇ ਮਹਾਰਾਜਾ ਰਣਜੀਤ ਸਿੰਘ ਐਵਿਨਿਊ, 94.97 ਏਕੜ ਸੂਰੀਆ ਇਨਕਲੇਵ ਐਕਸਟੈਂਸ਼ਨ ਅਤੇ 94.5 ਏਕੜ ਗੁਰੂ ਗੋਬਿੰਦ ਸਿੰਘ ਐਵਿਨਿਊ ਲਈ ਰਿਹਾਇਸ਼ੀ ਰੇਟ ਪ੍ਰਤੀ ਮਰਲਾ 5.50 ਲੱਖ ਰੁਪਏ ਅਤੇ ਵਪਾਰਕ ਰੇਟ 11 ਲੱਖ ਰੁਪਏ ਪ੍ਰਤੀ ਮਰਲਾ ਨਿਰਧਾਰਿਤ ਕੀਤਾ ਗਿਆ। ਇਸ ਤੋਂ ਇਲਾਵਾ 13.96 ਏਕੜ ਵਿੱਚ ਮਾਸਟਰ ਗੁਰਬੰਤਾ ਸਿੰਘ ਇਨਕਲੇਵ ਵਿਖੇ ਰਿਹਾਇਸ਼ੀ ਪਲਾਟਾਂ ਲਈ 3 ਲੱਖ ਰੁਪਏ ਪ੍ਰਤੀ ਮਰਲਾ ਅਤੇ 33 ਵਰਗ ਗਜ਼ ਦੇ ਉਸਰੇ ਹੋਏ ਬੂਥਾਂ ਦਾ ਵਪਾਰਕ ਰੇਟ ਪ੍ਰਤੀ ਬੂਥ 8 ਲੱਖ ਰੁਪਏ ਨਿਰਧਾਰਿਤ ਕੀਤਾ ਗਿਆ। ਇਸ ਤੋਂ ਇਲਾਵਾ 51.5 ਏਕੜ ਵਿਚ ਗੁਰੂ ਅਮਰਦਾਸ ਨਗਰ ਵਿਖੇ ਰਿਹਾਇਸ਼ੀ ਪਲਾਟਾਂ ਲਈ 4 ਲੱਖ ਰੁਪਏ ਪ੍ਰਤੀ ਮਰਲਾ ਅਤੇ 6 ਲੱਖ ਰੁਪਏ ਪ੍ਰਤੀ ਮਰਲਾ ਵਪਾਰਕ ਰੇਟ ਨਿਰਧਾਰਿਤ ਕੀਤਾ ਗਿਆ। 3.71 ਏਕੜ ਵਿਚਲੇ ਮੇਜਰ ਰਮਨ ਦਾਦਾ ਕਮਰਸ਼ੀਅਲ ਕੰਪਲੈਕਸ ਲਈ 60 ਹਜ਼ਾਰ ਰੁਪਏ ਪ੍ਰਤੀ ਵਰਗ ਗਜ਼ ਰੇਟ ਨਿਰਧਾਰਿਤ ਕੀਤਾ ਗਿਆ। ਇਸ ਤੋਂ ਇਲਾਵਾ 107.3 ਏਕੜ ਵਿੱਚ ਜੇ.ਪੀ. ਨਗਰ ਯੋਜਨਾ ਵਿਖੇ ਰਿਹਾਇਸ਼ੀ ਪਲਾਟਾਂ ਲਈ 9 ਲੱਖ ਰੁਪਏ ਪ੍ਰਤੀ ਮਰਲਾ ਅਤੇ 11 ਲੱਖ ਰੁਪਏ ਪ੍ਰਤੀ ਮਰਲਾ ਵਪਾਰਕ ਰੇਟ ਨਿਰਧਾਰਿਤ ਕੀਤਾ ਗਿਆ। ਇਸੇ ਤਰ੍ਹਾਂ 26.8 ਏਕੜ ਖੇਤਰ ਵਿੱਚ ਭਗਤ ਸਿੰਘ ਕਲੋਨੀ ਲਈ 7 ਲੱਖ ਰੁਪਏ ਪ੍ਰਤੀ ਮਰਲਾ ਵਪਾਰਕ ਕੀਮਤ ਨਿਰਧਾਰਿਤ ਕੀਤੀ ਗਈ। ਕਮੇਟੀ ਦੀ ਮੀਟਿੰਗ ਦੌਰਾਨ ਨਗਰ ਸੁਧਾਰ ਟਰੱਸਟ ਦੇ ਕਾਰਜ ਸਾਧਕ ਅਫ਼ਸਰ ਪਰਮਜੀਤ ਸਿੰਘ, ਇੰਜੀਨੀਅਰ ਇੰਦਰਪਾਲ ਸਿੰਘ, ਲੋਕ ਸਭਾ ਮੈਂਬਰ ਅਤੇ ਵਿਧਾਇਕਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਮਾਲ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ

**ਅੱਡਾ ਸਰਾਂ (ਜਸਵੀਰ ਸਿੰਘ ਕਾਜਲ)**- ਸ਼ਹੀਦੇ ਆਜ਼ਮ ਭਗਤ ਸਿੰਘ ਜੀ ਦੇ ਜਨਮ ਦਿਨ ਸੰਬੰਧੀ ਰਵਿੰਦਰ ਸਿੰਘ ਕਾਹਲੋਂ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ



ਸੁਸਾਇਟੀ ਵੱਲੋਂ ਪਿੰਡ ਭੂੰਗਾਂ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਭਾਸ਼ਣ, ਕਵਿਤਾ, ਗੀਤਾ ਅਤੇ ਕੋਰੀਓਗ੍ਰਾਂਫੀ ਰਾਹੀ ਸ਼ਹੀਦ ਭਗਤ ਸਿੰਘ ਦੇ ਜੋਸ਼ੀਲੇ ਜੀਵਨ, ਫਲਸਫੇ ਅਤੇ ਕੁਰਬਾਨੀ ਭਰੇ ਜਜਬੇ ਸੰਬੰਧੀ ਜਣਕਾਰੀ ਦਿੱਤੀ ਗਈ। ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਨੇ ਕਿਹਾ ਕਿ ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ, ਉਹ ਜਿਆਦਾ ਦੇਰ ਜਿਉਂਦੀਆ ਨਹੀਂ ਰਹਿੰਦੀਆਂ। ਭਗਤ ਸਿੰਘ ਇੱਕ ਮਨੁੱਖ ਨਹੀ, ਇੱਕ ਸੋਚ ਹੈ ਜੋ ਹਮੇਸ਼ਾਂ ਜਿੰਦਾ ਰਹੇਗੀ। ਇਸ ਮੌਕੇ ਸੰਤੋਖ ਕੌਰ ਬੋਰਡ ਆਫ ਡਾਇਰੈਕਟਰ ਅਮ੍ਰਿਤ ਧਾਰਾ ਐਫ.ਪੀ.ਓ., ਪਰਮਜੀਤ ਸਿੰਘ ਬੋਰਡ ਆਫ ਡਾਇਰੈਕਟਰ ਸ਼ਿਵਾਲਿਕ ਐਫ.ਪੀ.ਓ., ਬਲਜੀਤ ਸਿੰਘ ਢੱਡਾ ਬੋਰਡ ਆਫ ਡਾਇਰੈਕਟਰ ਸ਼ਿਵਾਲਿਕ ਐਫ.ਪੀ.ਓ., ਵਿਕਾਸ਼ ਸ਼ਰਮਾਂ ਬੋਰਡ ਆਫ ਡਾਇਰੈਕਟਰ ਅਮ੍ਰਿਤ ਧਾਰਾ ਐਫ.ਪੀ.ਓ., ਗੋਪਾਲ ਸਿੰਘ ਬੋਰਡ ਆਫ ਡਾਇਰੈਕਟਰ ਹਿਮਾਲਿਆ ਐਫ.ਪੀ.ਓ. ਸੁਮਨਾ ਦੇਵੀ ਸੀ.ਈ.ਓ ਹਿਮਾਲਿਆ ਐਫ ਪੀ ਓ, ਕੁਲਵਿੰਦਰ ਕੌਰ ਸੀ.ਈ.ਓ. ਕੰਡੀ ਐਫ ਪੀ ਓ, ਗੀਤਿਕਾ ਸੀ.ਈ.ਓ. ਅਮ੍ਰਿਤ ਧਾਰਾ ਐਫ.ਪੀ.ਓ., ਨੀਤੂ ਸ਼ਰਮਾ ਸੀ.ਈ.ਓ. ਆਦਿ ਨੇ ਸੰਬੋਧਨ ਕਰਦਿਆ ਸ਼ਹੀਦ ਭਗਤ ਸਿੰਘ ਦੇ ਪਾਏ ਪੂਰਨਿਆ 'ਤੇ ਚੱਲਣ ਦੀ ਅਪੀਲ ਕੀਤੀ।

## ਪੀ ਐਸ ਐਮ ਐਸ ਯੂਨੀਅਨ ਵੱਲੋਂ ਸੰਘਰਸ਼ ਦੀ ਦੂਸਰੀ ਕੜੀ ਵਜੋਂ ਗੇਟ ਰੈਲੀਆਂ ਸ਼ੁਰੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪੰਜਾਬ ਸਟੇਟ ਮਨਿਸਟੀਰੀਅਲ ਸਰਵਸਿਸ ਯੂਨੀਅਨ ਦੀ ਸੂਬਾ ਕਮੇਟੀ ਦੀ ਕਾਲ 'ਤੇ ਪੰਜਾਬ ਭਰ ਦੇ ਸਮੂਹ ਵਿਭਾਗਾਂ ਅਤੇ ਚੰਡੀਗੜ੍ਹ ਸਥਿਤ ਡਾਇਰੈਕਟੋਰੇਟ ਦਫਤਰਾਂ ਦੇ ਕਰਮਚਾਰੀਆਂ ਵੱਲੋਂ ਆਪਣੇ ਆਪਣੇ ਦਫਤਰਾਂ ਦੇ ਬਾਹਰ ਗੇਟ ਰੈਲੀਆਂ ਕੀਤੀਆਂ ਗਈਆਂ। ਇਸ ਜ਼ਿਲ੍ਹੇ ਵਿੱਚ ਵੀ ਕਰਮਚਾਰੀਆਂ ਵੱਲੋਂ ਸਿਵਲ ਸਰਜਨ ਹੁਸ਼ਿਆਰਪੁਰ ਦਫਤਰ, ਕਰ ਅਤੇ ਆਬਕਾਰੀ ਦਫਤਰ, ਖੇਤੀ ਬਾੜੀ ਦਫਤਰ ਦੇ ਬਾਹਰ ਵੀ ਗੇਟ ਰੈਲੀਆਂ ਕੀਤੀਆਂ ਗਈਆਂ। ਇਹ ਕਰਮਚਾਰੀ ਸਰਕਾਰ ਨਾਲ ਆਪਣੀਆਂ ਵਿਭਾਗੀ ਮੰਗਾਂ ਪ੍ਰਤੀ ਰੋਸ ਪ੍ਰਗਟ ਕਰ ਰਹੇ ਹਨ। ਸੰਘਰਸ਼ ਦੀ ਦੂਸਰੀ ਕੜੀ ਵੱਜੋਂ ਗੇਟ ਰੈਲੀਆਂ ਦਾ ਐਕਸ਼ਨ ਦਿੱਤਾ ਗਿਆ ਹੈ। ਸਰਕਾਰ ਵੱਲੋਂ ਜੋ ਮੰਗਾਂ ਮੰਨੀਆਂ ਜਾ ਚੁੱਕੀਆਂ ਹਨ, ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। 30- 30 ਸਾਲਾਂ ਤੋਂ ਇਹ ਕਰਮਚਾਰੀ ਆਪਣੀਆਂ ਪ੍ਰਮੋਸ਼ਨਾਂ ਤੋਂ ਵਾਂਝੇ ਹਨ। ਦਫਤਰਾਂ ਵਿੱਚ ਸਟਾਫ ਦੀ ਘਾਟ ਹੈ। ਪੁਰਾਣੀ ਪੈਨਸ਼ਨ ਦੀ ਬਹਾਲੀ ਵਿੱਚ ਸਰਕਾਰ ਵੱਲੋਂ ਟਾਲਮਟੋਲ ਕਰਕੇ ਸਮਾਂ ਲੰਘਾਇਆ ਜਾ ਰਿਹਾ ਹੈ। ਟਾਈਪ ਟੈਸਟ ਦੀ ਥਾਂ ਕੰਪਿਊਟਰ ਟ੍ਰੇਨਿੰਗ ਲਾਗੂ ਨਹੀਂ ਕੀਤੀ ਜਾ ਰਹੀ। ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਅਨੀਰੁਧ ਮੋਦਗਿੱਲ ਵੱਲੋਂ ਦਿੱਤੀ ਗਈ। ਉਨਾਂ ਵੱਲੋਂ ਕਿਹਾ ਗਿਆ ਕਿ ਡੇਢ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਜਥੇਬੰਦੀ ਨੂੰ ਸਮਾਂ ਦੇ ਕੇ ਮੁਲਾਜਮਾਂ ਦੇ ਛੋਟੇ-ਛੋਟੇ ਮਸਲੇ ਹੱਲ ਕਰਨ ਦੀ ਬਜਾਇ ਉਲਝਾਇਆ ਜਾ ਰਿਹਾ ਹੈ। ਸੂਬਾ ਕਮੇਟੀ ਦਾ ਹਰ ਐਕਸ਼ਨ ਇਸ ਜਿਲ੍ਹੇ ਵਿੱਚ ਲਾਗੂ ਕੀਤਾ ਜਾਵੇਗਾ।

## ਸੰਧਵਾਂ ਵੱਲੋਂ ਗਿੱਦੜਪਿੰਡੀ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸਰਮਾ)** - ਸਤਲੁਜ ਦਰਿਆ ਗਿੱਦੜ ਦੇ ਪਿੰਡਾਂ ਦਾ ਦੌਰਾ ਕਰਨ ਆਏ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਗਿੱਦੜ ਪਿੰਡੀ ਦੇ ਨਜਦੀਕ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਲੇ ਅਤੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ ਜਿਸ ਤੇ ਰਾਜ ਸਭਾ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਹਲਕਾ ਇੰਚਾਰਜ ਸ਼ਾਹਕੋਟ ਰਤਨ ਸਿੰਘ ਕਾਕੜ ਕਲਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਕਿਹਾ ਕਿ ਇਲਾਕੇ ਦੇ ਬੰਨੇ ਹੋਏ ਬੰਨਾਂ ਉੱਪਰ ਹੋਰ ਮਿੱਟੀ ਪਾਉਣ ਲਈ ਵਰਤੇ ਜਾਣ ਵਾਲੇ ਡੀਜਲ ਵਾਸਤੇ ਬਖਸੇ ਹੋਏ ਖਜਾਨੇ 'ਚੋ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਟਿਡੂ, ਕੁਲਵਿੰਦਰ ਸਿੰਘ ਤੇ ਹੋਰ ਲੋਕ ਹਾਜ਼ਰ ਸਨ।

## ਬਿਜ਼ਨੈਂਸ ਬਲਾਸਟਰ ਦੀ ਇੱਕ ਰੋਜ਼ਾਂ ਟ੍ਰੇਨਿੰਗ ਮੁਕੰਮਲ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਜਿਲ੍ਹਾ ਸਿੱਖਿਆ ਅਫਸਰ (ਸੈ.) ਦਲਜੀਤ ਕੌਰ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.) ਬਿਕਰਮਜੀਤ ਸਿੰਘ



ਥਿੰਦ ਦੀ ਅਗਵਾਈ ਅਤੇ ਜਿਲ੍ਹਾ ਗਾਇਡੈਂਸ ਕੌਂਸਲਰ ਪਰਮਜੀਤ ਸਿੰਘ ਦੀ ਦੇਖ ਰੇਖ ਹੇਠ ਪੰਜਾਬ ਯੰਗ ਇੰਟਰਪ੍ਰੀਨਿਉਰ ਪ੍ਰੋਗਰਾਮ ਅਧੀਨ ਬਿਜਨੈਂਸ ਬਲਾਸਟਰ ਪ੍ਰੋਜੈਕਟ ਲਈ ਬਲਾਕ ਮਸੀਤਾ ਦੇ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀ ਇਕ ਰੋਜਾ ਟ੍ਰੇਨਿੰਗ ਜਿਲ੍ਹਾ ਰੋਜਗਾਰ ਦਫਤਰ ਕਪੂਰਥਲਾ ਵਿਖੇ ਆਯੋਜਿਤ ਕੀਤੀ ਗਈ। ਜਿਲ੍ਹਾ ਸਿੱਖਿਆ ਅਫਸਰ(ਸੈ.) ਦਲਜੀਤ ਕੌਰ ਨੇ ਭਾਗ ਲੈਣ ਆਏ ਸਭ ਮਹਿਮਾਨਾਂ ਨੂੰ ਜੀ ਆਇਆ ਆਖਿਆ। ਜਿਲ੍ਹਾ ਗਾਇਡੈਂਸ ਕੌਂਸਲਰ ਪਰਮਜੀਤ ਸਿੰਘ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਪ੍ਰੋਜੈਕਟ ਸਮੇਂ ਦੀ ਲੋੜ ਹੈ ਅਤੇ ਇਸ ਨੂੰ ਸਕੂਲਾਂ ਵਿੱਚ ਲਾਗੂ ਕਰਨ ਨਾਲ ਸਿੱਟੇ ਬੜੇ ਹੀ ਸਾਰਥਕ ਸਾਬਿਤ ਹੋਣਗੇ। ਉਹਨਾਂ ਜਾਣਕਾਰੀ ਦਿੰਦੇ ਕਿਹਾ ਕਿ ਅੱਜ ਇਸ ਲੜੀ ਤਜਿਤ ਜਿਲ੍ਹੇ ਦੇ ਕੁੱਲ 181 ਅਧਿਆਪਕ ਵੱਖੋ ਵੱਖ ਬਲਾਕਾਂ ਤਹਿਤ ਟ੍ਰੇਨਿੰਗ ਪ੍ਰਾਪਤ ਕਰ ਰਹੇ ਹਨ ਜੋ ਕਿ ਅੱਗੇ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨਾਲ ਮਿੱਲ ਕੇ ਇਸ ਪ੍ਰੋਜੈਕਟ ਤੇ ਕੰਮ ਕਰਨਗੇ।

## ਗੈਰ ਕਾਨੂੰਨੀ ਮਾਈਨਿੰਗ ਦੌਰਾਨ 4 ਟ੍ਰੈਕਟਰ ਟਰਾਲੀਆਂ ਥਾਣੇ ਬੰਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸਰਤਾਜ ਸਿੰਘ ਚਾਹਲ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਜਿਲ੍ਹਾ ਹੁਸ਼ਿਆਰਪੁਰ ਦੀ ਹਦਾਇਤ ਅਤੇ ਪਲਵਿੰਦਰ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ (ਸਿਟੀ) ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੈਰ ਕਾਨੂੰਨੀ ਮਾਈਨਿੰਗ ਨੂੰ ਨੱਥ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਇੰਸ:ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਸਮੇਤ ਸਾਥੀ ਕ੍ਰਮਚਾਰੀਆ ਦੇ ਗਸ਼ਤ ਦੌਰਾਨ ਡਗਾਣਾ ਕਲਾ ਚੋਅ ਤੋਂ ਗੈਰ ਕਾਨੂੰਨੀ ਢੰਗ ਨਾਲ ਮਾਈਨਿੰਗ ਕਰਕੇ ਰੇਤਾ ਲੈ ਕੇ ਆ ਰਹੇ 4 ਟਰੈਕਟਰ ਸਮੇਤ ਟਰਾਲੀਆ ਰੇਤਾ ਤੇ ਉਹਨਾ ਦੇ ਚਾਲਕਾ ਸਮੇਤ ਕਾਬੂ ਕਰਕੇ ਇੰਸਪੈਕਟਰ ਮਾਈਨਿੰਗ ਵਿਭਾਗ ਨੂੰ ਬੁਲਾ ਕੇ ਇਹਨਾ 4 ਟਰੈਕਟਰ ਸਮੇਤ ਟਰਾਲੀਆ ਰੇਤਾ ਦੇ ਚਲਾਨ ਕਟਵਾ ਕੇ ਇਹਨਾ ਨੂੰ ਬੰਦ ਕਰਵਾਕੇ ਥਾਣੇ ਲਿਆਂਦਾ ਗਿਆ।

## ਭਜਨ ਗਾਇਕ ਕੱਨ੍ਹਈਆ ਮਿੱਤਲ ਵਿਰੁੱਧ ਪਰਚਾ ਦਰਜ

**ਜਲੰਧਰ, (ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)**- ਪੰਜਾਬ ਕ੍ਰਿਸਚੀਅਨ ਲੀਡਰਸ਼ਿਪ ਦੇ ਚੇਅਰਮੈਨ ਪਾਸਟਰ ਹਰਜੋਤ ਸੇਠੀ ਅਤੇ ਪੰਜਾਬ ਪ੍ਰਧਾਨ ਸੁਰਜੀਤ ਥਾਪਰ ਨੇ ਜਲੰਧਰ ਦਿਹਾਤੀ ਦੀ ਸ਼ਿਕਾਇਤ 'ਤੇ ਥਾਣਾ ਲਾਂਬੜਾ ਵਿਖੇ ਗਾਇਕ ਕਨ੍ਹੱਈਆ ਮਿੱਤਲ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਸ ਨੇ ਇਕ ਪ੍ਰੋਗਰਾਮ ਦੌਰਾਨ ਭਗਵਾਨ ਯਿਸੂ ਮਸੀਹ ਬਾਰੇ ਗਲਤ ਟਿੱਪਣੀਆਂ ਕੀਤੀਆਂ, ਜਿਸ ਕਾਰਨ ਈਸਾਈ ਭਾਈਚਾਰੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਐਸ ਐਸ.ਪੀ ਮੁਖਵਿੰਦਰ ਸਿੰਘ ਭੁੱਲਰ ਨੂੰ ਸ਼ਿਕਾਇਤ ਦਿੱਤੀ ਗਈ ਸੀ, ਜਿਸ ਦੀ ਜਾਂਚ ਤੋਂ ਬਾਅਦ ਥਾਣਾ ਲਾਂਬੜਾ 'ਚ ਮੁਕੱਦਮਾ ਨੰਬਰ 78 ਦਰਜ ਕੀਤਾ ਗਿਆ ਹੈ। ਇਸਾਈ ਭਾਈਚਾਰੇ ਨੂੰ ਹੋਈ ਠੇਸ 'ਤੇ ਮੱਲ੍ਹਮ ਲਗਾਉਂਦੇ ਹੋਏ ਪੁਲਸ ਪ੍ਰਸ਼ਾਸਨ ਨੇ ਧਾਰਾ 295 ਏ. ਦਾ ਮੁਕੱਦਮਾ ਦਰਜ ਕੀਤਾ ਹੈ। ਪੰਜਾਬ ਕ੍ਰਿਸਚੀਅਨ ਲੀਡਰਸ਼ਿਪ ਨੇ ਮੰਗ ਕੀਤੀ ਕਿ ਉਸ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਡੱਕਿਆ ਜਾਵੇ।

## ਸਟੇਟ ਲੇਵਲ ਅਪੈਕਸ ਕਮੇਟੀ ਦਾ ਗਠਨ

**ਚੰਡੀਗੜ੍ਹ, ( ਕ੍ਰਿਸ਼ਨ ਗਰਗ)** - ਹਰਿਆਣਾ ਸਰਕਾਰ ਨੇ ਸਿਟੀ ਗੈਸ ਡਿਸਟਰੀਬਿਊਸ਼ਨ ਪੋਲਿਸੀ, 2023 ਨੂੰ ਆਖੀਰੀ ਰੂਪ ਦੇਣ ਦੇ ਲਈ ਮੁੱਖ ਸਕੱਤਰ ਦੀ ਅਗਵਾਈ ਵਿਚ ਸਟੇਟ ਲੇਵਲ ਅਪੈਕਸ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਆਖੀਰੀ ਖਪਤਰਕਾਰਾਂ ਦੇ ਲਈ ਚਾਰਜ ਕੀਤੇ ਗਏ ਕਨੈਕਸ਼ਨ ਤਕ ਬੁਨਿਆਦੀ ਢਾਂਚੇ ਨੂੰ ਤਿਆਰ ਕਰਨ ਲਹੀ ਮੰਜੂਰੀ ਨਾਲ ਸ਼ੁਰੂ ਹੋਣ ਵਾਲੀ ਅਨੁਮੋਦਨ ਪ੍ਰਕ੍ਰਿਆ ਨੂੰ ਤਰਕਸੰਗਤ ਬਣਾਏਗੀ। ਕਮੇਟੀ ਸਿਟੀ ਗੈਸ ਡਿਸਟਰੀਬਿਯੂਸ਼ਨ (ਸੀਜੀਡੀ) ਸੰਸਥਾਵਾਂ ਵੱਲੋਂ ਚੁੱਕੇ ਗਏ ਵੱਖ-ਵੱਖ ਮੁੱਦਿਆਂ ਦੀ ਸਮੀਖਿਆ ਤਐ ਹੱਲ ਲਈ ਵੱਧ ਰੂਪ ਨਾਲ ਕਾਰਜ ਕਰੇਗੀ। ਇਸ ਸਬੰਧ ਵਿਚ ਜਾਰੀ ਨੋਟੀਫਿਕੇਸ਼ਨ ਅਨੁਸਾਰ ਸਟੇਟ ਲੇਵਲ ਅਪੈਕਸ ਕਮੇਟੀ ਦੇ ਚੇਅਰਮੈਨ ਮੁੱਖ ਸਕੱਤਰ ਹੋਣਗੇ। ਕਮੇਟੀ ਦੇ ਵਿਚ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ , ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਬੀਏਂਡਆਰ) ਦੇ ਵਧੀਕ ਮੁੱਖ ਸਕੱਤਰ, ਉਦਯੋਗ ਅਤੇ ਵਪਾਰ ਵਿਭਾਗ ਦੇ ਵਧੀਕ ਮੁੱਖ ਸਕੱਤਰ, ਵਾਤਾਵਰਣ , ਵਨ ਅਤੇ ਜੰਗਲੀ ਜੀਵ ਵਿਭਾਗ ਦੇ ਵਧੀਕ ਮੁੱਖ ਸਕੱਤਰ, ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਧੀਕ ਮੁੱਖ ਸਕੱਤਰ , ਟਾਊਨ ਏਂਡ ਕੰਟਰੀ ਪਲਾਨਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ, ਸਿੰਚਾਈ ਅਤੇ ਜਲ ਸੰਸਾਧਨ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ, ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਮੁੱਖ ਪ੍ਰਸ਼ਾਸ਼ਕ, ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ, ਦੇ ਪ੍ਰਬੰਧ ਨਿਦੇਸ਼ਕ ਅਤੇ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸਕੱਤਰ ਇਸ ਸਮਿਤੀ ਦੇ ਮੈਂਬਰ ਵਜੋ ਕਾਰਜ ਕਰਨਗੇ, ਜਦੋਂ ਕਿ ਉਦਯੋਗ ਅਤੇ ਵਪਾਰ ਵਿਭਾਗ ਦੇ ਮਹਾਨਿਦੇਸ਼ਕ ਕਮੇਟੀ ਦੇ ਮੈਂਬਰ ਸਕੱਤਰ ਹੋਣਗੇ।

## ਜਸਵਿੰਦਰ ਪਾਬਲਾ ਨੂੰ ਬਣਾਇਆ ਯੂਥ ਵਿੰਗ ਦਾ ਪ੍ਰਧਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮਨੁੱਖੀ ਅਧਿਕਾਰ ਮੰਚ ਦੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਇਕਾਈ ਦੇ ਬਲਾਕ ਨਵਾਂਸ਼ਹਿਰ ਦੀ ਇੱਕ ਅਹਿਮ ਮੀਟਿੰਗ ਅਮਰੀਕ ਸਿੰਘ ਕਾਹਲੋਂ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਡਾ. ਜਸਵੰਤ ਸਿੰਘ ਖੇੜਾ ਕੌਮੀ ਪ੍ਰਧਾਨ, ਕੌਮੀ ਕੋਆਰਡੀਨੇਟਰ ਗੁਰਕੀਰਤ ਸਿੰਘ ਖੇੜਾ, ਕੌਮੀ ਸਰਪ੍ਰਸਤ ਡਾ. ਰਾਮਜੀ ਲਾਲ, ਹੁਸਨ ਲਾਲ ਸੂੰਡ ਕੌਮੀ ਪਰਸਨਲ ਸਕੱਤਰ ਅਤੇ ਅਵਤਾਰ ਸਿੰਘ ਚੇਅਰਮੈਨ ਐਂਟੀ ਕ੍ਰਾਈਮ ਸੈੱਲ ਦੋਆਬਾ ਜੋਨ ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪੁਹੰਚੇ। ਜਿਸ ਵਿੱਚ ਜਸਵਿੰਦਰ ਸਿੰਘ ਪਾਬਲਾ ਨੂੰ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ, ਅਮਰਜੀਤ ਕੌਰ ਸਪਤਨੀ ਗੁਰਮੁੱਖ ਸਿੰਘ ਪ੍ਰੈੱਸ ਰਿਪੋਰਟਰ ਸਕੱਤਰ ਇਸਤਰੀ ਵਿੰਗ ਪੰਜਾਬ, ਅਮਰੀਕ ਸਿੰਘ ਕਾਹਲੋਂ ਜ਼ਿਲ੍ਹਾ ਪ੍ਰਧਾਨ, ਸਤਪਾਲ ਜ਼ਿਲ੍ਹਾ ਉੱਪ ਪ੍ਰਧਾਨ ਅਤੇ ਗੁਰਮੁੱਖ ਸਿੰਘ ਨੂੰ ਜ਼ਿਲ੍ਹਾ ਚੇਅਰਮੈਨ ਆਰ ਟੀ ਆਈ ਸੈੱਲ ਲੱਗਾ ਕੇ ਸ਼ਨਾਖਤੀ ਕਾਰਡ ਅਤੇ ਨਿਯੁਕਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਾ। ਖੇੜਾ ਨੇ ਕਿਹਾ ਕਿ ਅੱਜ ਸਮਾਜਿਕ ਕੁਰੀਤਿਆਂ ਘੱਟਣ ਦੀ ਜਗ੍ਹਾ ਵਧਦੀਆਂ ਜਾ ਰਹੀਆਂ ਹਨ, ਜਿਸ ਪ੍ਰਤੀ ਚਿੰਤਤ ਹੋਣਾ ਲਾਜਮੀ ਹੈ। ਡਾ। ਰਾਮਜੀ ਲਾਲ ਨੇ ਕਿਹਾ ਕਿ ਸਮਾਜ ਨੂੰ ਆਪਣੇ ਹੱਕਾਂ ਪ੍ਰਤੀ ਪੂਰਨ ਤੌਰ 'ਤੇ ਜਾਗਰੂਕ ਕਰਨ ਲਈ ਮੰਚ ਹਮੇਸ਼ਾ ਦੀ ਤਰ੍ਹਾਂ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਮੀਟਿੰਗਾਂ ਅਤੇ ਸੈਮੀਨਾਰ ਕਰਕੇ ਜਾਗਰੂਕ ਕਰੇਗਾ। ਹੋਰਨਾਂ ਤੋਂ ਇਲਾਵਾਂ ਚਮਨ ਲਾਲ, ਸੁਖਦੇਵ ਸਿੰਘ ਅਟਵਾਲ, ਹਰਮੇਸ ਸਿੰਘ, ਹਰਜੀਤ ਰਾਣੀ, ਬਾਲਗੁਰਜੋਤ ਸਿੰਘ, ਹਰਪ੍ਰੀਤ ਸਿੰਘ ਅਤੇ ਹਰਲੀਨ ਕੌਰ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਸਾਉਣੀ ਮੰਡੀਕਰਨ ਸੀਜ਼ਨ 2023-24 ਲਈ ਸਾਰੇ ਪੁਖ਼ਤਾ ਪ੍ਰਬੰਧ ਮੁਕੰਮਲ : ਕਟਾਰੂਚਕ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਰਹੇ ਸਾਉਣੀ ਮੰਡੀਕਰਨ ਸੀਜਨ (ਕੇ.ਐੱਮ.ਐੱਸ.) 2023-24 ਦੌਰਾਨ



ਮੰਡੀਆਂ ਵਿੱਚ ਆਪਣੀ ਝੋਨੇ ਦੀ ਫਸਲ ਵੇਚਣ ਲਈ ਆਉਣ ਵਾਲੇ ਤਕਰੀਬਨ 8 ਲੱਖ ਤੋਂ ਵੱਧ ਕਿਸਾਨਾਂ ਲਈ ਸੁਖਾਵੇਂ ਹਾਲਾਤ ਯਕੀਨੀ ਬਣਾਉਣ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਾਰੇ ਪੁਖਤਾ ਪ੍ਰਬੰਧ ਕਰ ਲਏ ਗਏ ਹਨ। ਸੂਬੇ ਭਰ ਵਿੱਚ 1806 ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ ਅਤੇ ਚੌਲ ਮਿੱਲਾਂ ਨੂੰ ਕੰਪਿਊਟਰਾਈਜ਼ਡ ਜੀ.ਪੀ.ਐੱਸ. ਸਿਸਟਮ ਰਾਹੀਂ ਇਨ੍ਹਾਂ ਮੰਡੀਆਂ ਨਾਲ ਜੋੜਿਆ ਗਿਆ ਹੈ।

ਸਾਉਣੀ ਮੰਡੀਕਰਨ ਸੀਜ਼ਨ 2023-24 ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਇੱਥੇ ਅਨਾਜ ਭਵਨ ਵਿਖੇ ਡਿਪਟੀ ਡਾਇਰੈਕਟਰਾਂ, ਡੀ.ਐਫ.ਐਸ.ਸੀਜ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਖਰੀਦ ਦੌਰਾਨ ਕਿਸਾਨਾਂ ਅਤੇ ਹੋਰਨਾਂ ਭਾਈਵਾਲਾਂ ਜਿਵੇਂ ਕਿ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਰਪੇਸ਼ ਨਾ ਆਵੇ ਅਤੇ ਸਮੇਂ ਸਿਰ ਫਸਲ ਦੀ ਚੁਕਾਈ ਅਤੇ ਪਹਿਲੇ ਦਿਨ ਤੋਂ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੀ ਅਦਾਇਗੀ ਯਕੀਨੀ ਬਣਾਈ ਜਾਵੇ। ਉਨ੍ਹਾ ਦੱਸਿਆ ਕਿ ਇਸ ਵਾਰ ਖਰੀਦ ਦਾ ਟੀਚਾ 182 ਲੱਖ ਮੀਟ੍ਰਿਕ ਟਨ (ਐੱਲ.ਐੱਮ.ਟੀ.) ਮਿੱਥਿਆ ਗਿਆ ਹੈ ਅਤੇ ਇਸ ਦੇ ਨਾਲ ਹੀ ਝੋਨੇ ਦੇ ਖਰੀਦ ਸੀਜਨ ਲਈ ਆਰ.ਬੀ.ਆਈ. ਵੱਲੋਂ 37625.68 ਕਰੋੜ ਰੁਪਏ ਦੀ ਨਕਦ ਕਰਜ਼ਾ ਹੱਦ (ਸੀ.ਸੀ.ਐੱਲ.) ਨੂੰ ਪ੍ਰਵਾਨਗੀ ਦਿੱਤੀ ਗਈ ਹੈ।

## ਰਿਹਾਇਸ਼ੀ ਇਲਾਕੇ 'ਚ ਖੋਲ੍ਹੇ ਠੇਕੇ ਨੂੰ ਬਾਹਰ ਕੱਢਣ ਦੀ ਮੰਗ



**ਮਹਿਤਪੁਰ (ਰਾਜਾ)**- ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਪਿੰਡ ਆਦਰਮਾਨ ਵਿਖੇ ਰਿਹਾਇਸ਼ੀ ਇਲਾਕੇ ਵਿੱਚ ਖੋਲੇ ਸ਼ਰਾਬ ਦੇ ਠੇਕੇ ਨੂੰ ਪਿੰਡ ਤੋਂ ਬਾਹਰ ਕੱਢਣ ਦੀ ਮੰਗ ਕਰਦਿਆਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਹੈ ਕਿ ਜੇਕਰ 1 ਅਕਤੂਬਰ ਤੱਕ ਠੇਕੇ ਨੂੰ ਪਿੰਡ ਤੋਂ ਬਾਹਰ ਨਾ ਕੱਢਿਆ ਗਿਆ ਤਾਂ ਯੂਨੀਅਨ ਵਲੋਂ ਠੇਕੇ ਨੂੰ ਤਾਲਾ ਲਗਾ ਦਿੱਤਾ ਜਾਵੇਗਾ। ਇਥੇ ਯੂਨੀਅਨ ਦੇ ਜ਼ਿਲ੍ਹਾ ਜਲੰਧਰ ਦੇ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਉਪਰੰਤ ਜਾਰੀ ਪ੍ਰੈਸ ਬਿਆਨ ਵਿਚ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਖੈਹਿਰਾ, ਸੀਨੀਅਰ ਮੀਤ ਪ੍ਰਧਾਨ ਜਸਵੰਤ ਸਿੰਘ ਲੋਹਗੜ੍ਹ, ਮੀਡੀਆ ਇੰਚਾਰਜ ਤਜਿੰਦਰ ਪਾਲ ਸਿੰਘ ਸਿੱਧੂ, ਮੁੱਖ ਸਲਾਹਕਾਰ ਲਖਵੀਰ ਸਿੰਘ ਗੋਬਿੰਦ ਪੁਰ, ਬਲਾਕ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਅਤੇ ਸੀਨੀਅਰ ਮੀਤ ਪ੍ਰਧਾਨ ਰਮਨਜੀਤ ਸਿੰਘ ਸਮਰਾ ਨੇ ਦੱਸਿਆ ਕਿ ਇਸ ਸੰਬੰਧੀ ਬੀਤੀ 18 ਸਤੰਬਰ ਨੂੰ ਇੱਕ ਮੰਗ ਪੱਤਰ ਐਸ ਡੀ ਐਮ ਨਕੋਦਰ ਨੂੰ ਵੀ ਦਿੱਤਾ ਗਿਆ ਸੀ ਪਰੰਤੂ ਅੱਜੇ ਤੱਕ ਪ੍ਰਸ਼ਾਸਨ ਦੇ ਕੰਨ ਤੇ ਜੂੰ ਨਹੀਂ ਸਰਕੀ। ਇਸ ਮੌਕੇ ਬਲਾਕ ਸਿਧਵਾ ਬੇਟ ਦੇ ਪ੍ਰਧਾਨ ਤਜਿੰਦਰ ਸਿੰਘ, ਰੋਹਿਤ ਅਤੇ ਮੋਹਿਤ ਆਦਿ ਮੌਜੂਦ ਸਨ।

## ਐੱਸ ਡੀ ਕਾਲਜ ਫਾਰ ਵੂਮੈਨ 'ਚ ਹਿੰਦੀ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ, (ਹਨੀ)**-ਐਸ.ਡੀ.ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਰਾਸਟਰ ਭਾਸ਼ਾ ਹਿੰਦੀ ਨੂੰ ਸਮਰਪਿਤ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ



ਕਾਲਜ ਦੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਸ਼ਮ੍ਹਾ ਰੌਸ਼ਨ ਕਰਦਿਆਂ ਸਮਾਗਮ ਦਾ ਆਗਾਜ਼ ਕੀਤਾ। ਇਸ ਦੌਰਾਨ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥਣ ਮਨੀਸ਼ਾ ਕੌਰ ਤੇ ਗੁਰਲੀਨ ਕੌਰ ਨੇ ਮੀਰਾ ਭਜਨ 'ਤੇ ਕੋਰੀਓਗ੍ਰਾਫੀ ਕਰਦਿਆਂ ਭਰਪੂਰ ਪ੍ਰਸੰਸਾ ਹਾਸਲ ਕੀਤੀ। ਪਿੰਕੀ, ਨਵਜੋਤ ਕੌਰ ਅਤੇ ਸੰਦੀਪ ਕੌਰ ਨੇ ਕਵਿਤਾਵਾਂ ਪੇਸ਼ ਕੀਤੀਆਂ। ਵਿਦਿਆਰਥਣਾਂ ਵੱਲੋਂ ਪੇਸ਼ ਕੀਤਾ ਗਿਆ ਨਾਟਕ ਵੀ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਸ਼ੁਕਲਾ ਨੇ ਕਿਹਾ ਕਿ ਸਾਨੂੰ ਰਾਸ਼ਟਰ ਭਾਸ਼ਾ ਹਿੰਦੀ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਜਿਸ ਨੂੰ ਬੋਲਣ ਅਤੇ ਸੁਣਨ ਵੇਲੇ ਮਨ ਨੂੰ ਬਹੁਤ ਹੀ ਸਕੂਨ ਮਿਲਦਾ ਹੈ।। ਇਸ ਮੌਕੇ ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਕਸ਼ਮੀਰ ਕੌਰ, ਸੋਨੀਆ, ਸੁਨੀਤਾ ਕਲੇਰ, ਅੰਜਨਾ, ਕਿਰਨਦੀਪ ਕੌਰ, ਰਾਜਨਬੀਰ ਕੌਰ, ਰਵਿੰਦਰ ਕੌਰ, ਕਾਜਲ, ਪੂਜਾ, ਰਜੀਵ ਕੁਮਾਰ, ਸ਼ਕਤੀ ਕੁਮਾਰ ਆਦਿ ਸਟਾਫ਼ ਮੈਂਬਰ ਹਾਜਰ ਸਨ।

## ਟੇਬਲ ਟੈਨਿਸ ਮੁਕਾਬਲਾ ਜੇਤੂ ਟੀਮ ਤੇ ਕੋਚ ਸਨਮਾਨਤ

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲ) ਨੂਰਪੁਰ ਬੇਦੀ ਦੇ ਟੇਬਲ ਟੈਨਿਸ ਦੇ ਅੰਡਰ-14 ਅਤੇ ਅੰਡਰ -17 ਲੜਕਿਆਂ ਵਲੋਂ ਸਿੱਖਿਆ



ਵਿਭਾਗ ਦੀਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਗੋਲਡ ਮੈਡਲ ਪ੍ਰਾਪਤ ਕਰਨ 'ਤੇ ਪ੍ਰਿੰਸੀਪਲ ਸੋਨੀਆ ਅਤੇ ਸਮੂਹ ਸਕੂਲ ਸਟਾਫ ਵਲੋਂ ਟੀਮ ਅਤੇ ਕੋਚ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਨੇ ਕੋਚ ਸ੍ਰੀਮਤੀ ਗੁਰਪਾਲ ਕੌਰ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਖੇਡ ਜੋ ਸ਼ਹਿਰਾਂ ਦੇ ਵਿਦਿਆਰਥੀਆਂ ਦੀ ਖੇਡ ਮੰਨੀ ਜਾਂਦੀ ਹੈ ਪਰੰਤੂ ਮਿਹਨਤ ਨਾਲ ਪੇਂਡੂ ਖਿਡਾਰੀਆਂ ਨੇ ਵੀ ਜਿੱਤ ਦੇ ਝੰਡੇ ਗੱਡੇ ਹਨ। ਗੌਰਮਿੰਟ ਫਿਜੀਕਲ ਐਜੂਕੇਸ਼ਨ ਟੀਚਰਜ ਐਸੋਸੀਏਸ਼ਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਣਜੀਤ ਸਿੰਘ ਭੱਠਲ ਨੇ ਕਿਹਾ ਕਿ ਜੇਕਰ ਹਰੇਕ ਸਕੂਲ ਵਿੱਚ ਸਰੀਰਕ ਸਿੱਖਿਆ ਤੇ ਖੇਡਾਂ ਵਿਸ਼ੇ ਨੂੰ ਹਰੇਕ ਜਮਾਤ ਅਤੇ ਹਰੇਕ ਸਟਰੀਮ ਦੇ ਵਿਦਿਆਰਥੀਆਂ ਲਈ ਲਾਜਮੀ ਕਰਕੇ ਵਿਸ਼ਾ ਅਧਿਆਪਕਾਂ ਦੀ ਭਰਤੀ ਕਰ ਲਈ ਜਾਵੇ ਤਾਂ ਪੰਜਾਬ ਨੂੰ ਦੁਨੀਆਂ ਭਰ ਵਿੱਚੋਂ ਮੈਡਲ ਜਿੱਤਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਮੌਕੇ ਲੈਕਚਰਾਰ ਅਨਿਲ ਕੁਮਾਰ, ਜਤਿੰਦਰਪਾਲ ਸਿੰਘ ਕਾਹਲੋਂ, ਯਸ਼ ਕਿਰਣ ਰਾਣਾ, ਲੈਕਚਰਾਰ ਰੋਹਿਤ ਸ਼ਰਮਾ, ਸੀਨੀਅਰ ਸਹਾਇਕ ਵਰਿੰਦਰ ਸ਼ਰਮਾ, ਲੈਕਚਰਾਰ ਜਸਵਿੰਦਰ ਕੌਰ, ਗੁਰਪਾਲ ਕੌਰ, ਰਮਨਦੀਪ ਕੌਰ ਮੱਲ੍ਹੀ, ਅਰਵਿੰਦਰ ਕੌਰ, ਜਸਵੰਤ ਕੌਰ, ਰਜਨੀ ਬਾਲਾ, ਮੈਡਮ ਨਵਨੀਤ ਗਿੱਲ, ਰੁਕਮਣੀ ਬਾਂਸਲ, ਸਿਮਰਨਜੀਤ ਕੌਰ, ਗੁਰਪ੍ਰੀਤ ਕੌਰ, ਗੁਰਿੰਦਰ ਕੌਰ ਅਤੇ ਅੰਮ੍ਰਿਤ ਕੌਰ ਆਦਿ ਹਾਜਰ ਸਨ।

# 21 ਸਕੂਲਾਂ ਦੀ ਹਾਲਤ ਸੁਧਾਰੀ ਜਾਵੇਗੀ : ਬੈਂਸ



**ਚਮਕੌਰ ਸਾਹਿਬ,(ਗੁਰਵਿੰਦਰਪਾਲ ਸਿੰਘ ਬੌਬੀ)**

ਪੰਜਾਬ ਸਰਕਾਰ ਚਮਕੌਰ ਸਾਹਿਬ ਦੇ 21 ਸਕੂਲਾਂ ਦੀ ਨੁਹਾਰ ਬਦਲਣ ਲਈ 20 ਕਰੋੜ ਰੁਪਏ ਖਰਚ ਕਰੇਗੀ ਅਤੇ ਇਨ੍ਹਾਂ ਸਕੂਲਾਂ ਦੀ ਸੂਚੀ ਵੀ ਤਿਆਰ ਕਰ ਲਈ ਗਈ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਥੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕੇ ਅੰਦਰ ਅਜੇ ਵੀ ਅਜਿਹੇ ਕਈ ਸਕੂਲ ਹਨ, ਜਿਨ੍ਹਾਂ ਦੀ ਚਾਰ ਦੀਵਾਰੀ ਨਹੀਂ ਜਾ ਸਕੂਲ ਦੀ ਛੱਤ ਹੈ ਹੀ ਨਹੀਂ ਅਤੇ ਇਮਾਰਤਾਂ ਖੰਡਰ ਬਣ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਦੀ ਪਹਿਲ ਦੇ ਆਧਾਰ 'ਤੇ ਨੁਹਾਰ ਬਦਲ ਕੇ ਸ਼ਾਨਦਾਰ ਇਮਾਰਤਾਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲਾਂ ਦੇ ਨਤੀਜੇ ਜਿੱਥੇ ਵਧੀਆ ਆ ਰਹੇ ਹਨ, ਉੱਥੇ ਹੀ ਅਧਿਆਪਕ ਵੀ ਬੱਚਿਆਂ ਨੂੰ ਮਿਹਨਤ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਬੈਂਸ ਨੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਚਮਕੌਰ ਸਾਹਿਬ ਦੇ ਮੁੱਖ ਮੁੱਦੇ ਜਿਵੇਂ ਸਕੂਲ, ਸੜਕਾਂ ਦੀ ਸਮੱਸਿਆ, ਦਰਿਆ ਸਤਲੁਜ ਤੇ ਪੁਲ ਲਗਾਉਣ ਸਮੇਤ ਹੋਰ ਵੀ ਕਈ ਮੁੱਦੇ ਉਨ੍ਹਾਂ ਕੋਲ ਜਾ ਮੁੱਖ ਮੰਤਰੀ ਭਗਵੰਤ ਮਾਨ ਕੋਲ ਦੱਸ ਕੇ ਆਪਣੀ ਜਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ। ਬੈਂਸ ਨੇ ਚਮਕੌਰ ਸਾਹਿਬ-ਬੇਲਾ ਸੜਕ 'ਤੇ ਬਣ ਰਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਕਿੱਲ ਇੰਸਟੀਚਿਊਟ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਤੋਂ ਸਮੁੱਚੀ ਰਿਪੋਰਟ ਵੀ ਹਾਸਲ ਕੀਤੀ। ਇਸ ਮੌਕੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ , ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ, ਦਰਸ਼ਨ ਵਰਮਾ, ਸ਼ਮਸ਼ੇਰ ਸਿੰਘ ਮੰਗੀ, ਸੁਖਵੀਰ ਸਿੰਘ, ਰਵਿੰਦਰ ਸਿੰਘ, ਅਵਤਾਰ ਸਿੰਘ ਅਤੇ ਕੁਲਵੀਰ ਸਿੰਘ ਆਦਿ ਹਾਜਰ ਸਨ।

# ਜਸਨੂਰ ਤੇ ਤ੍ਰਿਪਤੀ ਦਾ ਗੋਲਡ 'ਤੇ ਕਬਜ਼ਾ

## ਗੁਰਕੀਰਤ ਸਿੰਘ ਬਣੇ ਗਤਕਾ ਚੈਂਪੀਅਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜਪੁਰ ਦੇ ਖਿਡਾਰੀਆਂ ਜਸਨੂਰ ਅਤੇ ਤ੍ਰਿਪਤੀ ਨੇ ਕਿੱਕ ਬਾਕਸਿੰਗ ਮੁਕਾਬਲਿਆਂ ਦੇ ਵਿੱਚ ਸਕੂਲ ਦੀ ਝੋਲੀ ਦੋ ਗੋਲਡ ਮੈਡਲ ਪਾਏ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਜ਼ਿਲ੍ਹਾ ਬਾਕਸਿੰਗ ਪੰਜਾਬ ਸਟੇਟ ਗਤਕਾ ਚੈਂਪੀਅਨਸ਼ਿਪ ਦੇ ਵਿੱਚ ਗੁਰਕੀਰਤ ਸਿੰਘ ਨੇ ਗੋਲਡ ਮੈਡਲ ਹਾਸਲ ਕੀਤਾ। ਉਨ੍ਹਾਂ ਤਮਾਮ ਖਿਡਾਰੀਆਂ,ਉਨ੍ਹਾਂ ਦੇ ਮਾਪਿਆਂ ਅਤੇ ਕੋਚਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ 'ਤੇ ਮੈਨੇਜਰ ਗਜਿੰਦਰਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ, ਅਸ਼ਿਵਨੀ, ਸੁਰੇਸ਼, ਅਰਚਣਾ, ਗੁਰਪ੍ਰੀਤ, ਰਾਜਵੀਰ ਕੌਰ, ਰਾਜਵਿੰਦਰ, ਸੁਮਨ, ਹਰਜੀਤ ਕੌਰ, ਗੁਰਦੇਵ ਸਿੰਘ, ਹਰਜੀਤ ਸਿੰਘ ਤੇ ਬਾਕੀ ਸਟਾਫ ਮੈਂਬਰ ਮੌਜੂਦ ਸਨ।

## 'ਵਰਸਿਟੀ ਕਾਲਜ ਵਿਖੇ ਵਜ਼ੀਫਾ ਜਾਗਰੂਕਤਾ ਸੈਮੀਨਾਰ

**ਫਿਲੌਰ (ਨਿਰਮਲ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ



ਸਕਾਲਰਸ਼ਿੱਪ ਜਾਗਰੂਕਤਾ ਹਫਤੇ ਅਧੀਨ ਜੋ ਕਿ 29 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ, ਦੇ ਸੰਬੰਧ ਵਿੱਚ ਵਿਦਿਆਰਥੀਆਂ ਨੂੰ ਵਜ਼ੀਫੇ ਪ੍ਰਤੀ ਜਾਗਰੁਕ ਕਰਨ ਹਿੱਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਤੌਰ 'ਤੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਫਾਰ ਐਸ. ਸੀ.ਸਟੂਡੈਂਟਸ ਸਕੀਮ ਸੰਬੰਧੀ ਜਾਗਰੂਕ ਕੀਤਾ ਗਿਆ ਤਾਂ ਜੋ ਇਸ ਸਕੀਮ ਦਾ ਵਿਦਿਆਰਥੀ ਵੱਧ ਤੋਂ ਵੱਧ ਲਾਭ ਲੈ ਸਕਣ। ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਨੇ ਵਿਦਿਆਰਥੀਆਂ ਨੂੰ ਸਕਾਲਰਸ਼ਿੱਪ ਸਕੀਮ ਦੇ ਮਹੱਤਵ ਬਾਰੇ ਸਮਝਾਇਆ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਕੀਮ ਦਾ ਵੱਧ ਤੋਂ ਵੱਧ ਲਾਭ ਲੈ ਕੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਉਤਸ਼ਾਹਿਤ ਕੀਤਾ। ਕਾਲਜ ਦੇ ਸਕਾਲਰਸ਼ਿੱਪ ਅਧੀਨ ਬਣੇ ਨੋਡਲ ਅਫਸਰ ਪ੍ਰੋਫੈਸਰ ਜਗਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸਕੀਮ ਲਈ ਅਪਲਾਈ ਕਰਨਾ , ਜਰੂਰੀ ਦਸਤਾਵੇਜਾਂ, ਆਨ-ਲਾਈਨ ਪੋਰਟਲ ਆਦਿ ਵਿਸ਼ਿਆਂ ਦੀ ਵਿਸਥਾਰ ਸਹਿਤ ਜਾਣਕਾਰੀ ਮੁਹੱਈਆ ਕਰਵਾਈ। ਪ੍ਰੋਫੈਸਰ ਪਰਮਜੀਤ ਕੌਰ (ਪੰਜਾਬੀ ਵਿਭਾਗ) ਨੇ ਸਕਾਲਰਸ਼ਿੱਪ ਅਪਲਾਈ ਕਰਨ ਵੇਲੇ ਆਉਣ ਵਾਲੀਆਂ ਮੁਸ਼ਕਲਾਂ ਦਾ ਜ਼ਿਕਰ ਕਰਦੇ ਹੋਏ ਵਿਦਿਆਰਥੀਆਂ ਨੂੰ ਫਾਰਮ ਭਰਨ ਵੇਲੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ 'ਤੇ ਚਾਨਣਾ ਪਾਇਆ। ਪ੍ਰੋਫੈਸਰ ਰੁਪਿੰਦਰ ਸਿੰਘ ਨੇ ਮੌਕੇ 'ਤੇ ਹੀ ਵਿਦਿਆਰਥੀਆਂ ਦੁਆਰਾ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ।

## ਅਮੇਜਨ ਤਿਉਹਾਰੀ ਸੀਜ਼ਨ ਨੂੰ ਸਫਲ ਬਣਾਉਣ ਲਈ ਤਿਆਰ

**ਜਲੰਧਰ** : ਪੰਜਾਬ ਅਤੇ ਭਾਰਤ ਭਰ 'ਚ ਵਿਕਰੇਤਾਵਾਂ ਲਈ ਤਿਉਹਾਰਾਂ ਦੇ ਸੀਜਨ ਨੂੰ ਸਫਲ ਬਣਾਉਣ ਦੀ ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ, ਐਮਾਜਾਨ ਨੇ 27 ਅਗਸਤ ਤੋਂ 4 ਨਵੰਬਰ ਤੱਕ ਐਮਾਜ਼ਾਨ ਡਾਟ ਇਨ 'ਚ ਸ਼ਾਮਲ ਹੋਣ ਵਾਲੇ ਨਵੇਂ ਵਿਕਰੇਤਾਵਾਂ ਲਈ ਰੈਫਰਲ ਫੀਸਾਂ ਵਿੱਚ 50% ਛੋਟ ਦਾ ਐਲਾਨ ਕੀਤਾ ਹੈ। ਐਮਾਜਾਨ ਇੰਡੀਆ ਵਿਖੇ ਸੇਲਰ ਐਕਵਿਜੀਸਨ ਐਂਡ ਡਿਵੈਲਪਮੈਂਟ ਦੇ ਮੁਖੀ, ਗੌਰਵ ਭਟਨਾਗਰ ਨੇ ਕਿਹਾ, "ਵਿਕਰੇਤਾ ਅਤੇ ਗਾਹਕਾਂ ਦੇ ਨਜਰੀਏ ਤੋਂ ਪੰਜਾਬ ਸਾਡੇ ਲਈ ਇੱਕ ਪ੍ਰਮੁੱਖ ਬਾਜਾਰ ਹੈ। ਐਮਾਜ਼ਾਨ ਡਾਟ ਇਨ 'ਤੇ ਸੂਬੇ ਦੇ 35000 ਤੋਂ ਵੱਧ ਵਿਕਰੇਤਾਵਾਂ ਦੇ ਨਾਲ, ਸਾਡਾ ਫੋਕਸ ਬਣਾਉਣ 'ਤੇ ਰਹਿੰਦਾ ਹੈ। ਉਹਨਾਂ ਲਈ ਔਨਲਾਈਨ ਵੇਚਣਾ ਆਸਾਨ ਅਤੇ ਵਧੇਰੇ ਲਾਭਕਾਰੀ ਹੈ। ਇਸ ਕੋਸ਼ਿਸ਼ ਦੇ ਹਿੱਸੇ ਵਜੋਂ, ਅਸੀਂ ਇਸ ਆਗਾਮੀ ਤਿਉਹਾਰੀ ਸੀਜਨ ਦੌਰਾਨ ਨਵੇਂ ਵਿਕਰੇਤਾਵਾਂ ਲਈ 50% ਫੀਸ ਮੁਆਫੀ ਦਾ ਐਲਾਨ ਕਰਨ ਲਈ ਉਤਸਾਹਿਤ ਹਾਂ ਤਾਂ ਜੋ ਉਹ ਇੱਕ ਡਿਜੀਟਲ ਉੱਦਮੀ ਵਜੋਂ ਆਪਣੀ ਯਾਤਰਾ ਸੁਰੂ ਕਰਨ ਦੇ ਯੋਗ ਹੋ ਸਕਣ।

# ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**

ਹਾੜ੍ਹੀ ਦੀਆਂ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਅਤੇ ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਬਾਰੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਕਪੂਰਥਲਾ ਵੱਲੋਂ ਆਤਮਾ ਸਕੀਮ ਦੇ ਸਹਿਯੋਗ ਨਾਲ ਸੁਲਤਾਨਪੁਰ ਲੋਧੀ ਜਿਲ੍ਹਾ ਕਪੂਰਥਲਾ ਵਿਖੇ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀ ਲਗਾਈ ਗਈ, ਜਿਸ ਦਾ ਉਦਘਾਟਨ ਰਾਜ ਸਭਾ ਮੈਂਬਰ ਪਦਮ ਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਮਾਨਯੋਗ ਕੈਪਟਨ ਕਰਨੈਲ ਸਿੰਘ ਡਿਪਟੀ ਕਮਿਸ਼ਨਰ ਕਪੂਰਥਲਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸਮੇਂ ਫਸਲਾਂ ਦੀ ਗੁਣਵਤਾ ਅਤੇ ਵਾਤਾਵਰਣ ਦੀ ਸੰਭਾਲ ਸਮੇਂ ਦੀ ਅਹਿਮ ਲੋੜ ਹੈ। ਉਹਨਾਂ ਮਾਹਿਰਾਂ ਵਲੋਂ ਦੱਸੀਆਂ ਨਵੀਆਂ ਤਕਨੀਕਾਂ ਨਾਲ ਖੇਤੀ ਕਰਨ ਤੇ ਜੋਰ ਦਿੱਤਾ। ਡਿਪਟੀ ਕਮਿਸਨਰ, ਕਪੂਰਥਲਾ ਨੇ ਕਿਹਾ ਕਿ ਖੇਤੀ ਮਾਹਿਰਾਂ ਪਾਸੋਂ ਹਾੜ੍ਹੀ ਦੀਆਂ ਫਸਲਾਂ ਸੰਬੰਧੀ ਜੋ ਤਕਨੀਕੀ ਗਿਆਨ ਤੁਸੀਂ ਅੱਜ ਹਾਸਲ ਕੀਤਾ ਹੈ ਇਸ ਨੂੰ ਆਪਣੇ ਖੇਤਾਂ 'ਚ ਅਪਣਾ ਕੇ ਭਰਪੂਰ ਲਾਭ ਉਠਾਇਆ ਜਾਵੇ। ਸੱਜਣ ਸਿੰਘ ਚੀਮਾ ਹਲਕਾ ਇੰਚਾਰਜ ਸੁਲਤਾਨਪੁਰ ਲੋਧੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਪਰਾਲੀ ਪ੍ਰਬੰਧਨ ਲਈ ਸਬਸਿਡੀ ਤੇ ਖੇਤੀ ਮਸ਼ੀਨਰੀ ਦਿੱਤੀ ਗਈ ਹੈ। ਕਿਸਾਨਾਂ ਨੂੰ ਇਹਨਾਂ ਮਸੀਨਾਂ ਦੀ ਵਰਤੋਂ ਕਰਦੇ ਹੋਏ ਪਰਾਲੀ ਦੀ ਸੰਭਾਲ ਕਰਨੀ ਚਾਹੀਦੀ ਹੈ। ਡਾ.ਨਰੇਸ ਗੁਲਾਟੀ, ਮੁੱਖ ਖੇਤੀਬਾੜੀ ਅਫਸਰ ਕਪੂਰਥਲਾ ਨੇ ਆਏ ਹੋਏ ਮੁੱਖ ਮਹਿਮਾਨ ਅਤੇ ਕਿਸਾਨਾਂ ਨੂੰ ਜੀ ਆਇਆ ਕਿਹਾ। ਉਹਨਾਂ ਦੱਸਿਆਂ ਕਿ ਪਿਛਲੇ ਸਾਲ ਜਿਲੇ ਵਿੱਚ ਤਕਰੀਬਨ 1.08 ਲੱਖ ਹੈਕਟੇਅਰ ਰਕਬਾ ਕਣਕ ਹੇਠ ਸੀ ਜੋ ਇਸ ਸਾਲ ਵੀ ਸਥਿਰ ਰਹਿਣ ਦੀ ਆਸ ਹੈ। ਉਹਨਾਂ ਕਿਹਾ ਕਿ ਜਿਲ੍ਹੇ 'ਚ ਪਰਾਲੀ ਪ੍ਰਬੰਧਨ ਲਈ ਪਿਛਲੇ ਸਾਲਾਂ ਦੌਰਾਨ ਕੁੱਲ 4749 ਮਸ਼ੀਨਾਂ ਕਿਸਾਨਾਂ , ਕਿਸਾਨ ਗਰੁੱਪਾਂ, ਗ੍ਰਾਮ ਪੰਚਾਇਤਾਂ ਅਤੇ ਸਹਿਕਾਰੀ ਸਭਾਵਾਂ ਨੂੰ ਸਬਸਿਡੀ ਤੇ ਦਿੱਤੀਆ ਗਈਆ ਹਨ। ਸੰਭਾਲ ਲਈ ਪਿੰਡ ਪੱਧਰੀ 180 ਟਰੇਨਿੰਗ ਕੈਂਪ ਲਗਾਏ ਜਾ ਰਹੇ ਹਨ। ਡਾ.ਸੁਖਦੀਪ ਸਿੰਘ ਹੁੰਦਲ ਡਿਪਟੀ ਡਾਇਰੈਕਟਰ ਬਾਗਬਾਨੀ, ਡੀ.ਡੀ.ਐਮ.ਨਾਬਾਰਡ ਸੀ ਰਾਸ਼ਿਦ ਲੇਖੀ, ਮਨਪ੍ਰੀਤ ਸਿੰਘ ਉਪ ਮੰਡਲ ਭੂਮੀ ਰੱਖਿਆ ਅਫਸਰ ਕੇਵੀਕੇ ਦੇ ਮਾਹਿਰ ਡਾ. ਅਨੁਰਾਧਾ ਦਾ ਜਰਨਜੋਤ ਕੌਰ, ਡਾ. ਅਮਿਤ ਸਲਾਰੀਆ, ਡਾ. ਜੇਕ ਗਰਗ, ਡਾ. ਸੁਮਨ, ਡਾ ਹਰਿੰਦਰ ਸਿੰਘ ਦਾ ਅਵਨੀਤ ਕੌਰ ਤੇ ਜਸਪਾਲ ਸਿੰਘ ਦੇ ਜੀ ਓ ਨੇ ਕਿਸਾਨਾਂ ਨੂੰ ਵੱਖ-ਵੱਖ ਸਿੱਖਿਆ ਤੇ ਭਰਪੂਰ ਜਾਣਕਾਰੀ ਦਿੱਤੀ। ਇਸ ਕਿਸਾਨ ਮੇਲੇ ਵਿੱਚ ਖੇਤੀਬਾੜੀ ਅਤੇ ਸਹਾਇਕ ਵਿਭਾਗਾਂ ਵੱਲੋਂ ਪ੍ਰਦਰਸਨੀਆਂ ਵੀ ਲਗਾਈਆਂ ਗਈਆਂ। ਇਸ ਮੌਕੇ ਪਰਾਲੀ ਦੇ ਪ੍ਰਬੰਧਨ ਲਈ ਵਧੀਆਂ ਕੰਮ ਕਰਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ।

## ਐਸ ਡੀ ਐਮ ਬੈਂਸ ਵਲੋਂ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਐਸ.ਡੀ.ਐਮ ਪ੍ਰਦੀਪ ਸਿੰਘ ਬੈਂਸ ਵਲੋਂ



ਸਰਕਾਰੀ ਹਸਪਤਾਲ ਟਾਂਡਾ ਦਾ ਅਚਨਚੇਤ ਦਾ ਦੌਰਾ ਕੀਤਾ ਗਿਆ। ਇਸ ਮੌਕੇ ਡਾ: ਕਰਨ ਕੁਮਾਰ ਸੈਣੀ ਸੀਨੀਅਰ ਮੈਡੀਕਲ ਅਫਸਰ ਇੰਚ: ਸੀ.ਐਚ.ਸੀ ਟਾਂਡਾ ਵੀ ਉਹਨਾਂ ਨਾਲ ਹਾਜਰ ਸਨ। ਉਹਨਾਂ ਵਲੋਂ ਸਰਕਾਰੀ ਹਸਪਤਾਲ ਟਾਂਡਾ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਤੇ ਤਸੱਲੀ ਪ੍ਰਗਟ ਕਰਦਿਆਂ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆਂ ਕਰਵਾਉਣ ਲਈ ਪੂਰੀ ਤਰ੍ਹਾਂ ਨਾਲ ਵਚਨਵੱਧ ਹੈ। ਉਹਨਾਂ ਨੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਹਸਪਤਾਲ ਵਿੱਚ ਆਏ ਲੋਕਾਂ ਨਾਲ ਨਰਮਾਈ ਅਤੇ ਅਪਣੱਤ ਵਾਲਾ ਵਿਵਹਾਰ ਕੀਤਾ ਜਾਵੇ ਤਾਂ ਜੋ ਲੋਕ ਸਿਹਤ ਵਿਭਾਗ ਵਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਬਲਜੀਤ ਕੌਰ, ਡਾ: ਵਿਕਰਮਜੀਤ ਸਿੰਘ, ਡਾ: ਸ਼ਗੁਨ, ਡਾ: ਇੰਦਰਜੀਤ ਸੋਨੀਆ, ਡਾ: ਕਰਨ ਸਿੰਘ ਵਿਰਕ, ਸ਼ਸ਼ੀ ਬਾਲਾ ਨਰਸਿੰਗ ਸਿਸਟਰ, ਬਲਰਾਜ ਸਿੰਘ ਸੀਨੀਅਰ ਫਾਰਮੇਸੀ ਅਫਸਰ, ਅਵਤਾਰ ਸਿੰਘ ਬੀ.ਈ.ਈ, ਕੁਲਵੀਰ ਸਿੰਘ, ਰੰਜੀਵਪਾਲ ਸਿੰਘ, ਸ਼ਵਿੰਦਰ ਸਿੰਘ, ਗੁਰਜੀਤ ਸਿੰਘ ਐਚ.ਆਈ ਆਦਿ ਹਾਜਰ ਸਨ।

## ਨਵਾਂ ਪਿੰਡ ਸਰਦਾਰਾਂ ਨੇ ਜਿੱਤਿਆ ਬੈਸਟ ਟੂਰਿਜ਼ਮ ਵਿਲੇਜ ਆਫ ਇੰਡੀਆ 2023 ਐਵਾਰਡ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੇਂਡੂ ਸੈਰ-ਸਪਾਟਾ ਖੇਤਰ ਵਿਚ ਕੌਮੀ ਪੱਧਰ 'ਤੇ ਆਪਣੀ ਸਫਲਤਾ ਦਰਜ ਕਰਵਾਉਂਦਿਆਂ ਪੰਜਾਬ ਨੇ ਇਥੇ ਵਿਸ਼ਵ ਸੈਰ-ਸਪਾਟਾ ਦਿਵਸ ਮੌਕੇ ਇਕ ਮਿਸਾਲੀ ਕਦਮ ਚੁੱਕਿਆ ਹੈ। ਇਸ ਪਿੰਡ ਨੇ ਆਪਣਾ ਨਾਂਅ ਇਸ ਐਵਾਰਡ ਲਈ ਸਮੁੱਚੇ ਭਾਰਤ ਵਿੱਚੋਂ ਚੁਣੇ ਗਏ 35 ਪਿੰਡਾਂ ਵਿੱਚ ਦਰਜ ਕਰਵਾਇਆ ਹੈ। ਭਾਰਤ ਦੇ ਟੂਰਿਜਮ



ਖੇਤਰ ਦੇ ਉੱਤਮ ਪਿੰਡ ਦੀ ਮਾਨਤਾ ਲਈ ਮੁਕਾਬਲੇ ਖਾਤਰ ਕੁੱਲ 31 ਸੂਬਿਆਂ/ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ 750 ਪਿੰਡਾਂ ਵੱਲੋਂ ਅਪਲਾਈ ਕੀਤਾ ਗਿਆ ਸੀ। ਇਹ ਐਵਾਰਡ ਟੂਰਿਜਮ ਅਤੇ ਸਭਿਚਾਰਕ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀਮਤੀ ਰਾਖੀ ਗੁਪਤਾ ਭੰਡਾਰੀ, ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ, ਪਿੰਡ ਦੇ ਪ੍ਰਤੀਨਿਧ ਸ਼੍ਰੀਮਤੀ ਸਤਵੰਤ ਸੰਘਾ, ਮੈਨੇਜਰ ਅੰਕੜਾ ਅਤੇ ਪ੍ਰਾਜੈਕਟਸ, ਸੈਰ ਸਪਾਟਾ ਵਿਭਾਗ ਪੰਜਾਬ ਸ਼ੀਤਲ ਬਹਿਲ ਨੇ ਕੇਂਦਰੀ ਟੂਰਿਜਮ ਵਿਭਾਗ ਦੇ ਸਕੱਤਰ ਮਿਸ. ਵੀ.ਵਿਦਯਾਵਤੀ ਅਤੇ ਵਧੀਕ ਸਕੱਤਰ ਸ੍ਰੀ ਰਾਕੇਸ਼ ਵਰਮਾ ਪਾਸੋਂ ਹਾਸਲ ਕੀਤਾ।

ਕੇਂਦਰੀ ਸੈਰ-ਸਪਾਟਾ ਮੰਤਰਾਲੇ ਵੱਲੋਂ ਨਵੀਂ ਦਿੱਲੀ ਵਿਖੇ ਕਰਵਾਏ ਗਏ ਲਾਂਚ ਆਫ ਗਲੋਬਲ ਟਰੈਵਲ ਫਾਰ ਲਾਈਫ ਸਮਾਗਮ ਦੌਰਾਨ ਬੈਸਟ ਟੂਰਿਜਮ ਵਿਲੇਜ ਆਫ ਇੰਡੀਆ 2023 ਐਵਾਰਡ ਹਾਸਲ ਕੀਤਾ ਹੈ। ਪੰਜਾਬ ਦੇ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਨਵਾਂ ਪਿੰਡ ਸਰਦਾਰਾਂ ਦੀ ਚੋਣ ਇਸ ਵਕਾਰੀ ਐਵਾਰਡ ਲਈ ਹੋਈ ਹੈ। ਇਸ ਪਿੰਡ ਨੇ ਪੰਜਾਬ ਸੱਭਿਆਚਾਰ ਤੇ ਵਿਰਾਸਤ ਨੂੰ ਸੰਭਾਲਣ ਅਤੇ ਵਿਰਾਸਤੀ ਸੈਰ-ਸਪਾਟੇ ਨੂੰ ਵਿਕਸਿਤ ਕਰਕੇ

## 'ਕੌਣ ਬਣੇਗਾ ਪਿਆਰੇ ਦਾ ਪਿਆਰਾ' ਤਹਿਤ ਗੁਰਮਤਿ ਮੁਕਾਬਲਾ



**ਕਾਲਾ ਸੰਘਿਆਂ, (ਮਨਜੀਤ ਮਾਨ)**

ਗੁਰਦੁਆਰਾ ਧਰਮਸਾਲਾ ਪਿੰਡ ਅਠੌਲਾ ਵਿਖੇ ਸੱਚ ਵਿਚਾਰ ਫਾਊਂਡੇਸ਼ਨ ਧਾਰਮਿਕ ਸੰਸਥਾ ਦੇ ਸਹਿਯੋਗ ਨਾਲ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਤੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਨ ਲਈ "ਕੌਣ ਬਣੇਗਾ ਪਿਆਰੇ ਦਾ ਪਿਆਰਾ" ਅਨੁਵਾਨ ਹੇਠ ਗੁਰਮਤਿ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ 40 ਬੱਚਿਆਂ ਤੇ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ ਤੇ ਮੁਕਾਬਲੇ ਦੌਰਾਨ ਸੁਆਲ-ਜਵਾਬ ਵਿਚ ਹਿੱਸਾ ਲਿਆ ਗਿਆ। ਇਸ ਸਬੰਧੀ 15 ਦਿਨ ਪਹਿਲਾਂ ਮੁਕਾਬਲੇ ਦੀ ਤਿਆਰੀ ਲਈ ਲਿਟਰੇਚਰ ਮੁਹੱਈਆ ਕਰਵਾਇਆ ਗਿਆ ਸੀ , ਜਿਸ ਤਹਿਤ ਕੀਤੀ ਗਈ ਤਿਆਰੀ ਦੇ ਸੰਦਰਭ ਵਿਚ ਹਾਟ ਸੀਟ ਉੱਤੇ ਬਿਠਾ ਕੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਲਈ ਗਈ। ਇਸ ਮੁਕਾਬਲੇ ਵਿਚ 7 ਬੱਚੇ ਵਧੀਆ ਪ੍ਰਦਰਸ਼ਨ ਕਰਨ ਲਈ ਕੱਢ ਕੇ ਉਨ੍ਹਾਂ ਦਾ ਮੁੜ ਮੁਕਾਬਲਾ ਕਰਵਾਇਆ ਗਿਆ, ਜਿਸ ਦੌਰਾਨ ਸਾਰੇ ਪ੍ਰੀਖਿਆਰਥੀਆਂ ਨੂੰ 10 ਸਵਾਲ ਹਾਟ ਸੀਟ ਉੱਤੇ ਬਿਠਾ ਕੇ ਪੁੱਛੇ ਗਏ, ਜਿਸ ਦੌਰਾਨ ਬੱਚੀ ਤਰਨਦੀਪ ਕੌਰ ਵੱਲੋਂ ਸਾਰੇ ਸਵਾਲਾਂ ਦੇ ਜਵਾਬ ਠੀਕ ਦਿੱਤੇ ਗਏ, ਜਿਸ ਲੜੀਵਾਰ ਚੱਲ ਰਹੀ ਇਸ ਮੁਹਿੰਮ ਦਾ ਜੇਤੂ ਐਲਾਨਿਆ ਗਿਆ। ਇਸ ਮੌਕੇ 'ਤੇ ਮਨਜੀਤ ਸਿੰਘ ਸੋਹਲ, ਪ੍ਰਗਣ ਸਿੰਘ, ਬਲਜਿੰਦਰ ਕੌਰ ਤੇ ਰਸ਼ਪਾਲ ਸਿੰਘ ਵੱਲੋਂ ਜੱਜਮੈਂਟ ਦੇ ਫਰਜ ਅਦਾ ਕੀਤੇ ਗਏ। ਇਸੇ ਦੌਰਾਨ ਗੁਰਮਤਿ ਮੁਕਾਬਲੇ ਵਿਚ ਭਾਗ ਲੈਣ ਬੱਚਿਆਂ ਤੇ ਵੱਡਿਆਂ ਨੂੰ ਪ੍ਰਬੰਧਕਾਂ ਵਲੋਂ ਸਰਟੀਫਿਕੇਟ, ਸਨਮਾਨ ਚਿੰਨ੍ਹ ਤੇ ਧਾਰਮਿਕ ਪੁਸਤਕਾਂ ਵਗੈਰਾ ਦੇ ਕੇ ਜਿੱਥੇ ਸਨਮਾਨਿਤ ਕੀਤਾ ਗਿਆ, ਉੱਥੇ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਆਏ ਮਹਿਮਾਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਂਟ ਕਰਕੇ ਨਿਵਾਜਿਆ ਗਿਆ।

## ਮਹਿੰਦਰ ਸਿੰਘ ਵੱਲੋਂ ਪਤਨੀ ਤੇ ਆਪਣਾ ਸਰੀਰ ਦਾਨ ਕਰਨ ਦਾ ਪ੍ਰਣ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪਿੰਡ ਬੇਗਮਪੁਰ ਜੰਡਿਆਲਾ ਦੇ ਵਸਨੀਕ ਮਹਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਮਨਜੀਤ ਕੌਰ ਵੱਲੋਂ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਰਾਹੀਂ ਆਪਣੇ ਸਰੀਰ ਦਾਨ ਕਰਨ ਲਈ ਐਸੋਸੀਏਸ਼ਨ ਦੇ ਦਫਤਰ ਆ ਕੇ ਪ੍ਰਣ ਪੱਤਰ ਭਰੇ। ਇਸ ਜੋੜੇ ਵੱਲੋਂ ਦੱਸਿਆ ਕਿ ਉਹ ਨੇਤਰਦਾਨ ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਸਰੀਰ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਖੋਜ ਲਈ ਆਪਣੀ ਇੱਛਾ ਅਨੁਸਾਰ ਦਾਨ ਕਰਨ ਦਾ ਪ੍ਰਣ ਕਰ ਰਹੇ ਹਨ। ਸੰਸਥਾ ਦੇ ਸਰਪ੍ਰਸਤ ਪ੍ਰੋ: ਬਹਾਦਰ ਸਿੰਘ ਸੁਨੇਤ ਵੱਲੋਂ ਦੱਸਿਆ ਕਿ ਹੁਣ ਤੱਕ 30 ਤੋਂ ਵੱਧ ਵਿਅਕਤੀ ਆਪਣੀ ਮੌਤ ਉਪਰੰਤ ਆਪਣੇ ਸਰੀਰ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਰਾਹੀਂ ਦਾਨ ਕਰ ਚੁੱਕੇ ਹਨ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸੁਰੇਸ਼ ਚੰਦ ਕਪਾਟੀਆ, ਮੀਤ ਪ੍ਰਧਾਨ ਡਾ: ਗੁਰਬਖਸ਼ ਸਿੰਘ, ਗੁਰਪ੍ਰੀਤ ਸਿੰਘ, ਹਰਭਜਨ ਸਿੰਘ, ਹੋਸਨ ਚੰਦ ਭਟੋਆ, ਸ੍ਰੀਮਤੀ ਸੰਤੋਸ਼ ਸੈਣੀ, ਸ੍ਰੀਮਤੀ ਰਚਨਾ ਕੌਰ, ਸ੍ਰੀਮਤੀ ਮਨਦੀਪ ਕੌਰ, ਲਾਲ ਸਿੰਘ ਅਤੇ ਸ੍ਰੀਮਤੀ ਜਤਿੰਦਰ ਕੌਰ ਹਾਜਰ ਸਨ।

# ਖੇਤੀਬਾੜੀ-ਵਾਧਾ, ਗਰੀਬੀ ਤੇ ਅਸਮਾਨਤਾ ਵਿਸ਼ੇ 'ਤੇ ਗੈਸਟ ਲੈਕਚਰ

**ਜਲੰਧਰ (ਸ਼ੈਲੀ ਐਲਬਰਟ)**

ਸਥਾਨਕ ਲਾਇਲਪੁਰ ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਵਿਭਾਗ ਇਕਨਾਮਿਕਸ ਵੱਲੋਂ ਖੇਤੀਬਾੜੀ-ਵਿਕਾਸ, ਗਰੀਬੀ ਅਤੇ ਅਸਮਾਨਤਾ ਵਿਸ਼ੇ 'ਤੇ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰਸਿੱਧ ਅਰਥ ਸ਼ਾਸਤਰੀ ਡਾ: ਕਮਲ ਵੱਤਾ ਇਸ ਸਮਾਗਮ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਸਨ। ਕਾਲਜ ਦੇ ਪ੍ਰਿੰਸੀਪਲ ਡਾ: ਜਸਪਾਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਇਕਨਾਮਿਕਸ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਅਜਿਹੇ ਸਮਾਜਿਕ ਮੁੱਦਿਆਂ ਪ੍ਰਤੀ ਜਾਗਰੂਕ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਡਾ: ਵੱਤਾ ਨੇ ਹਾਜ਼ਰੀਨ ਨੂੰ ਖੇਤੀਬਾੜੀ ਦੇ ਵਿਕਾਸ ਟੀਚਿਆਂ ਅਤੇ ਜ਼ਮੀਨੀ ਹਕੀਕਤ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਕਿਵੇਂ ਗਰੀਬੀ ਅਤੇ ਅਸਮਾਨਤਾ ਇਸ ਨਾਲ ਜੁੜੀ ਹੋਈ ਹੈ। ਵਿਸ਼ਵ ਦ੍ਰਿਸ਼ਟੀਕੋਣ ਬਾਰੇ ਦੱਸਦੇ ਹੋਏ, ਉਨ੍ਹਾਂ ਨੇ ਦੱਸਿਆ ਕਿ ਵਿਕਾਸ ਦੇ ਉੱਚ ਟੀਚੇ ਰੱਖਣ ਵਾਲੇ ਦੇਸ਼ ਗਰੀਬੀ ਨਾਲ ਜੂਝ ਰਹੇ ਹਨ ਕਿਉਂਕਿ ਅਸਾਵੇਂ ਵਿਕਾਸ ਦੇ ਵੱਧਣ ਕਾਰਨ ਦੁਨੀਆਂ ਭਰ ਵਿੱਚ ਆਰਥਿਕ ਅਸਮਾਨਤਾਵਾਂ ਵਧੀਆਂ ਹਨ। ਉਨ੍ਹਾਂ ਵਿਸ਼ਵ ਅਸਮਾਨਤਾ ਰਿਪੋਰਟ ਦਾ ਹਵਾਲਾ ਦਿੱਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਸਭ ਤੋਂ ਗਰੀਬ 50% ਕੋਲ ਸਿਰਫ 8.5% ਆਮਦਨ ਅਤੇ 2% ਦੌਲਤ ਹੈ। ਸਭ ਤੋਂ ਅਮੀਰ 10% ਕੋਲ 52% ਆਮਦਨ ਅਤੇ 76% ਦੌਲਤ ਹੈ। ਭਾਰਤ ਵਿੱਚ ਅਸਮਾਨਤਾ ਦਾ ਸਭ ਤੋਂ ਉੱਚਾ ਪੱਧਰ ਹੈ ਕਿਉਂਕਿ ਇਸਨੇ ਖੇਤੀਬਾੜੀ ਤੋਂ ਸੇਵਾਵਾਂ ਖੇਤਰ ਤੱਕ ਛਾਲ ਮਾਰਨ ਦੀ ਰਣਨੀਤੀ ਅਪਣਾਈ ਹੈ। ਉਨ੍ਹਾਂ ਦੇ ਅਨੁਸਾਰ, ਵਿਕਾਸ ਦੀ ਰਣਨੀਤੀ ਵਿੱਚ ਢਾਂਚਾਗਤ ਤਬਦੀਲੀਆਂ ਨਾਲ ਵਿਕਾਸ ਦੀ ਦਰ ਘੱਟ ਸਕਦੀ ਹੈ ਪਰ ਗਰੀਬੀ ਵਿੱਚ ਕਮੀ ਲਿਆ ਸਕਦੀ ਹੈ। ਅਜਿਹਾ ਵਿਕਾਸ ਅਸਮਾਨਤਾ ਨੂੰ ਘਟਾਏਗਾ। ਇਹ ਇੱਕ ਇੰਟਰਐਕਟਿਵ ਸੈਸ਼ਨ ਸੀ। ਜਿਸ ਵਿੱਚ ਹਾਜ਼ਰੀਨ ਵਿਦਿਆਰਥੀਆਂ ਨੇ ਵੀ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਡਾ. ਵੱਤਾ ਤੋਂ ਆਪਣੇ ਸ਼ੰਕਿਆਂ ਨੂੰ ਦੂਰ ਕੀਤਾ। ਉਨ੍ਹਾਂ ਇਕਨਾਮਿਕਸ ਵਿਭਾਗ ਵੱਲੋਂ ਕਰਵਾਏ ਅੰਤਰ-ਵਿਭਾਗੀ ਕੋਲਾਜ ਮੇਕਿੰਗ ਅਤੇ ਪੋਸਟਰ ਮੇਕਿੰਗ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੀ ਦਿੱਤੇ। ਜਿਸ ਵਿੱਚ 50 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਬੀ.ਕਾਮ ਸਮੈਸਟਰ ਤੀਜਾ ਦੇ ਸੂਰਯਾਂਸ਼ ਨੇ ਕੋਲਾਜ ਮੇਕਿੰਗ ਵਿੱਚ ਪਹਿਲਾ ਇਨਾਮ ਜਿੱਤਿਆ ਅਤੇ ਬੀ.ਏ. ਤੀਜਾ ਸਮੈਸਟਰ (ਫਾਈਨ ਆਰਟਸ) ਦੇ ਮਨਪ੍ਰੀਤ ਨੂੰ ਪੋਸਟਰ ਮੇਕਿੰਗ ਮੁਕਾਬਲੇ ਦਾ ਜੇਤੂ ਐਲਾਨਿਆ ਗਿਆ। ਇਕਨਾਮਿਕਸ ਦੇ ਵਿਦਿਆਰਥੀਆਂ ਨੇ ਆਰਥਿਕ ਮੁੱਦਿਆਂ 'ਤੇ ਸਕਿੱਟ ਪੇਸ਼ ਕਰਕੇ ਸਮਾਗਮ ਨੂੰ ਹੋਰ ਖਾਸ ਬਣਾਇਆ। ਉਨ੍ਹਾਂ ਨੇ ਖੇਤੀ ਸਮੱਸਿਆਵਾਂ ਤੇ ਆਪਣੀਆਂ ਲਿਖੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਪ੍ਰੋ: ਨਵਦੀਪ ਕੌਰ, ਮੁਖੀ ਇਕਨਾਮਿਸ ਵਿਭਾਗ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ, ਡਾ: ਕਮਲ ਵੱਤਾ ਦੀ ਆਪਣਾ ਕੀਮਤੀ ਸਮਾਂ ਕੱਢਣ ਅਤੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਲਈ ਸ਼ਲਾਘਾ ਕੀਤੀ। ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰੋ: ਜਸਰੀਨ ਕੌਰ, ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਅਤੇ ਇਕਨਾਮਿਕਸ ਵਿਭਾਗ ਦੇ ਸਮੂਹ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

# 2 ਦੀ ਰੈਲੀ 'ਚ ਕਰਾਂਗੇ ਸ਼ਮੂਲੀਅਤ : ਸਿੱਧੂ, ਧੰਜੂ

**ਫਿਲੌਰ (ਨਿਰਮਲ)**- ਸਥਾਨਕ ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਸਿੱਧੂ , ਭੁਪਿੰਦਰ ਸਿੰਘ ਸੈਕਟਰੀ , ਲਖਵੀਰ ਸਿੰਘ ਜੌਹਲ , ਦੁਆਬਾ ਸੋਸਾਇਟੀ ਫਿਲੌਰ ਪ੍ਰਧਾਨ ਸਤਿੰਦਰ ਸਿੰਘ ਧੰਜੂ ,ਚਮਕੌਰ ਸਿੰਘ, ਪਰਮਿੰਦਰ ਸਿੰਘ, ਰਕੇਸ਼ ਕੁਮਾਰ ਪੰਡਿਤ , ਪਿੰਕਾ ਸੈਫਾਬਾਦ ਵਲੋਂ ਇਕ ਸਾਂਝੇ ਪ੍ਰੈਸ ਬਿਆਨ ਵਿੱਚ ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਵਲੋਂ ਲੜੇ ਜਾ ਰਹੇ ਅੰਦੋਲਨ ਨੂੰ ਹਮਾਇਤ ਦਾ ਐਲਾਨ ਕੀਤਾ ਗਿਆ। ਟਰੱਕ ਯੂਨੀਅਨ ਦੇ ਆਗੂਅ ਨੇ ਕਿਹਾ ਕਿ ਅੱਜ ਸਿਹਤ ਸਹੂਲਤਾਂ ਦਾ ਹਾਲ ਬੱਦਤਰ ਹੋ ਗਿਆ ਹੈ। ਇਹ ਲੋਕਾਂ ਦਾ ਸਾਂਝ ਮਸਲਾ ਹੈ ਇਸ ਅੰਦੋਲਨ ਵਿੱਚ ਸ਼ਾਮਿਲ ਹੋਣਾ ਸਾਡਾ ਫਰਜ ਹੈ। ਉਹਨਾ ਕਿਹਾ ਕਿ 2 ਅਕਤੂਬਰ ਨੂੰ ਜਨਤਕ ਇੱਕਠ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਵਾਂਗੇ। ਇਸ ਤੋ ਇਲਾਵਾ ਟਰੱਕ ਯੂਨੀਅਨ ਦੀ ਸਮੁੱਚੀ ਟੀਮ ਵਲੋਂ ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਨੂੰ 5000/- ਰੁਪਏ ਭੇਂਟ ਕੀਤੇ ਗਏ।

## ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਮੁੱਹਲਾ ਫਤਿਹਗੜ੍ਹ ਹੁਸ਼ਿਆਰਪੁਰ ਵਿਖੇ ਡਾ. ਸਾਹਿਲਦੀਪ ਸਲੱਣ ਮੈਡੀਕਲ ਅਫ਼ਸਰ ਦੀ ਪ੍ਰਧਾਨਗੀ ਹੇਠ ਸ਼੍ਰੀਮਤੀ ਨਿਸ਼ਾ ਰਾਣੀ ਮੈਨੇਜਰ, ਪ੍ਰਸ਼ਾਂਤ ਆਦੀਆ ਕਾਂਉਸਲਰ, ਰਜਵਿੰਦਰ ਕੌਰ ਕਾਂਉਸਲਰ, ਅਮਨਦੀਪ ਕੌਰ ਸਟਾਫ ਨਰਸ, ਹਰਦੀਪ ਕੌਰ ਸਟਾਫ਼ ਨਰਸ ਦੀ ਹਾਜ਼ਰੀ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ 'ਤੇ ਮੈਡੀਕਲ ਅਫ਼ਸਰ ਅਤੇ ਸਮੂਹ ਸਟਾਫ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾਰੂਪੀ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਦਾਖਲ ਮਰੀਜਾਂ ਨੇ ਸੱਭਿਆਚਾਰਕ ਪ੍ਰੋਗਰਾਮ, ਭੰਗੜਾ, ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ। ਸੁਖਵਿੰਦਰ ਸਿੰਘ ਸਟਾਫ ਨੇ ਵੀ ਆਪਣੀ ਸੱਭਿਆਚਾਰਕ ਪੇਸ਼ਕਸ਼ ਕੀਤੀ ਅਤੇ ਪੈਸਕੋ ਸੁਰੱਖਿਆ ਹਰਦੇਵ ਸਿੰਘ ਅਤੇ ਹਰਵਿੰਦਰ ਸਿੰਘ ਵਲੋਂ ਸਲਾਮੀ ਵੀ ਦਿੱਤੀ ਗਈ। ਇਸ ਮੌਕੇ 44 ਮਰੀਜ ਤੇ ਸਮੂਹ ਸਟਾਫ ਹਾਜ਼ਰ ਸੀ।

29-SEP-PAGE-10.qxd 9/28/2023 10:30 PM Page 1



## ਕਾਤਰਾਂ

### ਗੁਰਲੀਨ ਨੇ ਭਾਸ਼ਣ ਮੁਕਾਬਲੇ 'ਚ ਪਹਿਲਾ ਸਥਾਨ ਜਿੱਤਿਆ



ਬਰੇਟਾ (ਰੀਤਵਾਲ)- ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) 'ਚ ਸਾਰੇ ਹੀ ਸਕੂਲਾਂ ਦੇ ਬਲਾਕ ਪੱਧਰ 'ਤੇ ਭਾਸ਼ਣ, ਪੇਂਟਿੰਗ ਤੇ ਕੁਇੱਜ਼ ਮੁਕਾਬਲੇ ਕਰਵਾਏ ਗਏ, ਜਿਸ 'ਚ ਪਰਮਿੰਦਰਾ ਇੰਟਰਨੈਸ਼ਨਲ ਸਕੂਲ, ਬਰੇਟਾ ਦੀ ਪੰਜਵੀਂ ਕਲਾਸ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣਾ, ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤੇ ਬੱਚਿਆਂ ਨੂੰ ਇਨਾਮ ਤੇ ਸਰਟੀਫਿਕੇਟ ਵੀ ਵੰਡੇ ਗਏ। ਪਹਿਲਾ ਸਥਾਨ ਪ੍ਰਾਪਤ ਕੀਤੇ ਬੱਚਿਆਂ ਨੂੰ ਜ਼ਿਲ੍ਹੇ ਮੁਕਾਬਲੇ ਲਈ ਵੀ ਚੁਣਿਆ ਗਿਆ। ਇਸ ਮੌਕੇ ਸਕੂਲ ਇੰਚਾਰਜ ਮੈਡਮ ਮਮਤਾ ਸ਼ਰਮਾ ਦੀ ਸਕੂਲ ਦੇ ਸਟਾਫ ਵੱਲੋਂ ਸ਼ਲਾਘਾ ਕੀਤੀ ਗਈ ਤੇ ਵਿਦਾਰਥਣ ਗੁਰਲੀਨ ਕੌਰ ਨੂੰ ਬਹੁਤ ਮੁਬਾਰਕਾਂ ਦਿਤੀਆਂ।

### ਸ਼ੰਕਰ ਸ਼ੰਭੂ ਸੇਵਾ ਦਲ ਵੱਲੋਂ ਭੰਡਾਰਾ

**ਜਗਰਾਉਂ (ਸੰਜੀਵ ਅਰੋੜਾ)**-ਗਣੇਸ਼ ਉਤਸਵ ਮੌਕੇ ਸ਼ੰਕਰ ਸ਼ੰਭੂ ਸੇਵਾ ਦਲ ਜਗਰਾਉਂ ਵੱਲੋਂ ਪਹਿਲਾ ਵਿਸ਼ਾਲ ਛੋਲੇ ਕੁਚਲੇ ਦਾ ਭੰਡਾਰਾ ਚਰਖੜਿਆਂ ਵਾਲੇ ਚੌਂਕ ਵਿਖੇ ਲਗਾਇਆ ਗਿਆ, ਜਿਸ 'ਚ ਸਵੇਰ ਤੋਂ ਸ਼ਾਮ ਤੱਕ ਕਲੱਬ ਮੈਂਬਰਾਂ ਨੇ ਬੜੇ ਪਿਆਰ ਤੇ ਸਤਿਕਾਰ ਨਾਲ ਸੇਵਾ ਕੀਤੀ। ਇਸ ਮੌਕੇ ਮੰਥਨ ਅਰੋੜਾ, ਰਾਹੁਲ ਅਨੰਦ, ਲਵਿਸ਼ ਅਨੰਦ, ਲਕਸ਼ੈ ਚੋਪੜਾ, ਗੌਤਮ ਰਾਜਪੂਤ, ਰਹਿਸ਼ ਕੁਮਾਰ, ਆਸ਼ੀਸ਼ ਕੁਮਾਰ, ਹਨੀ ਯਾਦਵ, ਅਨਮੋਲ ਵਰਮਾ, ਜਸ਼ਨ ਸ਼ਰਮਾ, ਕੌਂਸਲ ਅੱਗਰਵਾਲ ਤੇ ਕਰਨ ਸਮੇਤ ਹੋਰ ਕਲੱਬ ਮੈਂਬਰ ਹਾਜ਼ਰ ਸਨ।

### ਪਸ਼ੂ ਪਾਲਣ ਵਿਭਾਗ ਵੱਲੋਂ ਗਊਸ਼ਾਲਾ ਛਾਪਾ ਵਿਖੇ ਕੈਂਪ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਪੰਜਾਬ ਗਊ ਸੇਵਾ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਸ਼ੂ ਪਾਲਣ ਵਿਭਾਗ ਬਰਨਾਲਾ ਵੱਲੋਂ ਬਾਬਾ ਮੋਤੀ ਰਾਮ ਗਊਸ਼ਾਲਾ ਛਾਪਾ ਵਿਖੇ ਗਊ ਭਲਾਈ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕੀਤਾ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਗਊਧਨ ਦੀ ਸਾਂਭ-ਸੰਭਾਲ ਬਾਰੇ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰਪੂਰਵਕ ਪਾਇਆ। ਇਸ ਮੌਕੇ ਪਸ਼ੂ ਪਾਲਣ ਵਿਭਾਗ ਬਰਨਾਲਾ ਦੇ ਡਿਪਟੀ ਡਾਇਰੈਕਟਰ ਡਾ. ਲਖਬੀਰ ਸਿੰਘ ਨੇ ਪਸ਼ੂ ਪਾਲਕਾਂ ਨੂੰ ਸੰਬੋਧਨ ਕਰਦਿਆਂ ਪਸ਼ੂ ਪਾਲਣ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ 25000 ਰੁਪਏ ਦੀਆਂ ਖਰੀਦੀਆਂ ਦਵਾਈਆਂ ਗਊਸ਼ਾਲਾ ਦੇ ਪ੍ਰਬੰਧਕਾਂ ਨੂੰ ਸੌਂਪੀਆਂ। ਡਾ. ਜਤਿੰਦਰਪਾਲ ਸਿੰਘ ਸਿੱਧੂ ਸੀਨੀਅਰ ਵੈਟਰਨਰੀ ਅਫਸਰ ਬਰਨਾਲਾ ਦੀ ਨਿਗਰਾਨੀ ਹੇਠ ਡਾ.ਚਰਨਜੀਤ ਸਿੰਘ ਵੈਟਰਨਰੀ ਅਫਸਰ ਮਹਿਲ ਕਲਾਂ, ਡਾ. ਬਰਿੰਦਰ ਸਿੰਘ ਵੈਟਰਨਰੀ ਅਫਸਰ ਕੁਰੜ ਦੀ ਅਗਵਾਈ ਹੇਠ ਟੀਮ ਵੱਲੋਂ ਗਊਆਂ ਦਾ ਚੈੱਕਅਪ ਕਰਕੇ ਤੇ ਦਵਾਈਆਂ ਦਿੱਤੀਆਂ ਗਈਆਂ।

### ਜੈਨ ਅਚਾਰੀਆ ਦੀ ਜਯੰਤੀ ਸੰਬੰਧੀ ਸਮਾਗਮ 8 ਨੂੰ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਅਚਾਰੀਆ ਸ੍ਰੀ ਸ਼ਿਵ ਮੁਨੀ ਜੀ ਮਹਾਰਾਜ ਦੀ ਜਯੰਤੀ ਸਬੰਧੀ 8 ਅਕਤੂਬਰ ਨੂੰ ਐੱਸ.ਐੱਸ. ਜੈਨ ਸਭਾ ਮਾਛੀਵਾੜਾ ਵੱਲੋਂ ਸ਼ਿਵਾ ਪੈਲੇਸ ਵਿਖੇ ਵਿਸ਼ਾਲ ਸਮਾਗਮ ਕਰਾਇਆ ਜਾ ਰਿਹਾ ਹੈ। ਇਸ ਮਹਾਂਮੰਤਰ ਮਹਾਂਯੱਗ ਵਿਚ 'ਓਮ ਸਿੱਧਾ ਸਿੱਧੀ ਮਮ ਦਿਸ਼ੰਤੂ' ਦਾ ਜਾਪ ਕੀਤਾ ਜਾਵੇਗਾ। ਇਹ ਧਾਰਮਿਕ ਸਮਾਗਮ ਸ੍ਰੀ ਸੁਖਦਰਸ਼ਨ ਮੁਨੀ ਜੀ ਮਹਾਰਾਜ ਦੀ ਰਹਿਨੁਮਾਈ ਹੇਠ ਹੋਵੇਗਾ, ਜੋ ਚਤੁਰਮਾਸ ਸਬੰਧੀ ਮਾਛੀਵਾੜਾ ਵਿਖੇ ਬਿਰਾਜਮਾਨ ਹਨ। ਇਸ ਮੌਕੇ ਪ੍ਰਸਿੱਧ ਗਾਇਕ ਪੰਕਜ ਸ਼ਰਮਾ ਵੱਲੋਂ ਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ ਤੇ ਸਕੂਲੀ ਬੱਚਿਆਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾਣਗੇ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸਾਰੇ ਪਰਵਾਰ ਸਮੇਤ ਇਸ ਸਮਾਗਮ ਵਿਚ ਆਉਣ ਤੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕਰ ਆਪਣਾ ਜੀਵਨ ਸਫ਼ਲ ਬਣਾਉਣ।

### ਲੋਕ ਗੀਤ ਮੁਕਾਬਲੇ 'ਚ ਅਮਨਦੀਪ ਕੌਰ ਜੇਤੂ

ਬਰੇਟਾ (ਰੀਤਵਾਲ)-ਕਲਾ ਉਤਸਵ 2023-24 ਦੇ ਪਹਿਲੇ ਦਿਨ ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਸੋਲੋ ਟ੍ਰੈਡੀਸ਼ਨਲ ਲੋਕ ਗੀਤ ਵਿੱਚ ਹਿੱਸਾ ਲੈਂਦਿਆਂ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਕੁਲਰੀਆਂ ਦੀ 11ਵੀਂ ਕਲਾਸ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਹ ਵਿਦਿਆਰਥਣ ਹੁਣ ਜ਼ੋਨ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਵਿੱਚ ਜ਼ਿਲ੍ਹਾ ਮਾਨਸਾ ਦੀ ਪ੍ਰਤੀਨਿਧਤਾ ਕਰੇਗੀ। ਸਕੂਲ ਇੰਚਾਰਜ ਪ੍ਰਿੰਸੀਪਲ ਨਰਸੀ ਸਿੰਘ ਨੇ ਦੱਸਿਆ ਕਿ ਇਸ ਵਿਦਿਆਰਥਣ ਦੀ ਤਿਆਰੀ ਸਕੂਲ ਅਧਿਆਪਕ ਗੁਰਮੇਲ ਸਿੰਘ (ਅੰਗਰੇਜ਼ੀ ਮਾਸਟਰ), ਸਤਵੰਤ ਸਿੰਘ (ਹਿੰਦੀ ਮਾਸਟਰ) ਅਤੇ ਸਹਿਜਪਾਲ ਸਿੰਘ (ਸੰਗੀਤ ਅਧਿਆਪਕ) ਦੁਆਰਾ ਬਹੁਤ ਮਿਹਨਤ ਨਾਲ ਕਰਾਈ ਗਈ। ਜ਼ਿਲ੍ਹਾ ਸਿੱਖਿਆ ਅਫ਼ਸਰ ਮਾਨਸਾ (ਸੈਕੰਡਰੀ ਸਿੱਖਿਆ) ਮਾਨਸਾ ਹਰਿੰਦਰ ਸਿੰਘ ਭੁੱਲਰ ਨੇ ਪਹਿਲੇ ਦਿਨ ਦੀ ਸਮਾਪਤੀ ਤੇ ਜੇਤੂ ਵਿਦਿਆਰਥਣ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਬੀ ਐੱਡ ਅਧਿਆਪਕ ਫਰੰਟ ਵੱਲੋਂ ਜ਼ਿਲ੍ਹਾ ਪੱਧਰੀ ਰੋਸ ਧਰਨਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)** - ਬੀ ਐੱਡ ਅਧਿਆਪਕ ਫਰੰਟ ਪੰਜਾਬ ਦੇ ਸੱਦੇ ਉੱਪਰ ਅੱਜ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਦੇ ਬਾਹਰ ਜ਼ਬਰਦਸਤ ਰੋਸ ਧਰਨਾ ਦਿੱਤਾ ਗਿਆ। ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਜਲਾਲ, ਸਟੇਟ ਕਮੇਟੀ ਮੈਂਬਰ ਦਵਿੰਦਰ ਸਿੰਘ ਬਠਿੰਡਾ, ਮੀਤ ਪ੍ਰਧਾਨ ਰਾਜਵੀਰ ਸਿੰਘ ਮਾਨ, ਵਿੱਤ ਸਕੱਤਰ ਜਗਦੀਪ ਰਾਮਪੁਰਾ, ਹਰੀਸ਼ ਕੁਮਾਰ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਵਿੰਦਰ ਸਿੰਘ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਮੁਲਾਜ਼ਮਾਂ ਦੇ ਏ ਸੀ ਪੀ, ਪੇਂਡੂ ਭੱਤਾ, ਬਾਰਡਰ ਏਰੀਆ ਭੱਤੇ ਸਮੇਤ ਕੁੱਲ 37 ਤਰ੍ਹਾਂ ਦੇ ਭੱਤੇ ਬੰਦ ਕਰ ਦਿੱਤੇ । ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਡੀ ਏ ਕਿਸ਼ਤਾਂ ਨਾ ਦੇਣਾ, ਮੁਲਾਜ਼ਮਾਂ ਉੱਪਰ ਜਬਰੀ ਵਿਕਾਸ ਟੈਕਸ ਵਸੂਲਣਾ ਅਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਇੱਕ ਸਾਲ ਪਹਿਲਾਂ ਨੋਟੀਫਿਕੇਸ਼ਨ ਕਰਕੇ ਲਾਗੂ ਨਾ ਕਰਕੇ ਪੰਜਾਬ ਸਰਕਾਰ ਮੁਲਾਜ਼ਮਾਂ ਨਾਲ ਧੱਕਾ ਕਰ ਰਹੀ ਹੈ। ਇਸ ਦੇ ਰੋਸ ਵਜੋਂ ਅੱਜ ਬੀ ਐੱਡ ਅਧਿਆਪਕ ਫਰੰਟ ਪੰਜਾਬ ਦੀ ਬਠਿੰਡਾ ਇਕਾਈ ਵੱਲੋਂ ਡੀ ਸੀ ਦਫਤਰ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਰਾਹੀਂ ਮੰਗ ਪੱਤਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਭੇਜਿਆ ਗਿਆ। ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਪੁਨੀਤ ਰਾਮਪੁਰਾ, ਬਲਾਕ ਪ੍ਰਧਾਨ ਮਨਦੀਪ ਸਿੰਘ ਭਗਤਾ, ਗੁਰਪ੍ਰੀਤ ਸਿੰਘ ਕੋਟਸ਼ਮੀਰ, ਸਰਬਜੀਤ ਜੀਦਾ, ਜਗਤਾਰ ਸਿੰਘ ਸੰਗਤ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਟਾਲ ਮਟੋਲ ਦੀ ਨੀਤੀ ਆਪਣਾ ਕੇ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਅਣਗੌਲਿਆਂ ਕਰ ਰਹੀ ਹੈ । ਇਸ ਸਮੇਂ ਹਾਜਰ ਅਧਿਆਪਕਾਂ ਨੂੰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ 8 ਅਕਤੂਬਰ ਨੂੰ ਦਿੜ੍ਹਬਾ ਵਿਖੇ ਸੂਬਾ ਪੱਧਰੀ ਰੈਲੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਗੋਪਾਲ ਸਿੰਘ, ਬੂਟਾ ਸਿੰਘ, ਮਨਜੀਤ ਸਿੰਘ , ਓਮ ਪ੍ਰਕਾਸ, ਜਗਸੀਰ ਸਿੰਘ, ਰਘੁਵੀਰ ਸਿੰਘ ਰਾਮਪੁਰਾ, ਗੁਰਪ੍ਰੀਤ ਸਿੰਘ, ਪਰਗਟ ਬਠਿੰਡਾ ਆਦਿ ਹਾਜ਼ਰ ਸਨ ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਅਗਵਾਈ 'ਚ ਲੋਕਾਂ ਚਿੱਪ ਵਾਲੇ ਮੀਟਰ ਪੁੱਟੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਿਜਲੀ ਵਿਭਾਗ ਪੰਜਾਬ ਵੱਲੋਂ ਵੱਡੇ ਪੱਧਰ 'ਤੇ ਨਵੇਂ ਸਮਾਰਟ ਮੀਟਰ ਲਗਾਉਣ ਦੀ ਮੁਹਿੰਮ ਵੱਡੇ ਪੱਧਰ 'ਤੇ ਚਲਾਈ ਜਾ ਰਹੀ ਹੈ, ਪਰ ਕਿਸਾਨ ਜਥੇਬੰਦੀਆਂ ਤੇ ਲੋਕ ਇਸ ਦਾ ਸਿੱਧਾ ਵਿਰੋਧ ਕਰ ਰਹੇ ਹਨ। ਸਬ ਡਵੀਜ਼ਨ ਪਾਤੜਾਂ ਦੇ ਪਿੰਡ ਸ਼ੇਰਗੜ੍ਹ ਵਿਖੇ ਪਾਵਰਕਾਮ ਵੱਲੋਂ ਲੋਕਾਂ ਦੇ ਵਿਰੋਧ ਦੇ ਬਾਵਜੂਦ ਸਮਾਰਟ (ਚਿੱਪ ਵਾਲੇ) ਮੀਟਰ ਲਗਾ ਦਿੱਤੇ ਗਏ, ਜਿਸ ਦਾ ਲੋਕਾਂ ਵੱਲੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਵੱਡਾ ਵਿਰੋਧ ਕੀਤਾ ਗਿਆ।

ਜਥੇਬੰਦੀ ਦੀ ਇਕਾਈ ਸ਼ੇਰਗੜ੍ਹ ਵੱਲੋਂ ਚਿੱਪ ਵਾਲੇ ਮੀਟਰ ਉਤਾਰ ਕੇ ਬਿਜਲੀ ਗਰਿਡ ਵਿੱਚ ਜਮ੍ਹਾਂ ਕਰਵਾਏ ਗਏ। ਇਸ ਦੌਰਾਨ ਇਕੱਤਰ ਲੋਕਾਂ ਵੱਲੋਂ ਪਾਵਰਕਾਮ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ ਗਈ।ਜਾਣਕਾਰੀ ਦਿੰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਇਕਾਈ ਪ੍ਰਧਾਨ ਕੁਲਵੰਤ ਸਿੰਘ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਲੋਕ ਹਿੱਤ ਵਿੱਚ ਸਮਾਰਟ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ। ਇਸੇ ਤਹਿਤ ਹੀ ਅੱਜ ਚਿੱਪ ਵਾਲੇ ਮੀਟਰ ਪੁੱਟ ਕੇ ਬਿਜਲੀ ਵਿਭਾਗ ਨੂੰ ਜਮ੍ਹਾਂ ਕਰਵਾਏ ਗਏ ਹਨ। ਉਨ੍ਹਾ ਵਿਭਾਗ ਦੇ ਅਫਸਰਾਂ ਤੇ ਕਰਮਚਾਰੀਆਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਜਥੇਬੰਦੀ ਵੱਲੋਂ ਕਈ ਵਾਰ ਵਿਭਾਗ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਚਿੱਪ ਵਾਲੇ ਮੀਟਰ ਨਾ ਲਾਏ ਜਾਣ, ਪਰ ਵਿਭਾਗ ਜਾਣ ਬੁੱਝ ਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਸਮੇਂ ਇਕਾਈ ਪ੍ਰਧਾਨ ਕੁਲਵੰਤ ਸਿੰਘ, ਦਰਸ਼ਨ ਸਿੰਘ, ਰਾਜ ਸਿੰਘ ਭੁੱਲਰ, ਕੰਵਲਜੀਤ ਸਿੰਘ, ਜੱਸਾ ਮਿਸਤਰੀ, ਰਾਜਾ ਸਿੰਘ, ਯਾਦਵਿੰਦਰ ਸਿੰਘ, ਕੁਲਦੀਪ ਸਿੰਘ ਬਾਵਾ, ਸੋਨੂੰ ਰਾਮ, ਜੀਤ ਮਿਸਤਰੀ ਆਦਿ ਹਾਜ਼ਰ ਸਨ।

## ਮਾਣੂੰਕੇ ਵੱਲੋਂ ਲੰਮਿਆਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

**ਜਗਰਾਉਂ, (ਸੰਜੀਵ ਅਰੋੜਾ)**-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਨਰੇਗਾ ਸਕੀਮ ਤਹਿਤ 17 ਲੱਖ ਰੁਪਏ ਦੀ ਲਾਗਤ ਨਾਲ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦੇ ਨਾਂਅ ਉਪਰ ਬਣਾਏ ਗਏ ਸ਼ਾਨਦਾਰ ਪਾਰਕ, ਝੂਲੇ, ਜ਼ਿੰਮ ਆਦਿ ਦਾ ਉਦਘਾਟਨ ਕੀਤਾ ਗਿਆ ਅਤੇ 45 ਲੱਖ 20 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾ ਰਹੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਲੰਮੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਵੀਰ ਸਿੰਘ ਨੇ ਬੀਬੀ ਸਰਵਜੀਤ ਕੌਰ ਮਾਣੂੰਕੇ ਦੁਆਰਾ ਪਿੰਡ ਲੰਮੇ ਅਤੇ ਇਲਾਕੇ ਦੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੇ ਧੰਨਵਾਦ ਕੀਤਾ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਸਾਂਝੇ ਕੰਮ ਏਕਾ ਉਸਾਰਕੇ ਮੁਕੰਮਲ ਕਰਵਾਏ ਜਾਣ।

ਪਾਰਕ ਦੇ ਉਦਘਾਟਨ ਉਪਰੰਤ ਖੁਸ਼ੀ 'ਚ ਖੀਵੇ ਹੋਏ ਪਿੰਡ ਵਾਸੀਆਂ ਨੇ ਬੀਬੀ ਮਾਣੂੰਕੇ ਦਾ ਧੰਨਵਾਦ ਕਰਦਿਆਂ ਲੱਡੂ ਵੰਡੇ।

# ਆਈ.ਐੱਸ.ਐੱਫ. ਕਾਲਜ ਦੇ ਵਿਦਿਆਰਥੀ ਰਾਸ਼ਟਰੀ ਕਾਨਫਰੰਸ 'ਚ ਸਨਮਾਨਤ



**ਮੋਗਾ (ਅਮਰਜੀਤ ਬੱਬਰੀ)**-ਸੂਬੇ ਦੀ ਪ੍ਰਮੁੱਖ ਵਿਦਿਅਕ ਸੰਸਥਾ ਆਈ.ਐਸ.ਐਫ. ਕਾਲਜ ਆਫ ਫਾਰਮੇਸੀ ਦੇ ਦੋ ਵਿਦਿਆਰਥੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਪੋਸਟਰ ਪ੍ਰੈਜ਼ਨਟੇਸ਼ਨ ਵਿਚ ਸਨਮਾਨਤ ਕੀਤੇ ਗਏ। ਹਾਲ ਹੀ 'ਚ ਮਿਨਰਵਾ ਕਾਲਜ ਆਫ ਫਾਰਮੇਸੀ ਇੰਦੌਰਾ ਹਿਮਾਚਲ ਪ੍ਰਦੇਸ਼ ਵਿਖੇ ਕਰੰਟਟ੍ਰੇਂਡਸ ਆਨ ਫਾਰਮਾਕੋਐਨਕੋਮਿਕਸ ਐਂਡ ਐਡਵਾਸ ਡਰੱਗ ਡਿਲੀਵਰੀ ਸਿਸਟਮ 'ਤੇ ਆਯੋਜਿਤ ਕੀਤੀ ਗਈ, ਜੋ ਕਿ ਹਿਮਾਚਲ ਪ੍ਰਦੇਸ਼ ਤਕਨੀਕੀ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਕੀਤੀ ਗਈ। ਜਿਸ ਵਿਚ ਵਿਦਿਆਰਥੀ ਵਿਭੂ ਪ੍ਰਸਾਦ ਨੰਦਾ ਐਮ.ਫਾਰਮ ਤੀਜੇ ਸਾਲ ਫਾਰਮਾਸਿਊਟਿਕਲ ਐਨਾਲਿਸਿਸ ਜੋ ਕਿ ਡਾ. ਰੋਹਿਤ ਭਾਟੀਆ ਦੀ ਅਗਵਾਈ ਹੇਠ ਰਿਸਰਚ ਕੰਮ ਕਰ ਰਿਹਾ ਹੈ, ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਵਿਦਿਆਰਥੀ ਭਰਤ ਸ਼ਰਮਾ ਜੋ ਕਿ ਡਾ. ਨਰੇਸ਼ ਰਾਗੜਾ ਦੀ ਅਗਵਾਈ ਹੇਠ ਰਿਸਰਚ ਕੰਮ ਕਰ ਰਹੇ ਹਨ, ਨੇ ਵੀ ਦੂਜਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ.ਜੀ.ਡੀ.ਗੁਪਤਾ, ਪ੍ਰਿੰਸੀਪਲ ਡਾ. ਆਰ.ਕੇ.ਨਾਰੰਗ, ਡੀਨ ਐਗਜ਼ਾਮੀਨੇਸ਼ਨ ਇੰਜੀ. ਜਸਪ੍ਰੀਤ ਇੰਦਰ ਸਿੰਘ ਤੇ ਫੈਕਲਟੀ ਸਟਾਫ ਨੇ ਵਧਾਈ ਦਿੱਤੀ।

## ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲੇ ਸ਼ਾਨੋ-ਸ਼ੌਕਤ ਨਾਲ ਸੰਪੰਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਸਮੱਗਰਾ ਸਿੱਖਿਆ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਕਲਾ ਉਤਸਵ 2023 ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਫ਼ਿਰੋਜ਼ਪੁਰ ਚਮਕੌਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਫ਼ਿਰੋਜ਼ਪੁਰ ਪ੍ਰਗਟ ਸਿੰਘ ਬਰਾੜ ਦੀ ਅਗਵਾਈ ਹੇਠ ਮਨੋਹਰ ਲਾਲ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਫਿਰੋਜ਼ਪੁਰ ਕੈਂਟ ਵਿਖੇ ਕਰਵਾਏ ਗਏ।

ਇਸ ਮੌਕੇ ਲਖਵਿੰਦਰ ਸਿੰਘ ਨੋਡਲ ਇੰਚਾਰਜ, ਅਸ਼ਵਿੰਦਰ ਸਿੰਘ ਸਹਾਇਕ ਨੋਡਲ ਅਫਸਰ ਨੇ ਸਾਂਝੇ ਰੂਪ ਵਿੱਚ ਜਾਣਕਾਰੀ ਦਿੰਦੇ ਦੱਸਿਆ ਕਿ ਸਮੱਗਰਾ ਸਿੱਖਿਆ ਅਭਿਆਨ ਤਹਿਤ ਕਲਾ ਉਤਸਵ 2023 ਵਿਚ ਸਮੂਹ ਸਕੂਲਾਂ ਦੇ ਨੌਂਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਵੱਖ ਵੱਖ ਕਲਾਵਾਂ ਜਿਵੇਂ ਕਿ ਸ਼ਾਸਤਰੀ ਸੰਗੀਤ, ਲੋਕ ਸੰਗੀਤ, ਸੰਗੀਤ ਵਾਦਨ, ਸ਼ਾਸਤਰੀ ਨਾਚ, ਲੋਕ ਨਾਚ, ਨਾਟਕ, ਦ੍ਰਿਸ਼ ਕਲਾ, ਲਲਿਤ ਕਲਾ, ਸਥਾਨਕ ਖੇਡ ਅਤੇ ਖਿਡੌਣੇ ਬਣਾਉਣਾ ਸਬੰਧੀ ਮੁਕਾਬਲਿਆਂ ਦਾ ਆਯੋਜਨ ਕਰਵਾਇਆ ਗਿਆ। ਭਾਰਤ ਸਰਕਾਰ ਵੱਲੋਂ ਕਰਵਾਏ ਜਾ ਰਹੇ ਇਨ੍ਹਾਂ ਮੁਕਾਬਲਿਆਂ ਦੀ ਲੜੀ ਵਿੱਚ ਜੇਤੂ ਵਿਦਿਆਰਥੀ ਜ਼ਿਲ੍ਹਾ ਪੱਧਰ, ਜ਼ੋਨ ਪੱਧਰ, ਰਾਜ ਪੱਧਰ ਤੇ ਰਾਸ਼ਟਰੀ ਪੱਧਰ 'ਤੇ ਵੱਖ ਵੱਖ ਮੁਕਾਬਲਿਆਂ ਵਿੱਚ ਭਾਗ ਲੈਣਗੇ। ਇਸ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਚਮਕੌਰ ਸਿੰਘ ਨੇ ਪਹੁੰਚ ਕੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਸ਼ੁਭਇੱਛਾਵਾਂ ਦਿੰਦੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਦੇ ਹਨ ਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਵੀ ਰੁਚੀ ਲੈਣੀ ਚਾਹੀਦੀ ਹੈ।ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਜ਼ਿਲ੍ਹਾ ਸਿੱਖਿਆ ਅਫ਼ਸਰ ਫਿਰੋਜ਼ਪੁਰ ਨੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ।

# ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਕੌਮੀ ਇਨਸਾਫ ਮਾਰਚ ਪਹਿਲੀ ਤੋਂ



**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ / ਕੁਲਦੀਪ ਅੱਤਰੀ)**- ਵੱਖ-ਵੱਖ ਦੇਸ਼ਾਂ ਵਿੱਚ ਸਿੱਖ ਕੌਮ ਦੇ ਆਗੂਆਂ ਦੇ ਹੋਏ ਸਿਆਸੀ ਕਤਲਾਂ ਦਾ ਇਨਸਾਫ ਲੈਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 1 ਅਕਤੂਬਰ ਨੂੰ ਕੌਮੀ ਇਨਸਾਫ ਮਾਰਚ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਕਿ 3 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਪਹੁੰਚ ਕੇ ਸੰਪੰਨ ਹੋਵੇਗਾ। ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਅੱਜ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਂਝੀ ਕੀਤੀ। ਮਾਨ ਨੇ ਕਿਹਾ ਕਿ ਇੱਕ ਸਾਜਿਸ਼ ਤਹਿਤ ਸਿੱਖ ਕੌਮ ਦੇ ਦੁਨੀਆ ਭਰ ਵਿੱਚ ਰਹਿੰਦੇ ਆਗੂਆਂ ਦੇ ਸਿਆਸੀ ਕਤਲ ਕਰਵਾਏ ਜਾ ਰਹੇ ਹਨ। ਮਾਨ ਨੇ ਕਿਹਾ ਕਿ ਭਾਰਤ ਵਿੱਚ ਘੱਟ ਗਿਣਤੀਆਂ ਖਾਸ ਕਰਕੇ ਸਿੱਖ ਕੌਮ ਨਾਲ ਹੋਣ ਵਾਲੇ ਵਿਤਕਰੇ ਅਤੇ ਸਿੱਖ ਕੌਮ ਦੇ ਆਗੂਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਹੋਏ ਸਿਆਸੀ ਕਤਲਾਂ ਦਾ ਇਨਸਾਫ ਲੈਣ ਲਈ ਇਹ ਕੌਮੀ ਇਨਸਾਫ ਮਾਰਚ ਕੱਢਿਆ ਜਾ ਰਿਹਾ ਹੈ, ਜੋ ਕਿ 1 ਅਕਤੂਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਸਵੇਰੇ 9 ਵਜੇ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਜੂਮਾਂ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਸਪੈਸ਼ਲ ਸਕੱਤਰ ਗੁਰਜੰਟ ਸਿੰਘ ਕੱਟੂ, ਹਰਿੰਦਰ ਸਿੰਘ ਔਲਖ, ਗੁਰਚਰਨ ਸਿੰਘ ਜਖੇਪਲ, ਅਰਸ਼ਦੀਪ ਸਿੰਘ ਸੰਗਰੂਰ, ਗੁਰਦਿੱਤ ਸਿੰਘ, ਸਤਨਾਮ ਸਿੰਘ ਰੱਤੋਕੇ ਸਮੇਤ ਹੋਰ ਆਗੂ ਤੇ ਵਰਕਰ ਮੌਜੂਦ ਸਨ।

# 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਕੱਢੀ ਸਾਈਕਲ ਰੈਲੀ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਨਗਰ ਕੌਂਸਲ ਬਾਘਾ ਪੁਰਾਣਾ ਵੱਲੋਂ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਜਾਗਰੂਕਤਾ ਗਤੀਵਿਧੀ ਵਿਧੀ ਚਲਾਈ ਗਈ, ਜਿਸ ਤਹਿਤ ਸ਼ਹਿਰ ਨੂੰ ਕੂੜਾ ਮੁਕਤ ਕਰਨ ਦੀ ਮੁਹਿੰਮ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾ ਰਿਹਾ ਹੈ। ਅਜਿਹਾ ਫਿਰ ਹੀ ਸੰਭਵ ਹੈ ਜੇਕਰ ਸਾਰੇ ਸ਼ਹਿਰ ਵਾਸੀ ਇਸ ਗੱਲ ਤੋਂ ਸੁਚੇਤ ਹੋਣ ਕਿ ਅਲੱਗ ਅਲੱਗ ਤਰ੍ਹਾਂ ਦੇ ਕੂੜੇ ਨੂੰ ਕਿਵੇਂ ਕਿਸ ਢੰਗ ਨਾਲ ਸਟੋਰ ਕਰਨਾ ਹੈ, ਭਾਵ ਗਿੱਲਾ ਕੂੜਾ, ਸੁੱਕਾ ਕੂੜਾ ਆਦਿ ਵੱਖ-ਵੱਖ ਤਰ੍ਹਾਂ ਦੇ ਕੂੜਿਆਂ ਨੂੰ ਅਲੱਗ-ਅਲੱਗ ਹੀ ਸਟੋਰ ਕਰਨਾ ਹੈ ਤਾਂ ਕਿ ਰੀਸਾਈਕਲ ਹੋ ਸਕਣ ਵਾਲੇ ਕੂੜੇ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਕੌਂਸਲ ਬਾਘਾ ਪੁਰਾਣਾ ਦੇ ਸੈਨਟਰੀ ਦੀਪਕ ਕੁਮਾਰ ਨੇ ਜਾਗਰੂਕਤਾ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਸਮੇਂ ਕੀਤਾ। ਇਸ ਮੌਕੇ ਰੈਲੀ ਵਿਚ ਆਮ ਆਦਮੀ ਪਾਰਦੀ ਦੇ ਆਗੂ ਰਣਜੀਤ ਸਿੰਘ ਟੀਟੂ, ਧਰਮਿੰਦਰ ਸਿੰਘ ਰੱਖੜਾ, ਗਗਨ ਚੱਡਾ, ਜਗਸੀਰ ਸਿੰਘ ਸੀਰਾ ਡੇਅਰੀ ਵਾਲਾ, ਇਕਬਾਲ ਬਰਾੜ, ਮੁਖਤਿਆਰ ਸਿੰਘ ਵੀ ਸ਼ਾਮਲ ਸਨ। ਇਸ ਮੌਕੇ ਸ਼ਹਿਰ ਵਿਚ ਸਫਾਈ ਸੇਵਕਾਂ ਵੱਲੋਂ ਸਾਈਕਲ ਰੈਲੀ ਵੀ ਕੱਢੀ ਗਈ। ਇਸ ਮੌਕੇ ਦੀਪਕ ਕੁਮਾਰ ਅਤੇ ਆਪ ਆਗੂਆਂ ਨੇ ਦੱਸਿਆ ਸ਼ਹਿਰ ਵਾਸੀਆਂ ਨੂੰ ਪਾਣੀ ਦੀ ਦੁਰਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਆਪ ਆਗੂਆਂ ਨੇ ਕਿਹਾ ਕਿ ਉਹ ਕੂੜੇ ਦੀ ਸਹੀ ਸਾਂਭ ਸੰਭਾਲ ਲਈ ਆਪਣੇ ਵਾਰਡਾਂ ਅਤੇ ਹੋਰ ਆਸ-ਪਾਸ ਦੇ ਲੋਕਾਂ ਨੂੰ ਵੀ ਸੁਚੇਤ ਕਰਨਗੇ।

## ਡੀ ਸੀ ਵੱਲੋਂ ਕੱਕੜਵਾਲ ਦੇ ਆਂਗਣਵਾੜੀ ਸੈਂਟਰ ਦਾ ਉਦਘਾਟਨ

**ਸੰਗਰੂਰ (ਪ੍ਰਵੀਨ ਸਿੰਘ)**-ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਵੱਲੋਂ ਅੱਜ ਧੂਰੀ ਹਲਕੇ ਦੇ ਪਿੰਡ ਕੱਕੜਵਾਲ ਵਿਖੇ ਕਾਇਆਕਲਪ ਤੋਂ ਬਾਅਦ ਆਂਗਣਵਾੜੀ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਦੇ ਓ ਐਸ ਡੀ ਪ੍ਰੋ. ਓਂਕਾਰ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸਮਾਇਲ ਫਾਊਂਡੇਸ਼ਨ ਅਤੇ ਪੈਪਸੀਕੋ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ 17 ਅਜਿਹੇ ਆਂਗਣਵਾੜੀ ਸੈਂਟਰ ਅਪਗ੍ਰੇਡ ਕੀਤੇ ਜਾ ਚੁੱਕੇ ਹਨ ਅਤੇ ਹੁਣ ਦੂਜੇ ਪੜਾਅ ਵਿੱਚ 10 ਨਵੇਂ ਸੈਂਟਰਾਂ ਦੀ ਚੋਣ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਂਗਣਵਾੜੀ ਸੈਂਟਰਾਂ ਨੂੰ ਅਪਗ੍ਰੇਡ ਕਰਨ ਦਾ ਮੁੱਖ ਮਕਸਦ ਚੰਗੀ ਖੁਰਾਕ ਮੁਹੱਈਆ ਕਰਵਾਉਣ ਦੇ ਨਾਲ-ਨਾਲ ਇੱਥੇ ਆਉਣ ਵਾਲੇ ਬੱਚਿਆਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨਾ ਹੈ ਤਾਂ ਜੋ ਉਨ੍ਹਾਂ ਦਾ ਧਿਆਨ ਪੜ੍ਹਾਈ ਵੱਲ ਕੇਂਦਰਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਆਂਗਣਵਾੜੀ ਸੈਂਟਰ ਮਾਡਲ ਕੇਂਦਰ ਵਜੋਂ ਅਪਗ੍ਰੇਡ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਬੁਨਿਆਦੀ ਢਾਂਚੇ ਨਾਲ ਸਬੰਧਤ ਲੋੜਾਂ ਨੂੰ ਪੂਰੀਆਂ ਕਰਨ ਦੇ ਨਾਲ-ਨਾਲ ਬੱਚਿਆਂ ਦੀ ਰੁਚੀ ਲਈ ਵੱਖ-ਵੱਖ ਤਰ੍ਹਾਂ ਦੀਆਂ ਕਲਾਕਾਰੀਆਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ ਤੱਕ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਜ਼ਿਲ੍ਹਾ ਬਾਲ ਭਲਾਈ ਅਫਸਰ ਨਵਨੀਤ ਤੂਰ, ਸਰਿਤਾ ਪ੍ਰਧਾਨ, ਮੁਖੀ ਸਵਾਭਿਮਾਨ, ਸਮਾਇਲ ਫਾਊਂਡੇਸ਼ਨ, ਨਿਸ਼ਠਾ ਅਰੋੜਾ ਮੈਨੇਜਰ, ਸ਼ਿਲਪਾ ਬਹਿਲ ਪ੍ਰੋਜੈਕਟ ਮੈਨੇਜਰ ਵੀ ਹਾਜ਼ਰ ਸਨ।

## ਟੋਲ ਪਲਾਜ਼ਾ ਬੰਦ ਕਰਵਾਉਣ ਲਈ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਮਿਲੇ ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**- ਵੜਿੰਗ ਟੋਲ ਪਲਾਜ਼ਾ ਬੰਦ ਕਰਵਾਉਣ ਲਈ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਮਿਲੇ। ਜਾਣਕਾਰੀ ਅਨੁਸਾਰ ਬੀਤੀ ਰਾਤ ਬਰੀਵਾਲਾ ਮੰਡੀ ਵਿੱਚ ਧਾਰਮਿਕ ਸਮਾਗਮ 'ਤੇ ਹਾਜ਼ਰੀ ਲਵਾਉਣ ਦੇ ਬਾਅਦ ਜਦ ਵੜਿੰਗ ਟੋਲ ਪਲਾਜ਼ਾ ਕੋਲ ਆਏ ਤਾਂ ਉਥੇ ਕਿਸਾਨ ਧਰਨਾ ਲਗਾਈ ਬੈਠੇ ਸਨ। ਆਪਣੀ ਗੱਡੀ ਰੋਕ ਕੇ ਹਨੀ ਫੱਤਣਵਾਲਾ ਨੇ ਸਭ ਕਿਸਾਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੈਂ ਵੀ ਬੜੇ ਲੰਬੇ ਸਮੇਂ ਤੋਂ ਜਦ ਦਾ ਟੋਲ ਲੱਗਿਆ ਹੈ ਇਸ ਨੂੰ ਬੰਦ ਕਰਵਾਉਣ ਲਈ ਸੰਘਰਸ਼ ਕੀਤਾ। ਪਰ ਇਕੱਲਾ ਹੋਣ ਕਰਕੇ ਮਕਸਦ ਵਿੱਚ ਕਾਮਯਾਬੀ ਨਹੀਂ ਮਿਲੀ ਤੇ ਸਮੇਂ ਸਮੇਂ 'ਤੇ ਸੰਘਰਸ਼ ਕਰਦਾ ਰਿਹਾ। ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਇਹ ਕੰਮ ਵੱਡਾ ਹੈ ਤੇ ਇਸ ਲਈ ਸਾਰੀਆਂ ਜਥੇਬੰਦੀਆਂ ਨੂੰ ਹੀ ਇੱਕ ਮੰਚ 'ਤੇ ਇਕੱਠਾ ਸੰਘਰਸ਼ ਕਰਨ ਦੀ ਲੋੜ ਹੈ ਤਾਂ ਉਥੇ ਮੌਜੂਦ ਕਿਸਾਨ ਭਰਾਵਾਂ ਨੇ ਦੱਸਿਆ ਕਿ ਇਹ ਧਰਨਾ ਕਿਸੇ ਵਿਸ਼ੇਸ਼ ਜਥੇਬੰਦੀ ਵੱਲੋਂ ਨਹੀਂ, ਸਗੋਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਹੀ ਲਗਾਇਆ ਗਿਆ ਹੈ ਅਤੇ ਉਹ ਇਸ ਟੋਲ ਨੂੰ ਬੰਦ ਕਰਨ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੇ।

## ਪੰਜਾਬੀ 'ਵਰਸਿਟੀ ਕੈਂਪਸ ਤਲਵੰਡੀ ਸਾਬੋ ਵੱਲੋਂ ਪ੍ਰਤਿਭਾ ਖੋਜ ਮੁਕਾਬਲੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਕੈਂਪਸ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਦੀ ਯੋਗ ਅਗਵਾਈ ਤਹਿਤ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਵੱਲੋਂ ਆਪਣੇ ਵੱਖ- ਵੱਖ ਵਿਭਾਗਾਂ ਦੇ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਉਭਾਰਨ ਅਤੇ ਨਿਖਾਰਨ ਲਈ ਪ੍ਰਤਿਭਾ-ਖੋਜ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਲੋਕ ਗੀਤ, ਗਿੱਧਾ, ਭੰਗੜਾ, ਨਾਟਕ, ਵਾਦ-ਵਿਵਾਦ, ਮਿੱਟੀ ਦੇ ਖਿਡੌਣੇ ਬਣਾਉਣ, ਪੋਸਟਰ ਬਣਾਉਣ, ਮੌਕੇ ਦੀ ਚਿੱਤਰਕਾਰੀ, ਪੀੜ੍ਹੀ ਤੇ ਪੱਖੀਆਂ ਦੀ ਬੁਣਾਈ ਆਦਿ ਵਿਸ਼ੇ ਰੱਖੇ ਗਏ ਜਿਸ ਵਿਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲੈਂਦੇ ਹੋਏ ਆਪਣੀ ਪ੍ਰਤਿਭਾ ਨੂੰ ਪੇਸ਼ ਕੀਤਾ। ਮੈਨੇਜਮੈਂਟ ਵਿਭਾਗ ਤੋਂ ਡਾ. ਅਮਨਦੀਪ ਕੌਰ, ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਤੋਂ ਜਸਕੀਰਤ ਸਿੰਘ, ਯਾਦਵਿੰਦਰਾ ਸਾਇੰਸਜ਼ ਵਿਭਾਗ ਤੋਂ ਡਾ. ਬਲਜਿੰਦਰ ਕੌਰ, ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਤੋਂ ਡਾ. ਸੰਦੀਪ ਕੌਰ, ਡਾ. ਮਨਮਿੰਦਰ ਸਿੰਘ, ਉਦੈ ਉਦੇਸ਼ਵਰ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਤੋਂ ਡਾ. ਸੁਖਦੀਪ ਕੌਰ, ਮਿਸ ਸੰਦੀਪ ਕੌਰ ਸਮੇਤ ਹੋਰ ਅਧਿਆਪਕਾਂ ਨੇ ਭਾਗੀਦਾਰ ਵਿਦਿਆਰਥੀਆਂ ਵਿੱਚੋਂ ਯੂਥ ਫੈਸਟੀਵਲ ਵਿੱਚ ਤਲਵੰਡੀ ਸਾਬੋ ਕੈਂਪਸ ਵੱਲੋਂ ਨੁਮਾਇੰਦਗੀ ਕਰਨ ਲਈ ਇੱਕ ਪ੍ਰਤਿਭਾਵਾਨ ਵਿਦਿਅਰਥੀਆਂ ਦੀ ਚੋਣ ਕੀਤੀ। ਵੱਖ-ਵੱਖ ਵਿਭਾਗਾਂ ਦੇ ਮੁਖੀ ਸਹਿਬਾਨ ਨੇ ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਕੈਂਪਸ ਡਾਇਰੈਕਟਰ ਪ੍ਰੋਫੈਸਰ ਜਸਬੀਰ ਸਿੰਘ ਹੁੰਦਲ ਨੇ ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਯੂਥ ਫੈਸਟੀਵਲ ਵਿਚ ਕਾਮਯਾਬ ਹੋ ਕੇ ਪਰਤਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਬਾਬਾ ਸ਼ਰਫ ਸ਼ਾਹ ਦੇ ਮੇਲੇ 'ਤੇ ਗਾਇਕ ਮਾਸ਼ਾ ਅਲੀ ਨੇ ਰੰਗ ਬੰਨ੍ਹਿਆ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਨੇੜਲੇ ਪਿੰਡ ਸਹਿਜੋ ਮਾਜਰਾ ਵਿਖੇ ਪ੍ਰਬੰਧਕ ਕਮੇਟੀ ਵਲੋਂ ਗ੍ਰਾਮ ਪੰਚਾਇਤ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 11ਵਾਂ ਬਾਬਾ ਸ਼ਾਹ ਸ਼ਰਫ਼ ਜੀ ਦਾ ਸਲਾਨਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਨਾਲ ਕਰਾਇਆ ਗਿਆ। ਸਵੇਰ ਸਮੇਂ ਪ੍ਰਬੰਧਕ ਕਮੇਟੀ ਤੇ ਪਿੰਡ ਵਾਸੀਆਂ ਵੱਲੋਂ ਬਾਬਾ ਸ਼ਾਹ ਸ਼ਰਫ ਜੀ ਦੀ ਮਜ਼ਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ।

ਮੇਲੇ ਦੀ ਸ਼ੁਰੂਆਤ ਬਿੰਦਰ ਕੱਵਾਲ ਹੰਬੋਵਾਲ ਬੇਟ ਨੇ ਕੱਵਾਲੀਆਂ ਪੇਸ਼ ਕਰਕੇ ਕੀਤੀ ਉਪਰੰਤ ਗਾਇਕ ਮਲਕੀਤ ਮੀਤ, ਰੌਸ਼ਨ ਸਾਗਰ, ਜਰਨੈਲ ਧਾਲੀਵਾਲ, ਜੀਤਾ ਪਵਾਰ, ਸੁਨੀਤਾ ਖੰਨਾ, ਅਨਮੋਲ ਤੇ ਮਿੰਟੂ ਮੀਤ ਆਦਿ ਨੇ ਗੀਤ ਪੇਸ਼ ਕੀਤੇ ਜਦਕਿ ਮੇਲੇ 'ਚ ਉਚੇਚੇ ਤੌਰ 'ਤੇ ਪੁੱਜੇ ਗਾਇਕ ਮਾਸ਼ਾ ਅਲੀ ਨੇ ਗੀਤ ਪੇਸ਼ ਕਰਕੇ ਰੰਗ ਬੰਨ੍ਹਿਆ। ਮੇਲੇ 'ਚ ਪੁੱਜੇ ਕਲਾਕਾਰਾਂ ਨੂੰ ਸੇਵਾਦਾਰ ਹਰਮੇਸ਼ ਸਿੰਘ, ਪਾਲ ਸਿੰਘ ਪਾਲੀ, ਹਰਦੀਪ ਸਿੰਘ ਦੀਪਾ, ਸਤਨਾਮ ਸਿੰਘ ਸ਼ਾਂਟੂ, ਗੁਰਦੇਵ ਸਿੰਘ, ਪ੍ਰਲਾਦ ਸਿੰਘ ਸਿੱਧੂ, ਮਨਜੋਤ ਸਿੰਘ ਸਿੱਧੂ, ਸਾਬਕਾ ਸਰਪੰਚ ਪਰਮਜੀਤ ਸਿੰਘ, ਪ੍ਰੇਮ ਸਿੰਘ, ਤਾਰਾ ਸਿੰਘ, ਕਰਮ ਸਿੰਘ, ਪਾਲ ਸਿੰਘ, ਭਿੰਦਰ ਸਿੰਘ, ਲਵਲੀ ਕੁਮਾਰ, ਹਰਿੰਦਰ ਸਿੰਘ ਬੈਂਸ, ਗੁਰਮੀਤ ਸਿੰਘ, ਹਾਕਮ ਸਿੰਘ, ਰਣਜੀਤ ਸਿੰਘ ਆਦਿ ਨੇ ਸਨਮਾਨਿਤ ਕੀਤਾ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ।

# ਲੰਮਿਆਂ ਦੀ ਪੰਚਾਇਤ ਸਮੇਤ ਸਰਪੰਚ 'ਆਪ' 'ਚ ਹੋਏ ਸ਼ਾਮਲ



**ਜਗਰਾਉਂ (ਸੰਜੀਵ ਅਰੋੜਾ)**-ਹਲਕਾ ਜਗਰਾਉਂ ਦੇ ਪਿੰਡ ਲੰਮਿਆਂ 'ਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਉਸ ਸਮੇਂ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ, ਜਦੋਂ ਪਿੰਡ ਲੰਮੇ ਦੇ ਨੌਜਵਾਨ ਸਰਪੰਚ ਅਮਨਦੀਪ ਸਿੰਘ ਨੇ ਅਕਾਲੀ ਦਲ ਨਾਲ ਸਬੰਧਤ ਸਾਰੇ ਪੰਚਾਂ ਸਮੇਤ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਪਿੰਡ ਲੰਮੇ ਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਪਾਰਕ ਵਿੱਚ ਰੱਖੇ ਵੱਡੇ ਇਕੱਠ ਦੌਰਾਨ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਅਤੇ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਸਰਪੰਚ ਅਮਨਦੀਪ ਸਿੰਘ ਅਤੇ ਅਕਾਲੀ ਦਲ ਨਾਲ ਸਬੰਧਤ ਸਾਰੇ ਪੰਚਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ। ਸਰਪੰਚ ਅਮਨਦੀਪ ਸਿੰਘ ਤੇ ਪੰਚਾਇਤ ਦੇ ਮੈਂਬਰਾਂ ਹਰਬੰਸ ਸਿੰਘ, ਸਤਪਾਲ ਸਿੰਘ, ਜਸਵੰਤ ਸਿੰਘ, ਅਮਰਜੀਤ ਕੌਰ, ਸਰਵਜੀਤ ਕੌਰ ਦੇ 'ਆਪ' ਵਿੱਚ ਸ਼ਾਮਲ ਹੋਣ ਮੌਕੇ ਅਕਾਲੀ ਪਰਵਾਰਾਂ ਨਾਲ ਸਬੰਧਤ ਵੱਡੀ ਗਿਣਤੀ ਵਿੱਚ ਲੰਮੇ ਵਾਸੀਆਂ ਨੇ ਜੈਕਾਰੇ ਬੁਲਾਉਂਦਿਆਂ ਆਮ ਆਦਮੀ ਪਾਰਟੀ ਨਾਲ ਡਟਣ ਦਾ ਐਲਾਨ ਕੀਤਾ। ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਸਰਪੰਚ ਅਮਨਦੀਪ ਸਿੰਘ ਤੇ ਪੰਚਾਂ ਦਾ ਪਾਰਟੀ ਵਿੱਚ ਸਵਾਗਤ ਕਰਦੇ ਹੋਏ ਆਖਿਆ ਕਿ ਲੰਮੇ ਪਿੰਡ ਦੇ ਵਿਕਾਸ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ, ਨਰੇਗਾ ਸਕੀਮ ਤਹਿਤ 17 ਲੱਖ ਰੁਪਏ ਦੀ ਲਾਗਤ ਨਾਲ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦੇ ਨਾਂਅ ਉਪਰ ਸ਼ਾਨਦਾਰ ਪਾਰਕ ਬਣਾਇਆ ਗਿਆ ਹੈ, ਨੌਜਵਾਨਾਂ ਦੇ ਖੇਡਣ ਲਈ ਪਿੰਡ ਵਿੱਚ 45 ਲੱਖ 20 ਹਜ਼ਾਰ ਰੁਪਏ ਦੀ ਲਾਗਤ ਨਾਲ ਸ਼ਾਨਦਾਰ ਖੇਡ ਸਟੇਡੀਅਮ ਤਿਆਰ ਕੀਤਾ ਜਾ ਰਿਹਾ ਹੈ, 10 ਲੱਖ ਰੁਪਏ ਦੀ ਲਾਗਤ ਨਾਲ ਝੂਲੇ, ਜ਼ਿੰਮ ਅਤੇ ਗਰਾਊਂਡ ਦੀ ਚਾਰ-ਦੁਆਰੀ ਕਰਵਾਈ ਗਈ ਹੈ, ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਦਾ ਕੰਮ ਸੌ ਪ੍ਰਤੀਸ਼ਤ ਮੁਕੰਮਲ ਕੀਤਾ ਜਾਵੇਗਾ, ਸਕੂਲ ਦੇ ਨਾਲ ਵੱਡੇ ਗਰਾਊਂਡ ਵਿੱਚ 10 ਲੱਖ ਰੁਪਏ ਖਰਚੇ ਜਾਣਗੇ, ਪੰਜ ਲੱਖ ਰੁਪਏ ਦੀ ਲਾਗਤ ਨਾਲ ਸ਼ਮਸ਼ਾਨਘਾਟ ਤਿਆਰ ਕੀਤਾ ਜਾਵੇਗਾ ਅਤੇ ਪਿੰਡ ਵਾਸੀਆਂ ਦੀ ਮੰਗ ਅਨੁਸਾਰ ਹੋਰ ਵੀ ਰਹਿੰਦੇ ਕਾਰਜ ਮੁਕੰਮਲ ਕੀਤੇ ਜਾਣਗੇ।

ਇਸ ਮੌਕੇ ਨਗਰ ਕੌਂਸਲ ਜਗਰਾਉਂ ਦੇ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ ਮਾਲਵਾ, ਕੁਲਵਿੰਦਰ ਸਿੰਘ ਕਾਲਾ, ਕੌਂਸਲਰ ਕੰਵਰਪਾਲ ਸਿੰਘ, ਕੌਂਸਲਰ ਨੀਟਾ ਸਭਰਵਾਲ, ਸਾਬਕਾ ਕੌਂਸਲਰ ਕਰਮਜੀਤ ਕੈਂਥ, ਕੋਆਰਡੀਨੇਟਰ ਕਮਲਜੀਤ ਸਿੰਘ ਕਮਾਲਪੁਰਾ, ਬਲਾਕ ਪ੍ਰਧਾਨ ਛਿੰਦਰਪਾਲ ਸਿੰਘ ਮੀਨੀਆਂ, ਸਰਪੰਚ ਸੁਰਜੀਤ ਸਿੰਘ ਜਨੇਤਪੁਰਾ, ਗੁਰਪ੍ਰੀਤ ਸਿੰਘ ਨੋਨੀ, ਸੁਭਸ਼ ਕੁਮਾਰ, ਜਗਰੂਪ ਸਿੰਘ ਜੱਗਾ, ਡੱਗਾ ਜਗਰਾਉਂ, ਦਲਜੀਤ ਸਿੰਘ ਹੰਸਰਾ, ਗੋਪਾਲ ਸਿੰਘ ਕਮਾਲਪੁਰਾ, ਨੰਬਰਦਾਰ ਜਰਨੈਲ ਸਿੰਘ, ਨੰਬਰਦਾਰ ਜਗਦੇਵ ਸਿੰਘ, ਕੁਲਵੰਤ ਸਿੰਘ ਤਤਲਾ, ਕਮਲਜੀਤ ਸਿੰਘ ਤਤਲਾ, ਨਿਰਪਾਲ ਸਿੰਘ, ਬਲਵੀਰ ਸਿੰਘ, ਜਗਜੀਤ ਸਿੰਘ ਤੇ ਕਰਨੈਲ ਸਿੰਘ ਆਦਿ ਵੀ ਹਾਜ਼ਰ ਸਨ।

# ਇੰਜ. ਸੁਖਦੇਵ ਸਿੰਘ ਐੱਸ ਡੀ ਓ ਦੀ ਨਜਾਇਜ਼ ਕੀਤੀ ਬਦਲੀ ਰੱਦ ਕਰਨ ਦੀ ਮੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਜੇ ਈ ਕਾਊਂਸਲ ਸਰਕਲ ਫਿਰੋਜ਼ਪੁਰ ਦੀ ਸਮੂਹ ਸਰਕਲ ਮੈਂਬਰ ਫਿਰੋਜ਼ਪੁਰ ਦੀ ਮੀਟਿੰਗ ਇੰਜ. ਰਾਕੇਸ਼ ਕੁਮਾਰ ਦੀ ਪ੍ਰਧਾਨਗੀ ਵਿਚ ਹੋਈ। ਜਿਸ ਵਿਚ ਇੰਜ. ਸੁਖਦੇਵ ਸਿੰਘ ਉਪ ਮੰਡਲ ਅਫਸਰ ਝੋਕ ਹਰੀਹਰ ਦੀ ਨਜਾਇਜ਼ ਹੋਈ ਬਦਲੀ ਸਬੰਧੀ ਵਿਚਾਰ ਚਰਚਾ ਕੀਤੀ ਗਈ। ਸਮੂਹ ਮੈਂਬਰਾਂ ਵੱਲੋਂ ਇਸ ਬਦਲੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਇਸ ਮੌਕੇ ਸਕੱਤਰ ਇੰਜ. ਮਨਦੀਪ ਸਿੰਘ ਨੇ ਕਿਹਾ ਕਿ ਇਕ ਪਾਸੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਬਿਜਲੀ ਚੋਰੀ ਰੋਕਣ 'ਤੇ ਜ਼ੋਰ ਪਾ ਰਹੀ ਹੈ ਅਤੇ ਹਰ ਰੋਜ਼ ਬਿਜਲੀ ਚੋਰੀ ਸਬੰਧੀ ਮੈਨੇਜਮੈਂਟ ਵੱਲੋਂ ਰਿਪੋਰਟਾਂ ਮੰਗੀਆਂ ਜਾ ਰਹੀਆਂ ਹਨ, ਪਰ ਚੋਰੀ ਫੜਨ ਵਾਲੇ ਇਮਾਨਦਾਰ ਅਧਿਕਾਰੀਆਂ ਨੂੰ ਮੈਨੇਜਮੈਂਟ ਵੱਲੋਂ ਇਨਾਮ ਵਜੋਂ ਦੂਰ ਦੁਰਾਡੇ ਬਦਲੀਆਂ ਕਰਕੇ ਸਨਮਾਨਤ ਕੀਤਾ ਜਾ ਰਿਹਾ ਹੈ। ਜਿਸ ਕਾਰਨ ਕਰਮਚਾਰੀਆਂ, ਅਧਿਕਾਰੀਆਂ ਵਿਚ ਨਿਰਾਸ਼ਤਾ ਫੈਲ ਰਹੀ ਹੈ। ਦੱਸਣਯੋਗ ਹੈ ਕਿ ਸਰਕਲ ਫਿਰੋਜ਼ਪੁਰ ਅਧੀਨ ਆਉਂਦੀਆਂ ਚਾਰ ਡਵੀਜ਼ਨਾਂ ਵਿਚ ਕਰਮਚਾਰੀਆਂ, ਅਧਿਕਾਰੀਆਂ ਦੀ ਬਹੁਤ ਜ਼ਿਆਦਾ ਘਾਟ ਹੈ। ਇਕ ਅਧਿਕਾਰੀ ਨੂੰ 2-2 ਦਫਤਰਾਂ ਦਾ ਚਾਰਜ ਦਿੱਤਾ ਹੋਇਆ ਹੈ ਤਾਂ ਜੋ ਮਹਿਕਮੇ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਪਰ ਮੈਨੇਜਮੈਂਟ ਵੱਲੋਂ ਝੂਠੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਨਜਾਇਜ਼ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਕਾਊਂਸਲ ਆਫ ਜੂਨੀਅਰ ਇੰਜੀਨੀਅਰ ਵੱਲੋਂ ਮੁੱਖ ਮੰਤਰੀ ਪੰਜਾਬ, ਬਿਜਲੀ ਮੰਤਰੀ ਅਤੇ ਚੇਅਰਮੈਨ ਪੀ ਐੱਸ ਪੀ ਸੀ ਐੱਲ ਪਟਿਆਲਾ ਤੋਂ ਇੰਜ. ਸੁਖਦੇਵ ਸਿੰਘ ਦੀ ਨਜਾਇਜ਼ ਤੌਰ 'ਤੇ ਕੀਤੀ ਗਈ ਬਦਲੀ ਨੂੰ ਰੱਦ ਕਰਨ ਦੀ ਅਪੀਲ ਕੀਤੀ ਜਾਂਦੀ ਹੈ ਅਤੇ ਇਹ ਬਦਲੀ ਰੱਦ ਨਾ ਹੋਣ ਦੀ ਸੂਰਤ ਵਿਚ ਕਾਊਂਸਲ ਆਫ ਜੂਨੀਅਰ ਇੰਜੀਨੀਅਰ ਵੱਲੋਂ ਪਾਵਰਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

## ਬੀ ਕੇ ਯੂ ਕ੍ਰਾਂਤੀਕਾਰੀ ਦਾਰਾਪੁਰ ਇਕਾਈ ਦੇ ਰਣਜੀਤ ਸਿੰਘ ਬਣੇ ਪ੍ਰਧਾਨ ਤੇ ਜਗਰੂਪ ਸਿੰਘ ਸਕੱਤਰ



**ਮੋਗਾ (ਅਮਰਜੀਤ ਬੱਬਰੀ)** ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਮੀਟਿੰਗ ਬਲਾਕ ਡਗਰੂ ਦੇ ਪ੍ਰਧਾਨ ਜਗਮੋਹਨ ਸਿੰਘ ਕੰਗ ਦੀ ਅਗਵਾਈ ਵਿੱਚ ਹੋਈ। ਬਲਾਕ ਟੀਮ ਜਿਸ ਵਿੱਚ ਹਰਬੰਸ ਸਿੰਘ ਨਿਧਾਂਵਾਲਾ, ਰਣਜੀਤ ਸਿੰਘ, ਗੁਰਦੌਰ ਸਿੰਘ ਮਹੇਸ਼ਰੀ, ਬਲਦੇਵ ਸਿੰਘ, ਸੰਤੋਖ ਸਿੰਘ, ਤੇਜਾ ਸਿੰਘ, ਸੱਤਪਾਲ (ਸੂਬਾ) ਸਿੰਘ ਡਗਰੂ ਆਦਿ ਹਾਜ਼ਰ ਸਨ, ਦੀ ਮੀਟਿੰਗ ਪਿੰਡ ਦਾਰਾਪੁਰ ਦੇ ਕਿਸਾਨਾਂ ਨਾਲ ਹੋਈ ।

ਦਾਰਾਪੁਰ ਦੇ ਰਣਜੀਤ ਸਿੰਘ ਤੇ ਤਰਸੇਮ ਸਿੰਘ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਇਲਾਕੇ ਵਿੱਚ ਲਗਾਤਾਰ ਘੋਲ ਲੜ ਰਹੀ ਹੈ। ਦਿੱਲੀ ਅੰਦੋਲਨ ਸਮੇਂ ਤਿੰਨ ਖੇਤੀ ਕਾਲੇ ਕਨੂੰਨ ਲਿਆਉਣ ਵਾਲੀ ਬੀ ਜੇ ਪੀ ਦੀ ਫ਼ਿਰੋਜ਼ਪੁਰ ਰੈਲੀ ਚੁਸਤ ਕੀਤੀ ਤੇ ਪ੍ਰਧਾਨ ਮੰਤਰੀ ਮੋਦੀ ਦਾ ਕਾਫ਼ਲਾ ਰਸਤੇ ਵਿੱਚੋਂ ਬਰੰਗ ਮੋੜਿਆ।

ਜੀਰਾ ਸ਼ਰਾਬ ਫੈਕਟਰੀ ਘੋਲ ਵਿੱਚ ਉਭਰਵਾਂ ਰੋਲ ਅਦਾ ਕੀਤਾ। ਦਿੱਲੀ ਮੋਰਚੇ ਸਮੇਂ ਫ਼ਿਰੋਜ਼ਪੁਰ ਦੇ ਦੋ ਟੋਲ ਪਲਾਜ਼ੇ ਸਾਲ ਭਰ ਟੋਲ ਫਰੀ ਰੱਖੇ। ਅਡਾਨੀ ਦੀ ਭਰੀ ਜਾਂਦੀ ਰੇਲ ਰੋਕ ਕੇ ਡਗਰੂ ਸੈਲੋ ਨੂੰ ਪੂਰੀ ਤਰ੍ਹਾਂ ਬੰਦੇ ਰੱਖਿਆ। ਬੀ ਜੇ ਪੀ ਦੀ ਭਾਈਵਾਲ ਪਾਰਟੀ ਬਾਦਲ ਅਕਾਲੀ ਦਲ ਦੀ ਸਿਆਸੀ ਸਰਗਰਮੀ ਠੱਪ ਕਰ ਦਿੱਤੀ। ਹੜ੍ਹ ਪੀੜਤਾਂ ਲਈ ਪਿਛਲੇ ਸਮੇ ਪੰਜ ਦਿਨ ਸੜਕਾਂ 'ਤੇ ਧਰਨੇ ਦਿੱਤੇ। ਇਹ ਜਥੇਬੰਦੀ ਗਰੀਬ ਕਿਸਾਨੀ ਦੇ ਪੱਖ ਵਿੱਚ ਹਮੇਸ਼ਾ ਖੜਦੀ ਹੈ। ਇਸ ਲਈ ਸਾਡੇ ਪਿੰਡ ਜਥੇਬੰਦੀ ਦੀ ਇਕਾਈ ਬਣਾਈ ਜਾਵੇ। ਇਸ ਮੌਕੇ ਰਣਜੀਤ ਸਿੰਘ ਪ੍ਰਧਾਨ, ਤਰਸੇਮ ਸਿੰਘ ਮੀਤ ਪ੍ਰਧਾਨ, ਜਗਰੂਪ ਸਿੰਘ ਸਕੱਤਰ, ਰਘਬੀਰ ਸਿੰਘ ਪ੍ਰੈਸ ਸਕੱਤਰ ਤੇ ਮਨਪ੍ਰੀਤ ਸਿੰਘ ਖ਼ਜ਼ਾਨਚੀ ਚੁਣੇ ਗਏ।

ਪਿੰਡ ਕਮੇਟੀ ਨੇ ਭਰੋਸਾ ਦਿਵਾਇਆ ਕਿ 28 ਸਤੰਬਰ ਤੋਂ 30 ਸਤੰਬਰ ਤੱਕ ਲੱਗਣ ਵਾਲੇ ਰੇਲ ਰੋਕੋ ਅੰਦੋਲਨ ਵਿੱਚ ਵਧ ਚੜ੍ਹ ਕੇ ਹਿੱਸਾ ਲਵੇਗੀ। ਮੌਕੇ 'ਤੇ ਬਿਜਲੀ ਦੇ ਤੇਜ਼ ਚੱਲਣ ਵਾਲੇ ਚਿੱਪ ਵਾਲੇ ਮੀਟਰ ਲਾਹੁਣ ਦਾ ਮਸਲਾ ਰੱਖਿਆ। ਬਲਾਕ ਟੀਮ ਵੱਲੋਂ ਮੀਟਰ ਪੁੱਟ ਕੇ ਤਲਵੰਡੀ ਭਾਈ ਬਿਜਲੀ ਘਰ ਜਮ੍ਹਾਂ ਕਰਾਏ ਗਏ। ਬਲਾਕ ਸਕੱਤਰ ਗਰਦੌਰ ਸਿੰਘ ਤੇ ਜਗਮੋਹਨ ਸਿੰਘ ਨੇ ਸ਼ਾਮਲ ਹੋਏ ਕਿਸਾਨਾਂ ਨੂੰ ਜੀ ਆਇਆਂ ਆਖਿਆ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਜਾਗਰੂਕਤਾ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਪ੍ਰੋ ਅਮਰਜੀਤ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਉਚੇਰੀ ਸਿੱਖਿਆ ਵਿਭਾਗ ਤੇ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਨੋਡਲ ਅਫਸਰ ਡਾ ਗੁਰਜੀਤ ਸਿੰਘ ਨੇ ਕਾਲਜ ਦੀ ਸਕਾਲਰਸ਼ਿਪ ਕਮੇਟੀ ਨਾਲ ਮਿਲ ਕੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਐੱਸਸੀ ਸਕੀਮ ਤਹਿਤ ਜਾਗਰੂਕਤਾ ਕੈਂਪ ਲਾਇਆ ਗਿਆ। ਪ੍ਰੋ ਗੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਸਬੂਤ ਨਾਲ ਲਾਉਣੇ ਹਨ, ਜਿਵੇਂ ਫਰੀ ਕਾਰਡ, ਜਾਤੀ ਸਰਟੀਫਿਕੇਟ, ਆਧਾਰ ਕਾਰਡ, ਪੰਜਾਬ ਰੈਜੀਡੈਂਸ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਬੈਂਕ ਖਾਤੇ ਦੀ ਕਾਪੀ ਆਦਿ ਕਾਗਜ਼ ਪੂਰੇ ਕਰ ਲਏ ਜਾਣ ਤਾਂ ਜੁ ਆਉਣ ਵਾਲੇ ਦਿਨਾਂ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਫਾਰਮ ਭਰੇ ਜਾ ਸਕਣ। ਇਸ ਦੌਰਾਨ ਕਾਲਜ ਵਾਇਸ ਪ੍ਰਿੰਸੀਪਲ ਡਾ. ਅਨੁਰਾਗ ਨੇ ਕਿਹਾ ਕਿ ਫਾਰਮ ਭਰਨ ਲਈ ਆਪਣੇ ਸਾਰੇ ਦਸਤਾਵੇਜ ਪੂਰੇ ਕਰ ਲੈਣ ਤਾਂ ਜੁ ਆਉਣ ਵਾਲੇ ਦਿਨਾਂ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਸਾਨੀ ਨਾਲ ਭਰਿਆ ਜਾਵੇ। ਇਸ ਮੌਕੇ ਕਾਲਜ ਸਟਾਫ ਡਾ ਜਸਵਿੰਦਰ ਸ਼ਰਮਾ, ਪ੍ਰੋ ਹਰਮੀਤ ਸਿੰਘ, ਪ੍ਰੋ ਜਗਦੀਸ਼ ਸਿੰਘ, ਡਾ ਬਲਕਾਰ ਸਿੰਘ, ਪ੍ਰੋ ਮਨੋਜ ਵੈਦ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।

29-Sep-PAGE-11-Majha-2023.qxd 9/28/2023 10:36 PM Page 1



## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਤਰਨ ਤਾਰਨ ਵੱਲੋਂ ਰੇਲਵੇ ਟ੍ਰੈਕ 'ਤੇ ਲਗਾਇਆ ਮੋਰਚਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਤਿੰਨ ਦਿਨ ਲਈ ਪੰਜਾਬ ਵਿੱਚ ਰੇਲਾਂ ਦਾ ਚੱਕਾ ਜਾਮ ਕਰਨ ਦੇ ਕੀਤੇ ਐਲਾਨ ਅਨੁਸਾਰ ਜਿੱਥੇ ਵੱਖ-ਵੱਖ ਥਾਵਾਂ 'ਤੇ ਰੇਲਾਂ ਦੇ ਚੱਕੇ ਜਾਮ ਕੀਤੇ ਗਏ ਉਥੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਤਰਨ ਤਾਰਨ ਦੇ ਰੇਲਵੇ ਟ੍ਰੈਕ 'ਤੇ ਮੋਰਚਾ ਸ਼ੁਰੂ ਕਰ ਦਿੱਤਾ ਗਿਆ ।

ਧਰਨੇ ਦੀ ਅਗਵਾਈ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਜ਼ਿਲ੍ਹਾ ਸਕੱਤਰ ਅਤੇ ਸੂਬਾ ਆਗੂ ਹਰਜਿੰਦਰ ਸਿੰਘ ਸਕਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਪੂਰੀਆਂ ਨਾ ਹੋਣ ਕਰਕੇ ਕਿਸਾਨ ਮਜ਼ਦੂਰ ਆਪਣੀਆਂ ਮੁਸ਼ਕਲਾਂ ਨੂੰ ਲੈ ਕੇ ਸੜਕਾਂ ਅਤੇ ਰੇਲਾਂ ਦੀਆਂ ਪਟੜੀਆਂ 'ਤੇ ਆਉਣ ਲਈ ਮਜਬੂਰ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਸਾਰੀਆਂ ਫਸਲਾਂ ਤੇ ਸਰਕਾਰੀ ਖਰੀਦ ਬਣਾਉਣ ਅਤੇ ਡਾ. ਸਵਾਮੀਨਾਥਨ ਕਮਿਸ਼ਨ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਲੈਣ, ਲਖੀਮਪੁਰ ਖੀਰੀ ਮਾਮਲੇ ਦੇ ਦੋਸ਼ੀਆਂ ਨੂੰ ਜ਼ਮਾਨਤਾਂ ਰੱਦ ਕਰਕੇ ਜੇਲ੍ਹਾਂ ਵਿੱਚ ਭੇਜਣ ਦੀ ਮੰਗ, ਅਤੇ ਦਿੱਲੀ ਅੰਦੋਲਨ ਦੌਰਾਨ ਹੋਏ ਪਰਚੇ ਰੱਦ ਕਰਵਾਉਣ ਲਈ ਅਤੇ ਅੰਦੋਲਨ ਦੌਰਾਨ ਸ਼ਹੀਦ ਪਰਿਵਾਰਾਂ ਨੂੰ ਨੌਕਰੀਆ ਅਤੇ ਉੱਤਰੀ ਭਾਰਤ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾ ਮਜ਼ਦੂਰਾਂ ਨੂੰ 50,000 ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਵੇ ਆਦਿ।

ਕਿਸਾਨ ਆਗੂ ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ,ਤਰਸੇਮ ਸਿੰਘ ਧਾਰੀਵਾਲ, ਰਣਜੀਤ ਕੌਰ ਕੱਲਾ, ਰਣਯੋਧ ਸਿੰਘ ਗੱਗੋਬੂਹਾ ਨੇ ਕਿਹਾ ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਮੰਗਾਂ ਨਹੀਂ ਮੰਨਦੀ ਤੇ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਤਰਨ ਤਾਰਨ ਦੇ ਰੇਲਵੇ ਟ੍ਰੈਕ ਤੇ ਹਾਜ਼ਰ ਕਿਸਾਨ ਆਗੂ ਮੇਹਰ ਸਿੰਘ ਤਲਵੰਡੀ, ਗੁਰਭੇਜ ਸਿੰਘ ਧਾਰੀਵਾਲ,ਦਵਿੰਦਰ ਕੌਰ ਪਿੱਦੀ, ਬੀਬੀ ਮਨਜੀਤ ਕੌਰ ਮੋਹਨਪੁਰਾ, ਬੀਬੀ ਜਸਪਾਲ ਕੌਰ ਸਾਹਪੁਰਾ, ਬੀਬੀ ਮਨਜੀਤ ਕੌਰ ਰੋੜੀਵਾਲਾ,ਬੀਬੀ ਬਲਵਿੰਦਰ ਕੌਰ, ਦਵਿੰਦਰ ਕੌਰਪਿੱਦੀ, ਬਲਦੀਸ਼ ਕੌਰ ਪਿੱਦੀ, ਬਲਵਿੰਦਰ ਕੌਰ ਪਿੱਦੀ, ਰਾਜ ਕੌਰ, ਬਿਕਰਮ ਸਿੰਘ ਜੋੜਾ, ਨਿਸ਼ਾਨ ਸਿੰਘ ਕਵਾੜਕਾ, ਮਾਨ ਸਿੰਘ ਮਾੜੀਮੇਘਾ,ਪੂਰਨ ਸਿੰਘ ਵਰਨਾਲਾ, ਨਿਸ਼ਾਨ ਸਿੰਘ ਪੱਟੀ,ਸੁੱਖਾ ਸਿੰਘ ਦੀਨਪੁਰ, ਹਰਜਿੰਦਰ ਸਿੰਘ ਕਲਸੀਆਂ, ਖਜ਼ਾਨ ਸਿੰਘ ਕਿਰਤੋਵਾਲ,ਸਰੂਪ ਸਿੰਘ ਲੋਹਕਾ, ਨਿੰਦਰ ਸਿੰਘ ਪੱਖੋਪੁਰ, ਸਤਨਾਮ ਸਿੰਘ ਬੂਹ ਹਵੇਲੀਆਂ, ਸੁਖਚੈਨ ਸਿੰਘ ਪੱਟੀ, ਸੁਖਵੰਤ ਸਿੰਘ ਪੱਟੀ, ਕਿਰਪਾਲ ਸਿੰਘ ਬੁਰਜ ਪੁਹਲਾ, ਗੁਰਜੰਟ ਸਿੰਘ ਭੱਗੂਪੁਰ, ਹਰਿੰਦਰ ਸਿੰਘ ਆਸਲ ਆਦਿ ਆਗੂ ਹਾਜ਼ਰ ਸਨ ।

## ਸਹੁਰੇ ਪਰਵਾਰ ਵੱਲੋਂ ਦਹੇਜ 'ਚ ਕਾਰ ਦੀ ਮੰਗ ਨੂੰ ਲੈ ਕੇ ਨੂੰਹ ਦੀ ਕੁੱਟਮਾਰ



**ਭਿੱਖੀਵਿੰਡ/ਖਾਲੜਾ(ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਪਿੰਡ ਵਾਂ ਤਾਰਾ ਸਿੰਘ ਤੋਂ ਆਂਚਲਪ੍ਰੀਤ ਪੁੱਤਰੀ ਸੁਰਿੰਦਰ ਸਿੰਘ ਵਾਸੀ ਵਾਂ ਨਾਮਕ ਲੜਕੀ ਜੋ ਦੀਪਕ ਕੁਮਾਰ ਪੁੱਤਰ ਰੌਸ਼ਨ ਲਾਲ ਮਨਚੰਦਾ ਵਾਸੀ ਮੱਲਾਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਨਾਲ ਵਿਆਹੀ ਹੋਈ ਹੈ, ਦੀ ਉਸ ਦੇ ਸਹੁਰੇ ਪਰਵਾਰ ਵੱਲੋਂ ਦਹੇਜ 'ਚ ਕਾਰ ਦੀ ਮੰਗ ਨੂੰ ਲੈ ਕੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਖਾਲੜਾ ਦੀ ਪੁਲਸ ਵੱਲੋਂ ਪੀੜਤ ਲੜਕੀ ਆਂਚਲਪ੍ਰੀਤ ਦੀ ਮੈਡੀਕਲ ਜਾਂਚ ਕਰਵਾਉਣ ਮਗਰੋਂ ਉਸ ਦੇ ਪਤੀ ਦੀਪਕ ਕੁਮਾਰ, ਸਹੁਰੇ ਰੌਸ਼ਨ ਲਾਲ ਮਨਚੰਦਾ ਅਤੇ ਸੱਸ ਸੀਮਾ ਰਾਣੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੀ ਦਰਖਾਸਤ 'ਚ ਪੀੜਤ ਲੜਕੀ ਆਂਚਲਪ੍ਰੀਤ ਨੇ ਦੱਸਿਆ ਕਿ 4 ਸਾਲ ਪਹਿਲਾਂ ਉਸ ਦਾ ਵਿਆਹ ਦੀਪਕ ਕੁਮਾਰ ਨਾਲ ਹੋਇਆ ਸੀ। ਵਿਆਹ ਤੋਂ ਕੁਝ ਦਿਨ ਬਾਅਦ ਹੀ ਉਸ ਦੇ ਪਤੀ, ਸਹੁਰੇ ਤੇ ਸੱਸ ਨੇ ਦਾਜ ਖਾਤਰ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਪੀੜਤ ਲੜਕੀ ਨੇ ਦੱਸਿਆ ਕਿ ਉਸ ਦੇ ਪਿਤਾ ਨੇ 8-10 ਵਾਰ ਪੰਚਾਇਤ ਦੀ ਹਾਜ਼ਰੀ 'ਚ ਉਸ ਦੇ ਸਹੁਰੇ ਪਰਵਾਰ ਨੂੰ ਸਮਝਾਇਆ ਸੀ, ਪ੍ਰੰਤੂ ਉਹ ਨਹੀਂ ਸਮਝੇ। ਆਂਚਲਪ੍ਰੀਤ ਨੇ ਦੱਸਿਆ ਕਿ 24 ਸਤੰਬਰ ਵਕਤ ਕਰੀਬ 3.30 ਵਜੇ ਨੂੰ ਜਦੋਂ ਉਹ ਰਸੋਈ ਵਿੱਚ ਕੰਮ ਕਰ ਰਹੀ ਸੀ ਤਾਂ ਉਸ ਦੇ ਸਹੁਰੇ ਪਰਵਾਰ ਨੇ ਦਾਜ ਵਿੱਚ ਬਰੀਜਾ ਕਾਰ ਲੈ ਕੇ ਆਉਣ ਲਈ ਉਸ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਝਗੜੇ ਦੌਰਾਨ ਉਸ ਦੇ ਪਤੀ, ਸੱਸ ਅਤੇ ਸਹੁਰੇ ਨੇ ਰਲ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਪਰਵਾਰਕ ਮੈਂਬਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸਾਰੀ ਕਹਾਣੀ ਦੱਸੀ। ਖਾਲੜਾ ਪੁਲਸ ਨੇ ਪੀੜਤ ਲੜਕੀ ਦੀ ਮੈਡੀਕਲ ਜਾਂਚ ਕਰਵਾਉਣ ਮਗਰੋਂ ਉਸ ਦੇ ਪਤੀ, ਸਹੁਰੇ ਅਤੇ ਸੱਸ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

## ਆਪਣੇ ਹੀ ਰਾਜ 'ਚ ਇਨਸਾਫ ਤੋਂ ਵਾਂਝੇ ਛੋਟੇ ਵੱਡੇ ਆਗੂਆਂ 'ਚ ਰੋਸ



ਪੱਟੀ, (ਬਲਦੇਵ ਸਿੰਘ ਸੰਧੂ /ਸਮਸ਼ੇਰ ਸਿੰਘ ਯੋਧਾ) - ਪੰਜਾਬ ਦੀ ਸੱਤਾ 'ਤੇ ਭਾਰੀ ਬਹੁਮਤ ਨਾਲ ਕਾਬਜ਼ ਹੋਣ ਵਾਲੀ ਆਮ ਆਦਮੀ ਪਾਰਟੀ ਦੀ ਆਗੂ ਜਮਾਤ ਪੰਜਾਬ ਪੁਲਸ ਦੇ ਰਵੱਈਏ ਤੋਂ ਕਥਿਤ ਖਫਾ ਦਿਖਾਈ ਦੇ ਰਹੀ ਹੈ। ਜਿਥੇ ਇੱਕ ਪਾਸੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸੋਸ਼ਲ ਮੀਡੀਆ 'ਤੇ ਜ਼ਿਲ੍ਹਾ ਪੁਲਸ ਮੁਖੀ ਖਿਲਾਫ ਸ਼ਬਦੀ ਜੰਗ ਨਾਲ ਰੋਸ ਜਤਾ ਰਹੇ ਹਨ ਉਥੇ ਹੀ ਸਿਆਸੀ ਗਲਿਆਰਿਆਂ 'ਚ ਅਹਿਮ ਮਹੱਤਤਾ ਰੱਖਣ ਵਾਲੇ ਵਿਧਾਨ ਸਭਾ ਹਲਕਾ ਪੱਟੀ ਦੀ ਪੁਲਸ ਆਪ ਖੇਮੇ ਨੂੰ ਨਜ਼ਰ ਅੰਦਾਜ਼ ਕਰਕੇ ਅਸਿੱਧੇ ਤੌਰ 'ਤੇ ਜ਼ਲੀਲਤਾ ਦੀ ਭੱਠੀ ਝੋਕਦੀ ਦਿਖਾਈ ਦੇ ਰਹੀ ਹੈ। ਜਿਸ ਦੀ ਮਿਸਾਲ ਕਸਬੇ ਅੰਦਰ ਹੋਈ ਗੁੰਡਾਗਰਦੀ ਤੋਂ ਮਿਲਦੀ ਹੈ। ਮਾਮਲਾ ਇਹ ਹੈ ਕਿ ਦੇਰ ਰਾਤ ਹਰੀਕੇ ਪੱਤਣ ਦੇ ਸੀਨੀਅਰ ਆਪ ਆਗੂ ਗੁਲਸ਼ਨ ਮਲਹੋਤਰਾ ਦੇ ਬੇਟੇ ਲਕਸ਼ ਮਲਹੋਤਰਾ ਨੂੰ ਅਣਪਛਾਤਿਆਂ ਨੇ ਜ਼ਖਮੀ ਕਰ ਦਿੱਤਾ। ਇਨ੍ਹਾਂ ਦੇ ਬਚਾਅ ਲਈ ਅੱਗੇ ਆਏ ਗਗਨਦੀਪ ਸਿੰਘ ਪੁੱਤਰ ਗੁਰਬਚਨ ਸਿੰਘ ਨੂੰ ਵੀ ਜ਼ਖਮੀ ਕਰ ਦਿੱਤਾ। ਇਤਫਾਕ ਵੱਸ ਦੋਵੇਂ ਜ਼ਖਮੀ ਆਪ ਆਗੂ ਹਨ ਅਤੇ ਮੌਜੂਦਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਕਰੀਬੀਆਂ ਵਿਚੋਂ ਜਾਣੇ ਜਾਂਦੇ ਹਨ। ਦੱਸਣਯੋਗ ਹੈ ਕਿ ਤੇਜ਼ਧਾਰ ਹਥਿਆਰਾਂ ਨਾਲ ਲੈਸ ਇਹ ਗੁੰਡਾ ਅਨਸਰ ਟਰੱਕ 'ਤੇ ਸਵਾਰ ਹੋ ਕੇ ਆਏ ਸਨ ਜੋ ਧਮਕੀਆਂ ਦਿੰਦੇ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਸਥਾਨਕ ਪੁਲਸ ਦੀ ਲੇਟ ਲਤੀਫੀ ਅਤੇ ਪੀੜਤਾਂ ਪ੍ਰਤੀ ਮਾੜੀ ਸ਼ਬਦਾਵਲੀ ਕਰਕੇ ਆਮ ਜਨਤਾ ਨੂੰ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਹਿਯੋਗ ਨਾਲ ਦੋ ਵਾਰ ਧਰਨਾ ਦੇਣਾ ਪਿਆ। ਦੇਰ ਰਾਤ ਤੱਕ ਲੱਗੇ ਧਰਨੇ ਦੌਰਾਨ ਜਿਥੇ ਲੋਕਾਂ ਦੇ ਸਵਾਲਾਂ ਸਾਹਮਣੇ ਥਾਣਾ ਮੁਖੀ ਨਿਰਉੱਤਰ ਦਿਖਾਈ ਦਿੱਤੇ ਉਥੇ ਹੀ ਡੀ ਐਸ ਪੀ ਪੱਟੀ ਜਸਪਾਲ ਸਿੰਘ ਢਿੱਲੋਂ ਦੇ ਭਰੋਸੇ ਤੋਂ ਬਾਅਦ ਧਰਨਾ ਤਾਂ ਸਮਾਪਤ ਹੋਇਆ ਪਰ ਕਾਨੂੰਨੀ ਕਾਰਵਾਈ ਲਈ ਬਿਆਨ ਕਲਮਬੰਦ ਕਰਨੇ ਪੁਲਿਸ ਨੇ ਜਰੂਰੀ ਨਹੀਂ ਸਮਝੇ। ਹਾਲਾਂਕਿ ਕਾਨੂੰਨੀ ਕਾਰਵਾਈ ਤੋਂ ਟਾਲਾ ਵੱਟਣ ਲਈ ਥਾਣਾ ਮੁਖੀ ਕੇਵਲ ਸਿੰਘ ਸੀਨੀਅਰ ਆਪ ਆਗੂ ਮੋਹਰ ਸਿੰਘ ਨਾਲ ਵੀ ਖਹਿਬੜਦੇ ਰਹੇ। ਅੱਜ ਤੜਕਸਾਰ ਤੋਂ ਦੁਕਾਨਦਾਰਾਂ ਨੇ ਪੁਲਸ ਖਿਲਾਫ ਪ੍ਰਦਰਸ਼ਨ ਕਰਦਿਆਂ ਦੁਕਾਨਾਂ ਦੇ ਤਾਲੇ ਨਹੀ ਖੋਲ੍ਹੇ ਫਿਰ ਮੋਹਤਬਰ ਜਮਾਤ ਪ੍ਰਤੀ ਥਾਣਾ ਮੁਖੀ ਦੇ ਮਾੜੇ ਵਤੀਰੇ ਨੂੰ ਲੈ ਕੇ ਸ਼ਹਿਰ ਵਾਸੀਆਂ ਨੇ ਮੁੜ ਧਰਨਾ ਦਿੱਤਾ ਜਿਸ ਨੂੰ ਸਮਾਪਤ ਕਰਾਉਣ ਲਈ ਥਾਣਾ ਮੁਖੀ ਨੂੰ ਮੁਆਫੀ ਮੰਗਣੀ ਪਈ।

ਇਸ ਤੋਂ ਬਾਅਦ ਪੁਲਸ ਨੇ ਬੇਸ਼ੱਕ ਗੁਲਸ਼ਨ ਮਲਹੋਤਰਾ ਦੇ ਬਿਆਨਾਂ ਤੇ ਰਿੰਕੂ, ਸ਼ੇਰਾ ਅਤੇ ਰਾਜਾ ਦੇ ਨਾਲ ਪੰਜ ਅਣਪਛਾਤਿਆਂ ਖਿਲਾਫ ਇਰਾਦਾ ਏ ਕਤਲ ਦਾ ਮਾਮਲਾ ਦਰਜ ਕਰ ਦਿੱਤਾ ਪਰ ਮੁਲਜ਼ਮ ਪੁਲਸ ਹਿਰਾਸਤ ਵਿੱਚ ਕਦੋਂ ਹੋਣਗੇ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਮੌਕੇ ਸਵਰਨ ਸਿੰਘ ਖਹਿਰਾ, ਸਤਨਾਮ ਸਿੰਘ ਹਰੀਕੇ, ਨਿਰਪਾਲ ਸਿੰਘ ਜੌਣੇਕੇ, ਜਗਜੀਤ ਸਿੰਘ ਜੋਨੀ, ਸੁਰਿੰਦਰ ਮਲਹੋਤਰਾ, ਜੋਗਿੰਦਰਪਾਲ ਵੇਦੀ, ਆਪ ਆਗੂ ਪ੍ਰਗਟ ਸਿੰਘ, ਵਕੀਲ ਚੰਦ, ਹਨੀ ਭਾਟੀਆ ਅਮਰਜੀਤ ਸਿੰਘ, ਰੋਹਿਤ ਵੇਦੀ, ਅੰਗਰੇਜ ਸਿੰਘ ਗਿੱਲ, ਸੁਖਦੇਵ ਰਾਜ ਚੌਧਰੀ, ਸੁਖਦੇਵ ਸਿੰਘ, ਸਾਹਿਬ ਸਿੰਘ ਸੰਧੂ ਆਦਿ ਹਾਜ਼ਰ ਸਨ।

## 40ਵਾਂ ਸਲਾਨਾ ਸਮਾਗਮ 2 ਤੱਕ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਬੰਦੀ ਛੋੜ ਦਿਵਸ ਅਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦਾ 40ਵਾਂ ਸਾਲਾਨਾ ਸਮਾਗਮ ਸਬੰਧੀ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਦੀ ਰਹਿਨੁਮਾਈ ਹੇਠ ਸਮੁੱਚੇ ਮੈਂਬਰਾਂ ਨਾਲ ਮੀਟਿੰਗ ਹੋਈ ਜਿਸ ਵਿਚ ਵੱਖ ਵੱਖ ਸ਼ਹਿਰਾਂ ਤੋਂ ਆਏ ਤਕਰੀਬਨ 200 ਸੇਵਾਦਾਰ ਅਤੇ ਮੈਂਬਰਾਂ ਦੀਆਂ ਸਮਾਗਮ ਪ੍ਰਤੀ ਸੇਵਾਵਾਂ ਲਗਾਈਆਂ ਗਈਆਂ ਤਾਂ ਕਿ ਆਉਣ ਵਾਲੀਆਂ ਸੰਗਤਾਂ ਦੀਆਂ ਵੱਧ ਤੋਂ ਵੱਧ ਸੇਵਾਵਾਂ ਹੋ ਸਕਣ। ਇਸ ਮੌਕੇ ਭਾਈ ਸਾਹਿਬ ਨੇ 40ਵੇਂ ਸਾਲਾਨਾ ਸਮਾਗਮ ਨੂੰ ਸਮਰਪਤ 29 ਸਤੰਬਰ ਤੋਂ 2 ਅਕਤੂਬਰ ਤੱਕ ਹੋਣ ਵਾਲੇ ਸਮਾਗਮਾਂ ਪ੍ਰਤੀ ਸਮਾਗਮਾਂ ਦਾ ਵੇਰਵਾ ਦੱਸਦੇ ਹੋਏ ਕਿਹਾ ਕਿ 29 ਅਤੇ 30 ਸਤੰਬਰ ਗੁਰਦੁਆਰਾ ਸਤਿਸੰਗ ਸਭਾ ਅਸਥਾਨ ਬਾਬਾ ਦੀਪ ਸਿੰਘ ਜੀ ਬਜ਼ਾਰ ਲੁਹਾਰਾ ਵਿਖੇ ਦੋਵੇਂ ਦਿਨ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਚੌਪਹਿਰਾ ਜਪ ਤਪ ਸਮਾਗਮ ਹੋਣਗੇ, 1 ਅਕਤੂਬਰ ਨੂੰ ਭਲਾਈ ਕੇਂਦਰ ਵਿਖੇ ਸਵੇਰੇ 9 ਵਜੇ ਅੰਮ੍ਰਿਤ ਸੰਚਾਰ ਹੋਵੇਗਾ, ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਚੌਪਹਿਰਾ ਜਪ ਤਪ ਸਮਾਗਮ ਹੋਣਗੇ ਅਤੇ ਰਾਤ 9 ਵਜੇ ਤੋਂ ਅੰਮ੍ਰਿਤ ਵੇਲੇ 3 ਵਜੇ ਤੱਕ ਰੈਣ ਸਬਾਈ ਕੀਰਤਨ ਦਰਬਾਰ ਹੋਵੇਗਾ। ਮੁੱਖ ਸਮਾਗਮ 2 ਅਕਤੂਬਰ ਨੂੰ ਭਲਾਈ ਕੇਂਦਰ ਵਿਖੇ ਹੋਵੇਗਾ ਜਿਸ ਵਿੱਚ ਸਵੇਰੇ 8 ਵਜੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਬੀਬੀ ਕੌਲਾਂ ਜੀ ਭਾਈ ਗੁਰਦੀਪ ਸਿੰਘ ਸਲੂਜਾ ਵਲੋਂ ਸੰਗਤ ਰੂਪੀ ਪਾਠ ਸ੍ਰੀ ਸੁਖਮਨੀ ਸਾਹਿਬ ਤੋਂ ਸਮਾਗਮ ਦੀ ਆਰੰਭਤਾ ਹੋਵੇਗੀ ਉਪਰੰਤ ਬੱਚਿਆਂ ਨੂੰ ਦਸਤਾਰਾਂ ਸਜਾਈਆਂ ਜਾਣਗੀਆਂ, ਕਵੀ ਦਰਬਾਰ, ਢਾਡੀ ਦਰਬਾਰ, ਕੀਰਤਨ ਦਰਬਾਰ ਹੋਵੇਗਾ। ਇਨ੍ਹਾਂ ਸਾਰੇ ਸਮਾਗਮਾਂ ਵਿੱਚ ਜਿਥੇ ਭਾਈ ਗੁਰਇਕਬਾਲ ਸਿੰਘ ਜੀ ਕਥਾ ਕੀਰਤਨ ਦੀਆਂ ਹਾਜ਼ਰੀਆਂ ਭਰਨਗੇ ਉਥੇ ਵਿਸ਼ੇਸ਼ ਤੌਰ 'ਤੇ ਸੰਤ ਮਹਾਂਪੁਰਸ਼, ਸਿੰਘ ਸਾਹਿਬਾਨ ਅਤੇ ਪਤਵੰਤੇ ਸੱਜਣ ਹਾਜ਼ਰੀਆਂ ਭਰਨਗੇ। ਗੁਰੂ ਕੇ ਲੰਗਰ ਅਟੁੱਟ ਵਰਤਾਏ ਜਾਣਗੇ ।

## ਠੀਕਰੀਵਾਲ ਤੋਂ ਆਈ ਸੰਗਤ ਦਾ ਭਰਵਾਂ ਸਵਾਗਤ



ਬੁਤਾਲਾ ( ਨਿਰਮਲ ਸਿੰਘ ਸੰਘਾ )-ਪਿੰਡ ਬੁਤਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਬਾਬਾ ਪੱਲ੍ਹਾ ਜੀ ਵਿਖੇ ਪਿੰਡ ਠੀਕਰੀਵਾਲ ਤੋਂ ਆਈ ਸੰਗਤ ਦਾ ਸਮੂਹ ਸਾਧ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸੰਗਤਾਂ ਨੂੰ ਲੰਗਰ ਪਰਸ਼ਾਦਾ ਅਤੇ ਚਾਹ ਪਕੌੜੇ ਚਲਾਏ ਗਏ। ਇਹ ਸੰਗਤ ਬਿਰਧ ਹੋ ਚੁੱਕੇ ਪੋਥੀਆਂ ਅਤੇ ਗੁਟਕਾ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਲੈ ਕੇ ਜਾਂਦੀ ਹੈ। ਸਵਾਗਤ ਕਰਨ ਮੌਕੇ ਮਾਸਟਰ ਸਵਿੰਦਰ ਸਿੰਘ (ਸਰਪੰਚ), ਪ੍ਰਧਾਨ ਰਣਜੀਤ ਸਿੰਘ, ਸੂਬੇਦਾਰ ਨਿਰਵੈਰ ਸਿੰਘ, ਬਲਜੀਤ ਸਿੰਘ, ਮੁੱਖ ਸੇਵਾਦਾਰ ਬਾਬਾ ਚਰਨਜੀਤ ਸਿੰਘ, ਬੀਬੀ ਕਸ਼ਮੀਰ ਕੌਰ, ਦਵਿੰਦਰ ਸਿੰਘ, ਜੋਗਿੰਦਰ ਸਿੰਘ, ਸਰਦੂਲ ਸਿੰਘ, ਦਿਲਬਾਗ ਸਿੰਘ, ਹੈਡ ਗ੍ਰੰਥੀ ਭਾਈ ਬਲਜੀਤ ਸਿੰਘ, ਭਾਈ ਜਸਪ੍ਰੀਤ ਸਿੰਘ, ਬਾਬਾ ਗੁਰਨਾਮ ਸਿੰਘ, ਮੰਗਲ ਸਿੰਘ, ਤਰਸੇਮ ਸਿੰਘ ਚੱਕੀ ਵਾਲੇ, ਰਣਜੀਤ ਸਿੰਘ ਸੰਘਾ, ਸ਼ਰਨਜੀਤ ਸਿੰਘ ਸੰਘਾ ਅਤੇ ਪਰਮੇਹੁਰ ਕੌਰ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਅਰਜਨ ਦੇਵ ਸੈਕੰਡਰੀ ਸਕੂਲ (ਲੜਕੀਆਂ) ਦੀਆਂ ਖਿਡਾਰਨਾਂ ਨੇ ਖੇਡਾਂ 'ਚ ਮਾਰੀ ਬਾਜ਼ੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਅੱਜ ਇਨਡੋਰ ਸਟੇਡੀਅਮ ਨਹਿਰੂ ਯੁਵਾ ਕੇਂਦਰ ਤਰਨ ਤਾਰਨ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਲੜਕੀਆਂ ਦੇ ਅੰਡਰ-14, ਅੰਡਰ-17 ਅਤੇ ਅੰਡਰ-19 ਜੂੱਡੋ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਤਰਨ ਤਾਰਨ ਜ਼ਿਲ੍ਹੇ ਦੀਆਂ ਵੱਖ-ਵੱਖ ਟੀਮਾਂ ਨੇ ਹਿੱਸਾ ਲਿਆ।

ਇਸ ਮੌਕੇ ਸਕੂਲ ਪ੍ਰਿੰਸੀਪਲ ਰਵਿੰਦਰ ਕੌਰ ਆਹਲੂਵਾਲੀਆ ਸਟੇਟ ਐਵਾਰਡੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਨੇ ਸਭ ਤੋਂ ਵੱਧ ਮੈਡਲ ਜਿੱਤ ਕੇ ਓਵਰਆਲ ਟਰਾਫੀ ਹਾਸਲ ਕੀਤੀ।

ਸਕੂਲ ਨੇ 11 ਗੋਲਡ, 6 ਸਿਲਵਰ ਅਤੇ 7 ਕਾਂਸੇ ਦੇ ਤਮਗੇ ਜਿੱਤੇ। ਸਕੂਲ ਦੇ ਸਬ-ਸੈਂਟਰ ਮਾਣੋਚਾਹਲ ਦੀਆਂ ਖਿਡਾਰਨਾਂ ਨੇ 2 ਗੋਲਡ, 5 ਚਾਂਦੀ ਅਤੇ 4 ਤਮਗੇ ਕਾਂਸੇ ਦੇ ਜਿੱਤੇ। ਇਸ ਮੌਕੇ ਰਵਿੰਦਰ ਕੌਰ ਆਹਲੂਵਾਲੀਆ ਸਟੇਟ ਐਵਾਰਡੀ ਨੇ ਆਤਮ ਰੱਖਿਆ ਲਈ ਸਕੂਲੀ ਵਿਦਿਆਰਥਣਾਂ ਦੇ ਜੂੱਡੋ ਕਰਾਟੇ ਸਿੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਸਕੂਲ ਦੇ ਲੈਕਚਰਾਰ ਤਜਿੰਦਰ ਸਿੰਘ, ਸੁਖਜੀਤ ਕੌਰ, ਹਾਕੀ ਕੋਚ ਨਵਜੀਤ ਕੌਰ, ਅਤੇ ਸਕੂਲ ਦੇ ਹੋਰ ਸਟਾਫ ਮੈਂਬਰ ਸਾਮਲ ਹੋਏ। ਮੁੱਖ ਮਹਿਮਾਨ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਮੈਡਲ ਜਿੱਤਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਤੇ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ। ਅੰਤ ਵਿੱਚ ਪ੍ਰਿੰਸੀਪਲ ਰਵਿੰਦਰ ਕੌਰ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤਾਸ ਇਸ ਮੌਕੇ ਸਮੂਹ ਸਟਾਫ ਮੈਂਬਰ ਸਾਹਿਬਾਨ ਮੌਜੂਦ ਸਨ।

## ਕਾਮਰੇਡ ਬਲਦੇਵ ਸਿੰਘ ਮਾਨ ਦੀ 37ਵੀਂ ਸਲਾਨਾ ਬਰਸੀ ਮਨਾਈ




ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਸੀ.ਪੀ.ਆਈ.ਐਮ. ਲਿਬਰੇਸ਼ਨ ਜ਼ਿਲ੍ਹਾ ਕਮੇਟੀ ਅੰਮ੍ਰਿਤਸਰ ਅਤੇ ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਅੰਮ੍ਰਿਤਸਰ ਵੱਲੋਂ ਸਾਂਝੇ ਤੌਰ 'ਤੇ ਖੱਬੇ ਪੱਖੀ ਲਹਿਰ ਦੇ ਅਨਮੋਲ ਹੀਰੇ ਕਾਮਰੇਡ ਬਲਦੇਵ ਸਿੰਘ ਮਾਨ ਦੀ 37ਵੀਂ ਸਲਾਨਾ ਬਰਸੀ ਮੌਕੇ ਇਨਕਲਾਬੀ ਸ਼ਰਧਾਂਜਲੀਆਂ ਭੇਟ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਨਰਿੰਦਰ ਲਾਡੀ ਤੇੜਾ ਨੇ ਦੱਸਿਆ ਕਿ ਸਰਕਾਰੀ ਅਤੇ ਗੈਰ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਕਰਦੇ ਆ ਰਹੇ ਖੱਬੇ ਪੱਖੀ ਆਗੂ ਕਾਮਰੇਡ ਬਲਦੇਵ ਸਿੰਘ ਮਾਨ ਨੂੰ 25 ਸਤੰਬਰ 1986 ਨੂੰ ਅੱਡਾ ਕੁੱਕੜਾਂਵਾਲਾ (ਅਜਨਾਲਾ) ਨੇੜੇ ਕਥਿਤ ਦਹਿਸ਼ਤਗਰਦਾਂ ਵੱਲੋਂ ਸ਼ਹੀਦ ਕੀਤਾ ਗਿਆ ਸੀ । ਉਨ੍ਹਾਂ ਨੇ ਇਸ ਮੌਕੇ ਬਲਦੇਵ ਸਿੰਘ ਮਾਨ ਦੀ ਹੋਣਹਾਰ ਸਪੁੱਤਰੀ ਫਿਲਮੀ ਅਦਾਕਾਰਾ ਅਤੇ ਸਮਾਜ ਸੇਵੀ ਕਿਸਾਨ ਆਗੂ ਸੋਨੀਆ ਮਾਨ ਦੀ ਵੀ ਬਹੁਤ ਪ੍ਰਸੰਸਾ ਕੀਤੀ ਜੋ ਕਿ ਆਪਣੇ ਪਿਤਾ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਪੰਜਾਬ ਦੀ ਸੇਵਾ ਕਰ ਰਹੇ ਹਨ।

ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ ਵਿਚ ਪਾਰਟੀ ਦੇ ਮਾਝਾ ਜ਼ੋਨ ਦੇ ਆਗੂ ਬਲਬੀਰ ਸਿੰਘ ਮੂਧਲ, ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਝਾਮਕਾ, ਮੰਗਲ ਸਿੰਘ ਧਰਮਕੋਟ, ਸ਼ਮਸ਼ੇਰ ਸਿੰਘ ਹੇਰ, ਨਿਰਮਲ ਸਿੰਘ ਛੱਜਲਵੱਡੀ, ਲਖਬੀਰ ਸਿੰਘ ਅਜਨਾਲਾ ਆਦਿ ਸ਼ਾਮਲ ਹਨ।

## ਪਬਲਿਕ ਸਕੂਲ 'ਚ ਗੁਰੂ ਰਾਮਦਾਸ ਜੀ ਦਾ ਗੁਰਤਾਗੱਦੀ ਦਿਵਸ ਧੂਮਧਾਮ ਨਾਲ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਗੁਰੂ ਰਾਮਦਾਸ ਜੀ ਦਾ ਗੁਰਤਾਗੱਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ, ਜਿਨ੍ਹਾ ਦਾ ਜਨਮ 1534 ਈ: ਨੂੰ ਪਿਤਾ ਹਰਿਦਾਸ ਤੇ ਮਾਤਾ ਅਨੂਪ ਦੇਵੀ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਛੋਟੀ ਉਮਰੇ ਹੀ ਯਤੀਮ ਹੋ ਜਾਣ ਕਾਰਨ ਉਹ ਆਪਣੀ ਨਾਨੀ ਜੀ ਕੋਲ ਬਾਸਰਕੇ ਪਿੰਡ ਆ ਗਏ। ਫਿਰ 12 ਸਾਲ ਦੀ ਉਮਰ ਵਿੱਚ ਉਹ ਆਪਣੀ ਨਾਨੀ ਜੀ ਨਾਲ ਗੋਇੰਦਵਾਲ ਸਾਹਿਬ ਚਲੇ ਗਏ ਤੇ ਤੀਸਰੇ ਗੁਰੂ ਅਮਰਦਾਸ ਜੀ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਉਥੇ ਰਹਿ ਕੇ ਉਨ੍ਹਾ ਨਿਰਸਵਾਰਥ ਭਾਵਨਾ ਨਾਲ ਸੰਗਤਾਂ ਦੀ ਸੇਵਾ ਕੀਤੀ। ਉਨ੍ਹਾ ਦੀ ਸੇਵਾ ਭਾਵਨਾ ਨੂੰ ਦੇਖ ਕੇ ਗੁਰੂ ਅਮਰਦਾਸ ਜੀ ਨੇ ਉਨ੍ਹਾ ਨੂੰ 1574 ਈ:ਨੂੰ ਗੱਦੀ ਦੇ ਵਾਰਸ ਬਣਾ ਦਿੱਤਾ। 27 ਸਤੰਬਰ ਨੂੰ ਜੇ.ਆਰ.ਐੱਸ ਡੀ ਏ ਵੀ ਪਬਲਿਕ ਸਕੂਲ, ਝਬਾਲ ਵਿਖੇ ਪਦਮ ਸ੍ਰੀ ਅਵਾਰਡ ਨਾਲ ਨਿਵਾਜੇ ਆਰਿਆ ਰਤਨ ਡਾਕਟਰ ਪੂਨਮ ਸੂਰੀ ਪ੍ਰਧਾਨ ਡੀ ਏ ਵੀ ਕਾਲਜ ਪ੍ਰਬੰਧਕ ਕਮੇਟੀ, ਆਰਿਆ ਪ੍ਰਦੇਸ਼ਕ ਪ੍ਰਤੀਨਿਧੀ ਸਭਾ ਨਵੀਂ ਦਿੱਲੀ ਅਤੇ ਆਰਿਆ ਪ੍ਰਦੇਸ਼ਕ ਉਪ-ਸਭਾ ਪੰਜਾਬ ਦੇ ਪ੍ਰਧਾਨ ਡਾਕਟਰ ਜੇ ਪੀ ਸੂਰ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ , ਪੰਜਾਬ ਜ਼ੋਨ-ਏ ਦੇ ਖੇਤਰੀ ਅਧਿਕਾਰੀ ਡਾਕਟਰ ਨੀਲਮ ਕਾਮਰਾ, ਸਕੂਲ ਦੇ ਮੈਨੇਜਰ ਨੀਰਾ ਸ਼ਰਮਾ ਅਤੇ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ 'ਚ ਗੁਰੂ ਰਾਮਦਾਸ ਜੀ ਦਾ ਗੁਰਤਾਗੱਦੀ ਦਿਵਸ ਬੜੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪਾਵਨ ਮੌਕੇ ਸੰਗੀਤ ਅਧਿਆਪਕਾ ਕੁਮਾਰੀ ਤਪੱਸਿਆ ਨੇ ਬੱਚਿਆਂ ਨਾਲ ਮਿਲ ਕੇ ਸ਼ਬਦ- ਗਾਇਨ ਕੀਤਾ। ਮੈਡਮ ਮਨਪ੍ਰੀਤ ਕੌਰ ਨੇ ਗੁਰੂ ਜੀ ਦੇ ਜੀਵਨ 'ਤੇ ਝਾਤ ਪਾਈ। ਮੈਡਮ ਰਮਨਪ੍ਰੀਤ ਕੌਰ ਨੇ ਸਟੇਜ ਦੀ ਸੇਵਾ ਨਿਭਾਈ।

## ਖਾਲਸਾ ਕਾਲਜ ਗੁਰਦਾਸਨੰਗਲ 'ਚ ਨਸ਼ਾ ਵਿਰੋਧੀ ਸੈਮੀਨਾਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਐੱਸ.ਐੱਸ.ਪੀ ਗੁਰਦਾਸਪੁਰ ਹਰੀਸ਼ ਦਾਯਮਾ ਦੇ ਦਿਸ਼ਾ ਨਿਰਦੇਸ਼ ਅਧੀਨ ਅਤੇ ਥਾਣਾ ਧਾਰੀਵਾਲ ਦੇ ਐੱਸ.ਐੱਚ.ਓ ਸਬ ਇਸਪੈਕਟਰ ਰਜਿੰਦਰ ਕੌਰ ਦੀ ਦੇਖ ਰੇਖ ਹੇਠ ਅੱਜ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਰੈੱਡ ਆਰਟ ਪੰਜਾਬ ਨਾਮਕ ਸੰਸਥਾ ਦੇ ਵਲੰਟੀਅਰਾਂ ਵੱਲੋਂ ਨਸ਼ਾ ਵਿਰੋਧੀ ਨੁੱਕੜ ਨਾਟਕ ਦੀ ਸ਼ਾਨਦਾਰ ਪੇਸਕਾਰੀ ਕੀਤੀ ਗਈ। ਨਾਟਕ ਰਾਹੀਂ ਨਸ਼ਾ ਕਰਨ ਵਾਲਿਆਂ ਦੀ ਹੁੰਦੀ ਦੁਰਦਸ਼ਾ ਅਤੇ ਨਸ਼ੇ ਦੀ ਆਦਤ ਤੇ ਉਸ ਦੇ ਭਿਆਨਕ ਸਿੱਟਿਆਂ ਦੀ ਤਸਵੀਰ ਵਿਦਿਆਰਥੀਆਂ ਸਾਹਮਣੇ ਪੇਸ਼ ਕੀਤੀ ਗਈ। ਇਸ ਮੌਕੇ ਉਚੇਚੇ ਤੌਰ ਤੇ ਕਾਲਜ ਪਹੁੰਚੇ ਥਾਣਾ ਧਾਰੀਵਾਲ ਦੇ ਐੱਸ.ਐੱਚ.ਓ ਸਬ ਇਸਪੈਕਟਰ ਰਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਨਸ਼ੇ ਰੂਪੀ ਕੋਹੜ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਐੱਸ.ਐੱਸ.ਪੀ ਗੁਰਦਾਸਪੁਰ ਅਤੇ ਐੱਸ.ਐੱਚ.ਓ ਧਾਰੀਵਾਲ ਅਤੇ ਸਮੂਹ ਸਟਾਫ ਦਾ ਨਸ਼ਾ ਵਿਰੋਧੀ ਮੁਹਿੰਮ ਵਿੱਢਣ 'ਤੇ ਵਿਸ਼ੇਸ਼ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ 'ਚ ਥਾਣਾ ਧਾਰੀਵਾਲ ਦੇ ਐੱਸ.ਐੱਚ.ਓ ਸਬ ਇੰਸਪੈਕਟਰ ਰਜਿੰਦਰ ਕੌਰ, ਏ.ਐੱਸ.ਆਈ ਰਮੇਸ਼ ਕੁਮਾਰ ਅਤੇ ਸੁਭਾਸ਼ ਚੰਦਰ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਪੋਸ਼ਣ ਅਭਿਆਨ ਤਹਿਤ ਪੋਸ਼ਣ ਮਾਹ ਸਮਾਗਮ



ਪੱਟੀ, (ਬਲਦੇਵ ਸਿੰਘ ਸੰਧੂ /ਸਮਸੇਰ ਸਿੰਘ ਯੋਧਾ) -ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਸਰਕਾਰ ਅਧੀਨ ਅੱਜ ਪੋਸ਼ਣ ਅਭਿਆਨ ਤਹਿਤ ਦਫਤਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਤਰਨ ਤਾਰਨ ਵੱਲੋਂ ਪਿੰਡ ਪੰਡੋਰੀ ਗੋਲਾ ਤਰਨ ਤਾਰਨ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਤੰਬਰ ਮਹੀਨੇ ਨੂੰ ਪੋਸ਼ਣ ਮਾਹ ਵਜੋਂ ਮਨਾਇਆ ਗਿਆ। ਇਸ ਸਮਾਗਮ ਵਿੱਚ ਡਿਪਟੀ ਕਮਿਸਨਰ ਤਰਨ ਤਾਰਨ ਸੰਦੀਪ ਕੁਮਾਰ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾ ਇਸ ਪ੍ਰੋਗਰਾਮ ਦੀ ਸ਼ੁਰੂਆਤ ਪੌਦਾ ਲਗਾ ਕੇ ਕੀਤੀ। ਇਸ ਦੌਰਾਨ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਕੁਪੋਸ਼ਣ ਪ੍ਰਤੀ ਜਾਗਰੂਕ ਕਰਦੇ ਹੋਏ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਵੱਲੋਂ ਗਰਭਵਤੀ ਔਰਤਾਂ ਨੂੰ ਗੋਦ ਭਰਾਈ ਰਸਮ ਨਾਲ ਸਨਮਾਨਤ ਕੀਤਾ ਗਿਆ ਅਤੇ 6 ਮਹੀਨੇ ਦੇ ਬੱਚਿਆਂ ਨੂੰ ਅੰਨ ਪ੍ਰਾਸਨ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਕੁਪੋਸ਼ਣ ਪ੍ਰਤੀ ਜਾਗਰੂਕ ਕਰਦੇ ਹੋਏ ਉਨ੍ਹਾਂ ਨੂੰ ਚੰਗੀ ਸਿਹਤ ਲਈ ਨਿਊਟ੍ਰੀਸ਼ਨ ਭਰਪੂਰ ਖਾਣਾ ਖਾਣ ਸਬੰਧੀ ਦੱਸਿਆ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਚਲਾਏ ਜਾਂਦੇ ਆਂਗਣਵਾੜੀ ਸੈਂਟਰਾਂ ਰਾਹੀਂ ਮਿਲਣ ਵਾਲੀਆਂ ਸਹੂਲਤਾਂ ਪ੍ਰਤੀ ਵੀ ਜਾਗਰੂਕ ਕੀਤਾ ਗਿਆ। ਇਸ ਸਮਾਗਮ ਵਿੱਚ ਸਿਹਤ ਵਿਭਾਗ ਤਰਨ ਤਾਰਨ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਚੰਗੀ ਸਿਹਤ ਅਤੇ ਸਹੀ ਪੋਸ਼ਣ ਬਾਰੇ ਜਾਗਰੂਕ ਕੀਤਾ। ਇਸ ਸਮਾਗਮ ਦੌਰਾਨ ਸਿਹਤ ਵਿਭਾਗ ਦੇ ਡੀ.ਆਈ.ਓ. ਵਰਿੰਦਰ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਮਜੀਤ ਕੌਰ, ਜ਼ਿਲ੍ਹਾ ਕੋਆਰਡੀਨੇਟਰ (ਪੋਸ਼ਣ ਅਭਿਆਨ) ਗੁਰਵੇਲ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਗੋਲਾ ਦੇ ਪ੍ਰਿੰਸੀਪਲ ਗੀਤਾਂਜਲੀ, ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫਸਰ ਜ਼ਿਲ੍ਹਾ ਤਰਨ ਤਾਰਨ ਅਤੇ ਸਮੂਹ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਤਰਨ ਤਾਰਨ ਦੇ ਕਰਮਚਾਰੀ ਹਾਜ਼ਰ ਸਨ।

## ਸੇਂਟ ਕਬੀਰ ਸਕੂਲ 'ਚ ਦੋ ਰੋਜ਼ਾ ਅਧਿਆਪਕ ਸੈਮੀਨਾਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਜ਼ਿਲ੍ਹਾ ਗੁਰਦਾਸਪੁਰ ਦੀ ਨਾਮਵਾਰ ਸੰਸਥਾ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਖੇ ਪ੍ਰਿੰਸੀਪਲ ਐਸ.ਬੀ.ਨਾਯਰ ਦੀ ਸਰਪ੍ਰਸਤੀ ਹੇਠ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਅਗਵਾਈ 'ਚ ਕਿਸ਼ੋਰ ਅਵਸਥਾ ਸਬੰਧੀ ਅਧਿਆਪਕਾਂ ਦਾ ਦੋ-ਰੋਜ਼ਾ ਸੈਮੀਨਾਰ ਲਗਾਇਆ। ਸੈਮੀਨਾਰ ਵਿੱਚ ਸੀ.ਬੀ.ਐਸ.ਈ.ਬੋਰਡ ਵੱਲੋਂ ਸੈਂਟਰ ਆਫ ਐਕਸੀਲੈਂਸ (ਸੀ.ਓ.ਈ) ਦੇ ਦੋ ਪ੍ਰਮੁੱਖ ਸਲਾਹਕਾਰ (ਸਰੋਤ ਅਧਿਕਾਰੀਆਂ) ਪ੍ਰਿੰਸੀਪਲ ਮੈਡਮ ਨੀਰਾ ਸ਼ਰਮਾ ਅਤੇ ਮੈਡਮ ਵਾਨੀ ਸ਼ਰਮਾ (ਪੁਲਸ ਡੀ.ਏ.ਵੀ.ਪਬਲਿਕ ਸਕੂਲ ਜਲੰਧਰ) ਨੇ ਅਧਿਆਪਕਾਂ ਦੀ ਸਮਰੱਥਾ ਨਿਰਮਾਣ ਪ੍ਰੋਗਰਾਮ ਅਧੀਨ ਵਿਦਿਆਰਥੀਆਂ ਨੂੰ ਕਿਸ਼ੋਰ ਅਵਸਥਾ ਦੌਰਾਨ ਆਮ ਤੋਂ ਲੈ ਕੇ ਗੰਭੀਰ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ।

ਸੈਮੀਨਾਰ ਦੇ ਪਹਿਲੇ ਦਿਨ ਪ੍ਰਿੰਸੀਪਲ ਮੈਡਮ ਵਾਨੀ ਸ਼ਰਮਾ ਨੇ ਕਿਸ਼ੋਰ ਅਵਸਥਾ ਦੌਰਾਨ ਵਿਦਿਆਰਥੀਆਂ ਦੇ ਬੌਧਿਕ, ਭਾਵਨਾਤਮਕ, ਸਰੀਰਕ ਤੇ ਪਰਵਾਰਕ ਮੁਸ਼ਕਲਾਂ ਬਾਰੇ ਜਾਣਕਾਰੀ ਦਿੱਤੀ ਤੇ ਅਧਿਆਪਕਾਂ ਨੂੰ ਵਿਦਿਆਰਥੀਆਂ ਦੀਆਂ ਪ੍ਰੇਸ਼ਾਨੀਆਂ ਅਤੇ ਸੁਭਾਅ ਵਿੱਚ ਤਬਦੀਲੀ ਦੇ ਕਾਰਨਾਂ ਨੂੰ ਸਮਝਦੇ ਹੋਏ ਉਸ ਨੂੰ ਹੱਲ ਕਰਨ ਬਾਰੇ ਦੱਸਿਆ। ਸੈਮੀਨਾਰ ਦੇ ਦੂਜੇ ਦਿਨ ਪ੍ਰਿੰਸੀਪਲ ਨੀਰਾ ਸ਼ਰਮਾ ਨੇ ਅਧਿਆਪਕਾਂ ਦੀਆਂ ਵੱਖ ਵੱਖ ਵਿਸ਼ਿਆਂ ਜਿਵੇਂ ਡਿਸਲੈਕਸੀਆ, ਵਿਦਿਆਰਥੀਆਂ ਵਿੱਚ ਨਸ਼ੇ ਦਾ ਵਾਧਾ ਤੇ ਪੜ੍ਹਾਈ ਤੋਂ ਲਗਾਤਾਰ ਦੂਰ ਹੋਣਾ, ਵਿਦਿਆਰਥੀਆਂ ਦੀਆਂ ਸਰੀਰਕ ਕਮਜ਼ੋਰੀਆਂ ਅਤੇ ਅਧਿਆਪਨ ਦੀਆਂ ਮਨੋਰੰਜਨ ਵਿਧੀਆਂ ਬਾਰੇ ਅੱਠ ਗਰੁੱਪ ਨਾਟਕ ਅਤੇ ਕਾਰਜਵਿਧੀਆਂ ਕਰਵਾਈਆਂ। ਸੈਮੀਨਾਰ ਦੇ ਅੰਤਿਮ ਪੜਾਅ 'ਤੇ ਪ੍ਰਿੰਸੀਪਲ ਐਸ ਬੀ ਨਾਯਰ, ਮੈਨੇਜਮੈਂਟ ਮੈਂਬਰਾਂ ਨਵਦੀਪ ਕੌਰ ਅਤੇ ਕੁਲਦੀਪ ਕੌਰ ਵਲੋਂ ਆਏ ਹੋਏ ਰਿਸੋਰਸ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕੋਆਰਡੀਨੇਟਰ ਅਮਨਦੀਪ ਕੌਰ, ਤੇਨ ਸਿੰਘ, ਵਿਸ਼ਾਲ ਸ਼ਰਮਾ ਸਮੇਤ ਸਕੂਲ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਵਿਧਾਇਕ ਵੱਲੋਂ ਪੁਲਸ ਨੂੰ ਕਾਨੂੰਨ ਅਨੁਸਾਰ ਕੰਮ ਨਾ ਕਰਨ ਦੇਣ ਦੀ ਨਿੰਦਾ



ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)- ਸੋਸ਼ਲ ਮੀਡੀਆ 'ਤੇ ਆਪ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਤੇ ਜ਼ਿਲ੍ਹਾ ਪੁਲਸ ਮੁਖੀ ਦਰਮਿਆਨ ਛਿੜੀ ਜੰਗ ਨੇ ਸਿਆਸੀ ਗਲਿਆਰਿਆਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨਾਂ ਤੋਂ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਨੇ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਬਿਨਾਂ ਵਜ੍ਹਾ ਵਿਵਾਦ ਛੇੜਿਆ ਹੋਇਆ ਹੈ । ਉਨ੍ਹਾਂ ਕਿਹਾ ਕਿ ਚੋਰੀ ਮਾਈਨਿੰਗ ਕਰਨ ਵਾਲੇ ਕਿਸੇ ਵੀ ਆਦਮੀ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ ਭਾਵੇਂ ਵਿਅਕਤੀ ਸੱਤਾ ਧਿਰ ਦਾ ਖਾਸ ਰਿਸ਼ਤੇਦਾਰ ਹੀ ਹੋਵੇ । ਉਨ੍ਹਾਂ ਕਿਹਾ ਕਿ ਜਿਥੋਂ ਤੱਕ ਰਿਸ਼ਵਤ ਦਾ ਮਾਮਲਾ ਹੈ ਪਹਿਲੀਆਂ ਸਰਕਾਰਾਂ ਦੇ ਟਾਇਮ 'ਤੇ ਵੀ ਚਲਦੀ ਸੀ । ਆਪ ਦੀ ਸਰਕਾਰ ਦੇ ਰਾਜਕਾਲ ਦੌਰਾਨ ਜੰਗੀ ਪੱਧਰ 'ਤੇ ਹਰ ਮਹਿਕਮੇ 'ਚ ਚੱਲ ਰਹੀ ਹੈ । ਉਨ੍ਹਾਂ ਕਿਹਾ ਕਿ ਜਿੰਨਾ ਚਿਰ ਅਫਸਰਸ਼ਾਹੀ ਨੂੰ ਵੰਗਾਰਾਂ ਪੈਂਦੀਆਂ ਰਹਿਣਗੀਆਂ ਓਨਾ ਚਿਰ ਰਿਸ਼ਵਤਖੋਰੀ ਜੰਗੀ ਪੱਧਰ 'ਤੇ ਚਲਦੀ ਰਹੇਗੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਦੇ ਇਮਾਨਦਾਰ ਅਫਸਰਾਂ ਨੂੰ ਜਿਹੜੇ ਲੋਕ ਸੀਨਾਜ਼ੋਰੀ ਨਾਲ ਕੰਮ ਕਰਾਉਣ ਲਈ ਦਬਾ ਪਾਉਣਗੇ ਇਮਾਨਦਾਰ ਅਫਸਰ ਕਦੇ ਵੀ ਬਰਦਾਸ਼ਤ ਕਰਨਗੇ । ਉਨ੍ਹਾਂ ਕਿਹਾ ਕਿ ਬਿਜਲੀ ਬੋਰਡ ਡਵੀਜ਼ਨ ਤਰਨ ਤਾਰਨ ਦੇ ਐਸ ਸੀ 'ਤੇ ਧੱਕੇ ਨਾਲ ਕੰਮ ਕਰਾਉਣ ਲਈ ਦਬਾਅ ਪਾਇਆ ਗਿਆ। ਹੁਣ ਐਸ ਐਸ ਪੀ ਤਰਨ ਤਾਰਨ 'ਤੇ ਧੱਕੇ ਨਾਲ ਪਰਚਾ ਖਾਰਜ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਹੈ। ਕਈ ਤਰ੍ਹਾਂ ਦੇ ਇਲਜ਼ਾਮ ਵੀ ਲਾਏ ਜਾ ਰਹੇ ਹਨ । ਇਮਾਨਦਾਰ ਅਫਸਰ ਹਰ ਵਧੀਕੀ ਦਾ ਮੂੰਹ ਤੋੜ ਜਵਾਬ ਦੇਣਗੇ।

## ਆਲ ਇੰਡੀਆ ਆਸ਼ਾ ਵਰਕਰਾਂ ਦੀ ਮੀਟਿੰਗ ਹੋਈ



ਪੱਟੀ, (ਬਲਦੇਵ ਸਿੰਘ ਸੰਧੂ /ਸਮਸੇਰ ਸਿੰਘ ਯੋਧਾ) - ਆਲ ਇੰਡੀਆ ਆਸ਼ਾ ਵਰਕਰਾਂ ਦੀ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਦੱਸਿਆ ਕਿ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਆਲ ਇੰਡੀਆ ਆਸ਼ਾ ਵਰਕਰ ਤੇ ਆਸ਼ਾ ਫੈਸੀਲੀਟੇਟਰਜ਼ ਯੂਨੀਅਨ ਪੰਜਾਬ ਗਰੁੱਪ ਏਟਕ ਮੁੱਖ ਦਫਤਰ ਪ.ਸ.ਸ.ਫ.1680/22-ਬੀ ਚੰਡੀਗੜ੍ਹ ਦੀ ਇੱਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਅਮਰਜੀਤ ਕੌਰ ਔਾਰਣ ਸਿੰਘ ਵਾਲਾ ਪੰਜਾਬ ਜਰਨਲ ਸਕੱਤਰ ਬਲਵੀਰ ਕੌਰ ਗਿੱਲ ਲੁਧਿਆਣਾ ਦੀ ਅਗਵਾਈ ਵਿੱਚ ਹੋਈ । ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਮੁੱਖ ਦਫਤਰ ਪ.ਸ.ਸ.ਫ.1680/22-ਬੀ ਚੰਡੀਗੜ੍ਹ ਦੇ ਪੰਜਾਬ ਪ੍ਰਧਾਨ ਰਣਜੀਤ ਸਿੰਘ ਰਾਣਵਾ ਸੰਗਰੂਰ ਅਤੇ ਗੁਰਜੰਟ ਸਿੰਘ ਕੋਕਰੀ, ਪੋਹਲਾ ਸਿੰਘ ਬਰਾੜ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਮਰਜੀਤ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆ ਪੂਰੇ 15 ਮਹੀਨੇ ਹੋ ਗਏ ਹਨ। ਪ੍ਰੰਤੂ ਵੋਟਾਂ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਪਵਿੱਤਰ ਧਰਤੀ 'ਤੇ ਆਪ ਸਰਕਾਰ ਦੇ ਅਰਵਿੰਦ ਕੇਜਰੀਵਾਲ ਵੱਲੋਂ ਵਾਅਦਾ ਕੀਤਾ ਗਿਆ ਸੀਂ ਕ ਸਾਡੀ ਸਰਕਾਰ ਆਉਂਦੀਆਂ ਹੀ ਆਪ ਦਾ ਫਿਕਸ ਭੱਤਾ 2500 ਤੋਂ ਵਧਾ ਕੇ 10 ਹਜ਼ਾਰ ਰੁਪਏ ਦਿੱਤਾ ਜਾਵੇਗਾ। ਮੰਨੀਆਂ ਮੰਗਾਂ ਜੀਵਨ ਬੀਮਾ, ਸਮਾਰਟ ਫੋਨ, 6 ਮਹੀਨੇ ਦੀ ਪ੍ਰਸੂਤੀ ਛੁੱਟੀ ਦਾ ਨੋਟੀਫਿਕੇਸ਼ਨ ਜਾਰੀ ਕਰਨ ਦਾ ਡਿਮਾਂਡ ਪੱਤਰ ਸੌਂਪਿਆ ਸੀ।

ਅੱਜ ਤੱਕ ਮੰਗਾਂ ਦਾ ਮੁੱਖ ਮੰਤਰੀ ਮਾਨ ਨੇ ਜ਼ਿਕਰ ਤੱਕ ਨਹੀਂ ਕੀਤਾ। ਆਏ ਦਿਨ ਆਸ਼ਾ ਵਰਕਰਾਂ ਤੋ ਆਨਲਾਈਨ ਕੰਮ ਕਰਨ ਦੀਆਂ ਨਵੀਆਂ ਪਾਲਿਸੀਆਂ ਦੀਆਂ ਗਾਈਡ ਲਾਈਨ ਦਿੱਤੀਆਂ ਜਾਂਦੀਆਂ ਸਨ। ਜਿੰਨੀ ਦੇਰ ਆਸ਼ਾ ਵਰਕਰਾਂ ਨੂੰ ਰੈਗੂਲਰ ਨਹੀ ਕੀਤਾ ਜਾਦਾ ਓਨੀ ਦੇਰ ਆਨਲਾਈਨ ਕੰਮ ਨਹੀਂ ਕਰਨਗੀਆਂ। ਬਲਵੀਰ ਕੌਰ ਗਿੱਲ ਲੁਧਿਆਣਾ ਨੇ ਦੱਸਿਆ ਕਿ ਆਉਣ ਵਾਲੇ ਨਵੰਬਰ ਮਹੀਨੇ 'ਚ ਸਟੇਟ ਕਮੇਟੀ ਵੱਲੋਂ ਪੰਜਾਬ ਪੱਧਰ ਦਾ ਧਰਨਾ ਮੁੱਖ ਮੰਤਰੀ ਪੰਜਾਬ ਦੇ ਹਲਕੇ 'ਚ ਕੀਤਾ ਜਾਵੇਗਾ ਜਿਸ ਵਿੱਚ ਪੰਜਾਬ ਭਰ ਦੀਆ ਆਸ਼ਾ ਅਤੇ ਆਸਾ ਫੈਸੀਲੀਟੇਟਰਜ਼ ਹਜ਼ਾਰਾਂ ਦੀ ਗਿਣਤੀ ਵਿਚ ਹਿੱਸਾ ਲੈਣਗੀਆਂ । ਨਾਲ ਹੀ 21, 22 ਅਕਤੂਬਰ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਣ ਜਾ ਰਹੀ ਆਲ ਇੰਡੀਆ ਇੰਪਲਾਈਜ਼ ਕੌਮੀ ਕਾਨਫਰੰਸ 'ਚ ਆਸ਼ਾ ਪੂਰਨ ਸਹਿਯੋਗ ਕਰਨਗੀਆਂ। ਮੀਟਿੰਗ 'ਚ ਪੰਜਾਬ ਵਿੱਤ ਸਕੱਤਰ ਸੀਮਾ ਸੋਹਲ ਸ੍ਰੀ ਤਰਨਤਾਰਨ ਸਾਹਿਬ, ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਸੂਬਾਈ ਆਗੂ ਸਵਰਨਜੀਤ ਕੌਰ (ਹਰਾਜ) ਮੁਕਤਸਰ ਸਾਹਿਬ, ਜ਼ਿਲ੍ਹਾ ਚੇਅਰਮੈਨ ਸੁਖਜੀਤ ਕੌਰ ਸਰਾਏਨਾਗਾ, ਪ੍ਰਧਾਨ ਸੁਖਵਿੰਦਰ ਕੌਰ ਸੁੱਖੀ ਮਾਨਸਾ, ਜ਼ਿਲ੍ਹਾ ਪ੍ਰਧਾਨ ਸੰਦੀਪ ਕੌਰ (ਤਪਾ) ਬਰਨਾਲਾ, ਜ਼ਿਲ੍ਹਾ ਚੇਅਰਮੈਨ ਸਿੰਬਲਜੀਤ ਕੌਰ ਫਰੀਦਕੋਟ, ਬਿੰਦਰ ਕੌਰ ਆਦਿ ਸ਼ਾਮਲ ਹੋਏ।

## ਸਰਕਾਰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਦ੍ਰਿੜ੍ਹ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਿਆ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈ:ਟੀ:ਓ ਕੈਬਨਿਟ ਮੰਤਰੀ ਪੰਜਾਬ ਨੇ ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਕੱਢੀ ਜਾ ਰਹੀ ਬੱਸ ਰੈਲੀ ਦਾ ਜੰਡਿਆਲਾ ਗੁਰੂ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਕਰਦੇ ਸਮੇਂ ਕੀਤਾ ਅਤੇ ਬੱਸ ਨੂੰ ਜੰਡਿਆਲਾ ਗੁਰੂ ਤੋਂ ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਖਡੂਰ ਸਾਹਿਬ ਤਰਨ ਤਾਰਨ ਵਿਖੇ ਝੰਡੀ ਦੇ ਕੇ ਰਵਾਨਾ ਕੀਤਾ। ਈ:ਟੀ:ਓ ਨੇ ਕਿਹਾ ਕਿ ਪੰਜਾਬ 'ਚ ਕੱਢੀ ਜਾ ਰਹੀ 5 ਰੋਜ਼ਾ ਭਾਸ਼ਾ ਜਾਗਰੂਕਤਾ ਰੈਲੀ ਆਪਣੇ ਆਪ 'ਚ ਇਕ ਇਤਿਹਾਸਕ ਕਾਰਜ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਕੱਢੀ ਜਾ ਰਹੀ ਇਸ ਰੈਲੀ ਦਾ ਮਨੋਰਥ ਪੰਜਾਬ ਵਾਸੀਆਂ ਨੂੰ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ ਅਤੇ ਇਸ ਨੂੰ ਰੁਜ਼ਗਾਰ ਦੀ ਭਾਸ਼ਾ ਬਣਾ ਕੇ ਆਪਣੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣਾ ਹੈ। ਉਨ੍ਹਾ ਦੱਸਿਆ ਕਿ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਸਾਰੇ ਪ੍ਰਾਈਵੇਟ, ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਦਸਵੀ ਜਮਾਤ ਤੱਕ ਪੰਜਾਬੀ ਵਿਸ਼ੇ ਦੀ ਪੜ੍ਹਾਈ ਲਾਜ਼ਮੀ ਹੈ ਅਤੇ ਪੰਜਾਬ ਰਾਜ ਦੇ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਵਿੱਚ ਦਫਤਰੀ ਕੰਮਕਾਜ ਵੀ ਪੰਜਾਬੀ ਵਿੱਚ ਕਰਨਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮੁੱਖ ਮੰਤਰੀ ਪੰਜਾਬ ਵੱਲੋਂ ਪੰਜਾਬ ਵਿੱਚ ਪਹਿਲੀ ਵਾਰ ਪੰਜਾਬ ਦੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਪ੍ਰਾਈਵੇਟ ਦੁਕਾਨਾਂ ਤੇ ਹਰ ਤਰ੍ਹਾਂ ਦੇ ਵਪਾਰਕ ਕਾਰੋਬਾਰੀਆਂ ਅਦਾਰਿਆਂ ਦੇ ਬੋਰਡਾਂ ਦੇ ਨਾਂਅ ਪੰਜਾਬੀ ਭਾਸ਼ਾ ਵਿੱਚ ਲਿਖਣੇ ਲਾਜ਼ਮੀ ਕਰ ਦਿੱਤੇ ਗਏ ਹਨ, ਜਿਸ ਲਈ ਪੰਜਾਬ ਸਰਕਾਰ ਵੱਲੋਂ 31 ਮਾਰਚ 2023 ਨੂੰ ਵਪਾਰਕ ਅਦਾਰਿਆਂ ਨਾਲ ਸਬੰਧਤ ਐਕਟ ਵਿੱਚ ਬਕਾਇਦਾ ਸੋਧ ਕਰਕੇ ਸਜ਼ਾ ਵੀ ਨਿਰਧਾਰਤ ਕਰ ਦਿੱਤੀ ਗਈ ਹੈ। ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਵਿਸਵ ਪੰਜਾਬੀ ਸਭਾ ਕਨੇਡਾ ਜਿਸ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਹਨ ਜੋ ਜੰਡਿਆਲਾ ਗੁਰੂ ਦੇ ਜੰਮਪਲ ਹਨ ਅਤੇ ਜਿੰਨਾਂ ਨੇ ਪੰਜਾਬੀ ਮਾਂ ਬੋਲੀ ਨੂੰ ਉਤਸ਼ਾਹਤ ਕਰਨ ਲਈ ਦੇਸ਼ ਵਿਦੇਸ਼ ਵਿੱਚ ਜਾ ਕੇ ਲੋਕਾਂ ਨੂੰ ਉਤਸ਼ਾਹਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਸਮੁੱਚੀ ਟੀਮ ਪ੍ਰਧਾਨ ਦਲਬੀਰ ਕੌਰ ਰਾਏਕੋਟੀ ਵੱਲੋਂ ਵੀ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਭਾਸ਼ਾ ਵਿਭਾਗ ਪੰਜਾਬ ਰਾਹੀਂ ਪੰਜਾਬੀ ਭਾਸ਼ਾ ਪ੍ਰਤੀ ਨੌਜਵਾਨ ਪੀੜ੍ਹੀ ਵਿੱਚ ਸਾਹਿਤਕ ਰੁਚੀਆਂ ਨੂੰ ਉਤਪੰਨ ਕਰਨ ਲਈ ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਬਾਲ ਗਿਆਨ ਅਤੇ ਪ੍ਰਸ਼ਨੋਤਰੀ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਇਸ ਮੌਕੇ ਵਿਸਵ ਪੰਜਾਬੀ ਸਭਾ ਕਨੇਡਾ ਵੱਲੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ:ਟੀ:ਓ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ ਮੰਡੀ ਸੂਬੇਦਾਰ ਛਨਾਖ ਸਿੰਘ, ਸਰਬਜੀਤ ਸਿੰਘ ਡਿੰਪੀ, ਸਤਿੰਦਰ ਸਿੰਘ, ਸੁਨੈਨਾ ਰੰਧਾਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜਜ਼ਰ ਸਨ।

29-Sep-PAGE-12.qxd 9/28/2023 10:49 PM Page 1



# ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਸਮਾਗਮ ਤਸਵੀਰਾਂ ਦੀ ਜ਼ੁਬਾਨੀ

ਤਸਵੀਰਾਂ : ਰਾਜੇਸ਼ ਥਾਪਾ











## ਸਮਾਜ ਭਲਾਈ ਮੋਰਚਾ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ


ਮੇਹਟੀਆਣਾ


ਹੁਸ਼ਿਆਰਪੁਰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਰੇਲਵੇ ਸਟੇਸ਼ਨ ਹੁਸ਼ਿਆਰਪੁਰ ਵਿਖੇ ਸਮਾਜ ਭਲਾਈ ਮੋਰਚਾ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ। ਸਭ ਤੋਂ ਪਹਿਲਾਂ ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਨੇ ਸ਼ਹੀਦ ਭਗਤ ਸਿੰਘ ਨੂੰ ਫੁੱਲ ਮਾਲਾ ਅਰਪਿਤ ਕਰਕੇ ਸ਼ਰਧਾਂਜਲੀ ਦਿੱਤੀ। ਫਿਰ ਅਲੀ ਮੌਲਾ ਸਰਕਾਰ ਗੱਦੀਨਸ਼ੀਨ ਬੇਨ੍ਹੀ ਬਾਬਾ ਪਿੰਡ ਹਰਮੋਇਆ ਨੇ ਸ਼ਰਧਾਂਜਲੀ ਅਰਪਿਤ ਕੀਤੀ। ਸਰੋਆ ਦੱਸਿਆ ਕਿ ਅੱਜ ਜੋ ਅਸੀਂ ਭਾਰਤ ਦੇਸ਼ ਦੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਲੱਖਾਂ ਯੋਧਿਆਂ ਨੇ ਇਸ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਇਹਨਾਂ ਵਿਚੋਂ ਸ਼ਹੀਦ ਭਗਤ ਸਿੰਘ ਵੀ ਇਕ ਸਨ। ਭਗਤ ਸਿੰਘ 19 ਸਾਲ ਦੀ ਉਮਰ ਵਿੱਚ ਹੀ ਦੇਸ਼ ਲਈ ਭਾਰਤ ਦੇਸ਼ ਲਈ ਹੱਸਦੇ-ਹੱਸਦੇ ਫਾਂਸੀ ਚੜ ਗਏ ਸਨ। ਉਹਨਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹਨਾਂ ਸ਼ਹੀਦਾਂ ਦੀ ਕੁਰਬਾਨੀ ਬਾਰੇ ਆਪਣੇ ਬੱਚਿਆਂ ਨੂੰ ਵੀ ਜ਼ਰੂਰ ਦੱਸਣਾ ਚਾਹੀਦਾ ਹੈ। ਇਸ ਮੌਕੇ ਅਲੀਸ਼ਾ ਮਲਿਕਾ, ਸੰਜੀਵ ਕੁਮਾਰ, ਜਸਵੀਰ ਕੌਰ, ਰਿਆ, ਪਰਮਜੀਤ, ਬੇਬੀ, ਕਰਮਜੀਤ, ਪਲਵਿੰਦਰ ਸਿੰਘ, ਕਮਲੇਸ਼ ਕੌਰ, ਸੰਤੋਖ ਸਿੰਘ, ਸੰਦੀਪ ਕੁਮਾਰ, ਕੇਵਲ ਸਿੰਘ, ਜਤਿੰਦਰ ਹੈਪੀ ਹਰਮੋਇਆ, ਰਮਨਪ੍ਰੀਤ, ਬੀਬੀ ਕਸ਼ਮੀਰ ਕੌਰ, ਅਵਤਾਰ ਸਿੰਘ, ਦਇਆ ਵੰਸ਼, ਸੋਨੀਆ, ਕੇਵਲ ਸੰਧੂ, ਕੇਹਰ ਸੰਧੂ, ਕੁਲਵਿੰਦਰ ਰਾਣੀ, ਰਵਿੰਦਰ ਕੌਰ, ਅਰਮਾਨ ਆਦਿ ਮੌਜੂਦ ਸਨ।

**ਹੁਸ਼ਿਆਰਪੁਰ, (ਓ ਪੀ ਰਾਣਾ )**-ਮੇਅਰ ਨਗਰ ਨਿਗਮ ਹੁਸ਼ਿਆਰਪੁਰ ਸੁਰਿੰਦਰ ਕੁਮਾਰ ਨੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ 116ਵੇਂ ਜਨਮ ਦਿਨ 'ਤੇ ਸ਼ਹੀਦ ਭਗਤ ਸਿੰਘ ਚੌਂਕ ਵਿਖੇ ਉਨ੍ਹਾਂ ਦੇ ਬੁੱਤ 'ਤੇ ਸ਼ਰਧਾਂਜ਼ਲੀ ਭੇਟ ਕੀਤੀ ਤੇ ਉਨ੍ਹਾਂ ਦੀ ਦੇਸ਼ ਲਈ ਦਿੱਤੀ ਕੁਰਬਾਨੀ ਨੂੰ ਵੀ ਯਾਦ ਕੀਤਾ ਗਿਆ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਇਨ੍ਹਾਂ ਸ਼ਹੀਦਾਂ ਤੋਂ ਪ੍ਰੇਰਣਾ ਲੈ ਕੇ ਦੇਸ਼ ਨੂੰ ਤਰੱਕੀ ਦੇ ਰਸਤੇ 'ਤੇ ਲੈ ਕੇ ਜਾਣ ਅਤੇ ਰਾਸ਼ਟਰ ਨੂੰ ਨਸ਼ਾ ਮੁਕਤ ਬਣਾਉਣ। ਇਸ ਦੌਰਾਨ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਲਤਾ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਰਾਜੇਸ਼ਵਰ ਦਿਆਲ ਬੱਬੀ, ਪ੍ਰੋਫੈਸਰ ਹਰਬੰਸ ਸਿੰਘ ਧਾਮੀ, ਚੇਅਰਮੈਨ ਕੋ-ਆਪਰੇਟਿਵ ਬੈਂਕ ਵਿਕਰਮ ਸ਼ਰਮਾ ਬੌਬੀ, ਮਿਊਂਸਪਲ ਕੌਂਸਲਰ ਪ੍ਰਦੀਪ ਕੁਮਾਰ ਬਿੱਟੂ, ਮਿਸ ਮਨਜੀਤ ਕੌਰ ਮਿਊਂਸਪਲ ਕੌਂਸਲਰ, ਕੁਲਵਿੰਦਰ ਸਿੰਘ ਹੁੰਦਲ, ਹਰਪਾਲ ਸਿੰਘ ਪਾਲਾ ਪੁਰਹੀਰਾਂ, ਐਡਵੋਕੇਟ ਅਮਰਜੋਤ, ਹੈਰੀ ਤੋਂ ਇਲਾਵਾ ਹੋਰ ਪਤਵੰਤਿਆਂ ਨੇ ਵੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾ ਨੂੰ ਫੁੱਲ ਅਰਪਿਤ ਕੀਤੇ।

## ਐੱਮ ਐੱਸ ਸਵਾਮੀਨਾਥਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਭਾਰਤ ਦੀ ਹਰੀ ਕ੍ਰਾਂਤੀ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਐਮ.ਐਸ. ਸਵਾਮੀਨਾਥਨ ਦਾ ਦੇਹਾਂਤ ਹੋ ਗਿਆ। ਉਹ 98 ਸਾਲ ਦੇ ਸਨ। ਸਵਾਮੀਨਾਥਨ ਨੇ ਝੋਨੇ ਦੀਆਂ ਉੱਚ-ਉਪਜ ਵਾਲੀਆਂ ਕਿਸਮਾਂ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਜਿਸ ਨੇ ਭਾਰਤ ਦੇ ਘੱਟ ਆਮਦਨ ਵਾਲੇ ਕਿਸਾਨਾਂ ਨੂੰ ਵੱਧ ਝਾੜ ਦੇਣ ਨੂੰ ਯਕੀਨੀ ਬਣਾਉਣ ਵਿੱਚ ਮਦਦ ਕੀਤੀ ਸੀ। ਖੇਤੀ ਉਪਜਾਂ ਦੇ ਮੁੱਲ ਨਿਰਧਾਰਤ ਕਰਨ ਵਾਸਤੇ ਇੱਕ ਵਿਸ਼ੇਸ਼ ਰਿਪੋਰਟ ਤਿਆਰ ਕੀਤੀ। ਜਿਸ ਵਿੱਚ ਉਹਨਾਂ ਸਿਫਾਰਸ ਕੀਤੀ ਕਿ ਅਤੇ ਆਪਣੀਆਂ ਸਿਫਾਰਸ਼ਾਂ ਵਿੱਚ ਸੁਝਾਅ ਦਿੱਤਾ ਕਿ ਘੱਟੋ-ਘੱਟ ਵਿਕਰੀ ਮੁੱਲ (ਐੱਮ. ਐੱਸ. ਪੀ.) ਉਤਪਾਦਨ ਦੀ ਔਸਤ ਲਾਗਤ ਤੋਂ ਘੱਟੋ-ਘੱਟ 50 ਫੀਸਦੀ ਜ਼ਿਆਦਾ ਹੋਣਾ ਚਾਹੀਦਾ ਹੈ। ਉਹਨਾਂ ਦੇ ਦੇਹਾਂਤ 'ਤੇ ਸੰਯੁਕਤ ਕਿਸਾਨ ਮੋਰਚਾ ਸੁਲਤਾਨਪੁਰ ਲੋਧੀ ਅਤੇ ਸਮੂਹ ਹਲਕੇ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਸਾਹਿਤ ਸਭਾ ਸੁਲਤਾਨਪੁਰ ਲੋਧੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਪੈਨਸ਼ਨਰ ਐਸੋਸੀਏਸ਼ਨ ਪੰਜਾਬ, ਕਿਰਤੀ ਕਿਸਾਨ ਯੂਨੀਅਨ, ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਆਦਿ ਤੋਂ ਇਲਾਵਾ ਰਛਪਾਲ ਸਿੰਘ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਐਡਵੋਕੇਟ ਸਤਨਾਮ ਸਿੰਘ ਮੋਮੀ, ਚਰਨ ਸਿੰਘ ਹੈਬਤਪੁਰ, ਮੁੰਕਦ ਸਿੰਘ ਸੈਦੋਭਲਾਣਾ , ਸਤਨਾਮ ਸਿੰਘ ਮੋਮੀ, ਚੇਅਰਮੈਨ ਜਸਪਾਲ ਸਿੰਘ ਧੰਜੂ, ਸਰਵਨ ਸਿੰਘ ਕਰਮਜੀਤ ਪੁਰ, ਨਰਿੰਦਰ ਸਿੰਘ ਸੋਨੀਆ, ਮੁਖਤਿਆਰ ਸਿੰਘ ਚੰਦੀ, ਵਰੁਣ ਸ਼ਰਮਾ, ਸੁਰਿੰਦਰ ਬੱਬੂ, ਲਖਵੀਰ ਸਿੰਘ ਲੱਖੀ, ਬਲਵਿੰਦਰ ਸਿੰਘ ਲਾਡੀ, ਚੰਦਰ ਮੜੀਆਂ, ਅਜੀਤ ਸਿੰਘ ਔਜਲਾ, ਦੇਸ ਰਾਜ, ਗੁਰਪ੍ਰੀਤ ਸਿੰਘ, ਰਘਬੀਰ ਸਿੰਘ ਮਹਿਰਵਾਲਾ, ਬਲਵਿੰਦਰ ਸਿੰਘ ਭੁੱਲਰ, ਨਿਰਮਲ ਸਿੰਘ ਸੇਰਪੁਰ ਸੱਥਾ, ਹਰਵੰਤ ਸਿੰਘ ਵੜੈਚ, ਅਮਰਜੀਤ ਸਿੰਘ ਟਿੱਬਾ, ਸੁੱਚਾ ਸਿੰਘ ਮਿਰਜਾ ਪੁਰ, ਧਰਮਿੰਦਰ ਸਿੰਘ ਬੀਕੇਯੂ ਡਕੌਂਦਾ, ਤਰਸੇਮ ਸਿੰਘ, ਮੁਖਤਿਆਰ ਸਿੰਘ ਖਿੰਡਾਂ, ਸਰਵਨ ਸਿੰਘ ਭੌਰ, ਮਹਿੰਗਾ ਸਿੰਘ, ਸੁਰਜੀਤ ਸਿੰਘ ਠੱਟਾ, ਜਸਵੰਤ ਸਿੰਘ ਕਰਮਜੀਤ ਪੁਰ, ਸੁਖਵਿੰਦਰ ਸਿੰਘ ਸ਼ਹਿਰੀ, ਕਮੀਰ ਸਿੰਘ, ਅਮਰਜੀਤ ਸਿੰਘ, ਕਾਮਰੇਡ ਬਲਦੇਵ ਸਿੰਘ , ਜਸਵਿੰਦਰ ਸਿੰਘ ਟਿੱਬਾ, ਬਲਵਿੰਦਰ ਸਿੰਘ ਧਾਲੀਵਾਲ,ਸੁਰਜੀਤ ਸਿੰਘ ਟਿੱਬਾ, ਲਖਵਿੰਦਰ ਸਿੰਘ ਰਣਧੀਰ ਪੁਰ, ਨਰਵਿੰਦਰ ਕੌਰ, ਹਰਜਿੰਦਰ ਸਿੰਘ, ਸੁਖਦੇਵ ਸਿੰਘ, ਰਵਿੰਦਰ ਸਿੰਘ, ਜਗਜੀਤ ਸਿੰਘ, ਪਿਆਰਾ ਸਿੰਘ, ਮੰਗਲ ਸਿੰਘ ਰਵਿੰਦਰ ਸਿੰਘ ਸਰਪੰਚ ਅਮਰਕੋਟ, ਸੰਤਾਂ ਸਿੰਘ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

## ਨਵੋਦਿਆ ਵਿਦਿਆਲਿਆ ਵਿਖੇ ਆਰਟ-ਇਨ-ਐਜੂਕੇਸ਼ਨ ਵਰਕਸ਼ਾਪ ਸੰਪੰਨ

**ਹੁਸ਼ਿਆਰਪੁਰ (ਓ ਪੀ ਰਾਣਾ)**

ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਖੇ ਨਵੋਦਿਆ ਵਿਦਿਆਲਿਆ ਸੰਮਤੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਆਰਟ-ਇਨ-ਐਜੂਕੇਸ਼ਨ ਦੀ ਇਕ ਮਹੀਨੇ ਦੀ ਵਰਕਸ਼ਾਪ ਜੀ-20 ਦਾ ਸਮਾਪਨ ਸਮਾਰੋਹ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਸ਼੍ਰੀਮਤੀ ਰੰਜੂ ਦੁਗਲ, ਸੀਨੀਅਰ ਮੋਸਟ ਟੀਚਰ ਸੰਜੀਵ ਕੁਮਾਰ, ਨਾਟਕ ਨਿਰਦੇਸ਼ਕ ਅਤੇ ਰੰਗ-ਕਰਮੀ ਅਸ਼ੋਕ ਪੁਰੀ ਨੇ ਕੀਤੀ। ਇਸ ਸਮਾਪਨ ਸਮਾਰੋਹ ਦਾ ਸੰਚਾਲਨ ਵਿਦਿਆਰਥੀ ਸ਼ਿਵਾ ਜੱਗੀ ਅਤੇ ਅਵਨੀਤ ਕੌਰ ਨੇ ਕੀਤਾ। ਸੁਧੈਵ ਕੁਟੰਬਕੰਮ ਵਰਕਸ਼ਾਪ ਵਿੱਚ ਜੀ-20 ਦੇ ਸਾਰੇ ਵਿਸ਼ਿਆਂ ਨੂੰ ਬਾਖੂਬੀ ਨਿਭਾਇਆ ਗਿਆ ਹੈ। ਸਮਾਪਨ ਸਮਾਰੋਹ ਵਿੱਚ ਵਿਰਾਸਤ ਭਾਰਤੀ ਡਾਂਸ ਹਰਸ਼ਦੀਪ ਕੌਰ ਅਤੇ ਗੁਰਲੀਨ ਕੌਰ ਨੇ ਕੀਤਾ। ਇਸ ਮੌਕੇ ਤੇ ਵਸੁਧੈਵ ਕੁਟੰਬਕੰਮ ਅਤੇ ਜੀ-20 ਉਪਰ ਵੰਦਤਿਕਾ ਅਤੇ ਭਾਵਿਤ ਪਠਾਨੀਆ ਨੇ ਸੰਖੇਪ ਭਾਸ਼ਨ ਵਿੱਚ ਭਰਪੂਰ ਜਾਣਕਾਰੀ ਦਿੱਤੀ। ਇਸ ਮੌਕੇ ਤੇ ਅਸ਼ੋਕ ਪੁਰੀ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ ਵਾਸੂਧੈਵ ਕੁਟੰਬਕੰਮ ਨਾਟਕ ਵਿੱਚ ਨਾਟਕਕਾਰ ਨੇ ਭਾਰਤੀ ਵਿਰਾਸਤ, ਵਾਤਾਵਰਣ ਦੀ ਸੰਭਾਲ ਅਤੇ ਸ਼ੁੱਧ ਖਾਣ-ਪੀਣ ਨੂੰ ਬਾਖੂਬੀ ਨਿਭਾਇਆ ਹੈ। ਇਸ ਨਾਟਕ ਨੂੰ ਦੇਖਦੇ ਹੋਏ ਸਵਾਮੀ ਵਿਵੇਕਾਨੰਦ ਅਤੇ ਭਾਰਤੀ ਪਰੰਪਰਾ ਨਾਲ ਸਮੁੱਚੀ ਮਾਨਵਤਾ ਦੇ ਕਲਿਆਣ ਦੀ ਕਾਮਨਾ ਕੀਤੀ ਗਈ ਹੈ। ਇਸ ਵਰਕਸ਼ਾਪ ਵਿੱਚ ਯੁਵਰਾਜ ਸਿੰਘ ਅਤੇ ਹਰੀਸ਼ ਨੇ ਗੁਰੂ ਦੀ ਭੂਮਿਕਾ ਖੁਸ਼ਪ੍ਰੀਤ ਅਕਸ਼ਰਾ, ਸ਼ਾਲੂ ਅਤੇ ਵਿਕਾਸ ਨੇ ਸੂਤਰਧਾਰ ਦੇ ਨਾਲ ਭਵਿਤ ਪਠਾਨੀਆ, ਆਨੰਦ ਸ਼ਰਮਾ, ਪਲਵੀ ਮਹੈ, ਖੁਸ਼ਬੂ ਅਤੇ ਰਾਧਿਕਾ ਨੇ ਪਹਿਲੇ ਆਦਮੀ ਤੋਂ ਪੰਜਵੇਂ ਆਦਮੀ ਤੱਕ ਦੇ ਕਿਰਦਾਰ ਬਾਖੂਬੀ ਨਿਭਾਏ। ਇਸ ਵਰਕਸ਼ਾਪ ਦੇ ਸਹਾਇਕ ਨਿਰਦੇਸ਼ਕ ਗੁਰਵਿੰਦਰ ਸਿੰਘ ਅਤੇ ਅਮ੍ਰਿਤ ਲਾਲ ਸਨ ਜਿਨਾਂ ਦੀ ਮੇਹਨਤ ਨਾਲ ਸਮਾਪਨ ਪ੍ਰੋਗਰਾਮ ਸਫਲਤਾ ਪੂਰਵਕ ਹੋਇਆ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਰੰਜੂ ਦੁਗਲ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਚਰਿੱਤਰ ਨਿਰਮਾਣ, ਦੇਸ਼ ਭਗਤੀ ਅਤੇ ਆਪਣੇ ਪੁਰਾਤਨ ਸੱਭਿਆਚਾਰ ਨੂੰ ਜਾਨਣ ਦਾ ਸੁਨਹਿਰੀ ਮੌਕਾ ਮਿਲਿਆ ਹੈ। ਇਸ ਮੌਕੇ 'ਤੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ , ਪ੍ਰਿੰਸੀਪਲ ਰੰਜੂ ਦੁੱਗਲ, ਸੀਨੀਅਰ ਮੋਸਟ ਟੀਚਰ ਸੰਜੀਵ ਕੁਮਾਰ, ਟੀਚਰ ਇੰਚਾਰਜ ਭਾਰਤ ਜਸਰੋਟੀਆ, ਗੁਰਵਿੰਦਰ ਸਿੰਘ, ਅਮ੍ਰਿਤ ਲਾਲ ਅਤੇ ਅਸ਼ੋਕ ਪੁਰੀ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।



## ਸਮਾਜ ਸੇਵੀ ਅਜੀਤਪਾਲ ਸਿੰਘ ਨੇ ਭਨਾਮ ਦੇ ਹੜ੍ਹ ਪੀੜਤ ਪਰਵਾਰ ਦਾ ਬਣਾਇਆ ਘਰ

**ਭਲਾਣ (ਢਿੱਲੋ)**

ਬੀਤੀ 15 ਅਗਸਤ ਨੂੰ ਸਤਲੁਜ ਦਰਿਆ ਵਿੱਚ ਭਾਖੜਾ ਵੱਲੋਂ ਛੱਡੇ ਗਏ ਭਾਰੀ ਪਾਣੀ ਤੋਂ ਬਾਅਦ ਦੌਲਾ ਬਸਤੀ ਭਨਾਮ ਵਿੱਚ ਹੜੀਆਂ ਝੁੱਗੀਆਂ ਦੇ ਪੁਨਰ ਵਸੇਵੇ ਦਾ ਕੰਮ ਜੋਰਾਂ 'ਤੇ ਚੱਲ ਰਿਹਾ ਹੈ। ਜਿਸ ਦੇ ਤਹਿਤ ਇੱਕ ਪੀੜਤ ਪਰਵਾਰ ਨੂੰ ਹੜ ਚੁੱਕੀ ਝੁੱਗੀ ਦੀ ਜਗ੍ਹਾ ਨਵੇਂ ਘਰ ਦਾ ਲੈਂਟਰ ਪਾ ਦਿੱਤਾ ਗਿਆ ਹੈ। ਬਾਬਾ ਅਜੀਤਪਾਲ ਵੱਲੋਂ ਕਾਰ ਸੇਵਾ ਦੇ ਤਹਿਤ ਇੱਥੇ 7 ਝੁੱਗੀਆਂ ਦੀ ਜਗ੍ਹਾ 7 ਘਰਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਜਿਨਾਂ ਵਿੱਚ ਇੱਕ ਕਮਰਾ ਤੇ ਇੱਕ ਰਸੋਈ ਬਣਾਈ ਜਾ ਰਹੀ ਹੈ। ਉਨਾਂ ਕਿਹਾ ਕਿ ਜਲਦ ਹੀ ਦੂਜੇ ਫੇਸ ਵਿੱਚ ਦੋ ਪੀੜਿਤ ਪਰਵਾਰਾਂ ਲਈ ਵੀ ਘਰ ਬਣਾ ਕੇ ਦਿੱਤੇ ਜਾਣਗੇ। ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਤੇ ਉਨਾਂ ਦੇ ਸਾਥੀਆਂ ਨੇ ਕਿਹਾ ਕਿ ਇਲਾਕਾ ਵਾਸੀਆਂ ਨੂੰ ਇਸ ਵੇਲੇ ਅਜੀਤ ਪਾਲ ਸਿੰਘ ਦਾ ਵੱਧ ਚੜ ਕੇ ਸਾਥ ਦੇਣਾ ਚਾਹੀਦਾ ਹੈ ਕਿਉਂਕਿ ਇਸ ਵੇਲੇ ਪੰਜਾਬ ਵਿੱਚ ਹੜ ਪੀੜਿਤ ਲੋਕ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹੋ ਕੇ ਸਿਰਫ ਕਾਰ ਸੇਵਾ ਤੇ ਸਮਾਜ ਸੇਵੀਆ ਤੋਂ ਹੀ ਆਸ ਲਗਾਈ ਬੈਠੇ ਹਨ। ਇਸ ਮੌਕੇ ਉਨਾਂ ਦੇ ਨਾਲ ਯਾਦਵਿੰਦਰ ਸਿੰਘ, ਪਰਮਜੀਤ ਸਿੰਘ ਮੁਕਾਰੀ, ਹਰਪ੍ਰੀਤ ਸਿੰਘ ਕਾਲਾ ਮੁਸਾਪੁਰੀਆ, ਰਣਜੀਤ ਸਿੰਘ ਆਦਿ ਅਤੇ ਪਿੰਡ ਵਾਸੀ ਹਾਜਰ ਸਨ।



## ਰਕੇਸ਼ ਮਹਾਜਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਹੁਸ਼ਿਆਰਪੁਰ, (ਬਲਵੀਰ ਸੈਣੀ, ਓ ਪੀ ਰਾਣਾ)**- ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਇੰਦਰਜੀਤ ਵਿਰਦੀ, ਜਨਰਲ ਸਕੱਤਰ ਦੀਪਾਂਜਲੀ ਭੱਟੀ ਅਤੇ ਵਿੱਤ ਸਕੱਤਰ ਇੰਦਰਪ੍ਰੀਤ ਸਿੰਘ ਨੇ ਇੱਕ ਸਾਂਝੇ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਜ਼ਿਲ੍ਹਾ ਪਠਾਨਕੋਟ ਦੇ ਸਕੱਤਰ ਅਤੇ ਸੂਬਾ ਕਾਰਜਕਾਰਨੀ ਮੈਂਬਰ ਸਾਥੀ ਰਕੇਸ਼ ਮਹਾਜਨ ਦੀ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਦੀ ਕਾਮਨਾ ਕੀਤੀ ਜਾਂਦੀ ਹੈ। ਜੱਥੇਬੰਦੀ ਦੇ ਸੂਬਾ ਆਗੂ ਬਲਰਾਜ ਸਿੰਘ ਨੇ ਕਿਹਾ ਕਿ ਸਾਥੀ ਮਹਾਜਨ ਦੀ ਮੌਤ ਨਾਲ ਜੱਥੇਬੰਦੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜੱਥੇਬੰਦੀ ਉਹਨਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਕਾਮਨਾ ਕਰਦੀ ਹੈ। ਜੱਥੇਬੰਦੀ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਬਲਵਿੰਦਰ ਸਿੰਘ ਨੇ ਕਿਹਾ ਕਿ ਮਿਤੀ 1 ਅਕਤੂਬਰ ਨੂੰ ਸਾਥੀ ਰਕੇਸ਼ ਮਜਾਨ ਦੀ ਪਠਾਨਕੋਟ ਵਿਖੇ ਹੋ ਰਹੀ ਅੰਤਿਮ ਅਰਦਾਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਾਥੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਵੀ ਪਹੁੰਚਣਗੇ। ਇਸ ਮੌਕੇ ਜੱਥੇਬੰਦੀ ਦੇ ਆਗੂ ਜਤਿੰਦਰਪਾਲ ਗੋਲਡੀ, ਅੰਮ੍ਰਿਤਪਾਲ ਸਿੰਘ, ਵਰਿੰਦਰ ਸਿੰਘ, ਬਲਕਾਰ ਚੰਦ, ਓ.ਪੀ. ਸਿੰਘ, ਪ੍ਰਭਜੋਤ ਕੌਰ, ਅਜੀਤ ਸਿੰਘ, ਮਨਜੀਤ ਸਿੰਘ, ਪਰਮਿੰਦਰ ਸਿੰਘ, ਸੱਤਪਾਲ ਲੱਠ, ਗੋਪਾਲ ਮਲਹੋਤਰਾ ਆਦਿ ਵੀ ਹਾਜਰ ਸਨ।

## ਕਲਾ ਉਤਸਵ ਮੁਕਾਬਲੇ 'ਚ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਸੁਲਤਾਨਪੁਰ ਲੋਧੀ, (ਹਨੀ)**

ਜ਼ਿਲ੍ਹਾ ਪੱਧਰੀ ਕਲਾ ਉਤਸਵ 2023 ਮੁਕਾਬਲਿਆਂ ਵਿੱਚ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਸਕੂਲ ਦੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਇਸ ਕਲਾ ਉਤਸਵ ਮੁਕਾਬਲੇ ਦੀ ਮੇਜਬਾਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਂਜਲੀ ਕਪੂਰਥਲਾ ਨੇ ਕੀਤੀ। ਜਿਸ ਵਿੱਚ ਸ਼੍ਰੀ ਗੁਰੂ ਹਰਿਕਿਸਨ ਪਬਲਿਕ ਸਕੂਲ ਦੀ ਬਾਰਵੀਂ ਜਮਾਤ ਦੀ ਵਿਦਿਆਰਥਣ ਜੈਸਿਕਾ ਨੇ ਕਲਾਸੀਕਲ ਵੋਕਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਤੀਸਰੇ ਸਥਾਨ ਉੱਤੇ ਕਬਜਾ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਹੋਣਹਾਰ ਵਿਦਿਆਰਥਣ ਜੈਸਿਕਾ ਅਤੇ ਸਟਾਫ਼ ਮੈਂਬਰਾਂ ਨੂੰ ਇਸ ਸ਼ਾਨਦਾਰ ਪ੍ਰਦਰਸਨ ਲਈ ਵਧਾਈ ਦਿੱਤੀ।





## ਮਿਰਜ਼ਾਪੁਰ ਦੇ ਸਰਕਾਰੀ ਮਿਡਲ ਸਕੂਲ ਵਿਖੇ ਅੰਮ੍ਰਿਤ ਮਹਾਂ-ਉਤਸਵ ਮਨਾਇਆ

**ਅੱਡਾ ਸਰਾਂ (ਜਸਵੀਰ ਕਾਜਲ)**

ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੰਮ੍ਰਿਤ ਮਹਾ ਉਤਸਵ ਦੇ ਅੰਤਰਗਤ "ਮੇਰੀ ਮਿੱਟੀ ਮੇਰਾ ਦੇਸ" ਨਾਲ ਸੰਬੰਧਿਤ ਗਤੀਵਿਧੀ "ਪ੍ਰਭਾਤ ਫੇਰੀ" ਕਰਵਾਈ ਗਈ। ਜਿਸ ਵਿੱਚ ਸਰਕਾਰੀ ਮਿਡਲ ਸਕੂਲ ਦੇ ਅਧਿਆਪਕ ਅਤੇ ਇੰਚਾਰਜ ਦੀ ਪ੍ਰਧਾਨਗੀ ਵਿੱਚ ਸਰਕਾਰੀ ਮਿਡਲ ਸਕੂਲ ਮਿਰਜਾਪੁਰ ਦੇ ਵਿਦਿਆਰਥੀਆਂ ਦੁਆਰਾ ਰੈਲੀ ਕੱਢੀ ਗਈ ਤੇ ਕੁਰਬਾਨੀ ਨੂੰ ਯਾਦ ਕਰਦੇ ਹੋਏ ਵਿਦਿਆਰਥੀਆਂ ਨੇ ਸ਼ਰਧਾਂਜਲੀ ਦਿੱਤੀ ਅਤੇ ਜੈ ਜਵਾਨ ਦੇ ਨਾਅਰੇ ਲਗਾਏ ਗਏ। ਇਸ ਦੌਰਾਨ ਵਿਦਿਆਰਥੀਆਂ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਉਨਾਂ ਨੂੰ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਵਧੀਆ ਢੰਗ ਨਾਲ ਪੜ੍ਹਾਈ ਕਰਨ ਨੂੰ ਕਿਹਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸ੍ਰੀਮਤੀ ਹਰਜਿੰਦਰ ਕੌਰ ,ਸ੍ਰੀਮਤੀ ਬਲਜੀਤ ਕੌਰ ,ਸ੍ਰੀਮਤੀ ਮਨਵਿੰਦਰਜੀਤ ਕੌਰ ਅਤੇ ਮੈਡਮ ਇੰਦਰਪ੍ਰੀਤ ਕੌਰ , ਸਰਕਾਰੀ ਐਲੀਮੈਂਟਰੀ ਸਕੂਲ ਦੇ ਹੈੱਡਮਾਸਟਰ ਨਿਰਮਲ ਸਿੰਘ ਅਤੇ ਪਿੰਡ ਵਾਸੀ ਮੌਜੂਦ ਸਨ।